# ਸੇਧ

ਅਗਸਤ 1981 (ਜਿਲਦ 10 ਨੰਬਰ 8)

**August 1981**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਹਰਨੇਕ ਧਾਲੀਵਾਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

# 8

# ਸੇਧ

"ਚੁਪੇੜ ਕਿਸੇ ਦੇ ਮੂੰਹ 'ਤੇ ਵੱਜੇ,
ਪੀੜ ਸਾਡੀ ਗੱਲ੍ਹ 'ਤੇ ਹੋਣੀ
ਚਾਹੀਦੀ ਹੈ ।" —ਚੀ ਗਵੇਰਾ

**SEDH**
**August, 1981**
**Vol. 10, No. 8**
**Price : Rs 2.00**

ਪੋਸਟ ਆਫ਼ਿਸ
ਟਾਈਮ ਡਿਪਾਜ਼ਟ ਵਿੱਚ

ਹੁਣ ਵਿਆਜ ਦੀਆਂ ਵਾਧੂ ਦਰਾਂ
ਇਹ ਲੋਕਪ੍ਰਿਅ ਬਚਤ ਯੋਜਨਾ ਤੁਹਾਨੂੰ
ਹੁਣ ਜ਼ਿਆਦਾ ਆਕਰਸ਼ਤ ਕਰੇਗੀ

ਪੋਸਟ ਆਫ਼ਿਸ ਟਾਈਮ ਡਿਪਾਜ਼ਟ (ਪੀ. ਓ. ਟੀ. ਡੀ. ਦੇ ਨਾਂ ਨਾਲ ਜਾਣੀ ਜਾਣ ਵਾਲੀ) ਵਿਚ ਹੁਣ ਪਹਿਲਾਂ ਤੋਂ ਜ਼ਿਆਦਾ ਰਿਟਰਨਾਂ।

2 ਮਾਰਚ, 1981 ਤੋਂ ਲਾਗੂ ਸੰਸ਼ੋਧਤ ਦਰਾਂ ਤੇ ਨਜ਼ਰ ਪਾਈਏ ਅਤੇ ਵੇਖੀਏ ਕਿ ਕੀ ਉਹ ਲਾਜਵਾਬ ਨਹੀਂ ?

| | | |
|---|---|---|
| 1 ਸਾਲਾ — 8.5% | | ਵਿਆਜ ਛਿਮਾਹੀ ਆਧਾਰ 'ਤੇ |
| 2 ਸਾਲਾ — 9.5% | | ਜੋੜ ਕੇ ਸਾਲਾਨਾ ਦਿਤਾ ਜਾਂਦਾ |
| 3 ਸਾਲਾ — 10.5% | | ਹੈ। |

ਸਭ ਤੋਂ ਵਧੀਆ ਸਕੀਮ ਵਿਚ ਆਪਣਾ ਪੈਸਾ ਲਗਾਓ

ਹੋਰ ਜਾਣਕਾਰੀ ਲਈ ਕ੍ਰਿਪਾ ਕਰ ਕੇ ਸੰਪਰਕ ਕਰੋ :

* ਕੋਈ ਵੀ ਡਾਕਘਰ
* ਅਧਿਕ੍ਰਿਤ ਏਜੰਟ
* ਜ਼ਿਲਾ ਬਚਤ ਅਧਿਕਾਰੀ ਰਾਹੀਂ ਕੁਲੈਕਟੋਰੇਟ
* ਛੋਟੀ ਬਚਤ ਦਾ ਨਿਦੇਸ਼ਾਲਾ (ਰਾਜ ਸਰਕਾਰ)
* ਰਾਸ਼ਟਰੀ ਬਚਤ ਸੰਸਥਾ ਦਾ ਖੇਤਰੀ ਦਫ਼ਤਰ (ਭਾਰਤ ਸਰਕਾਰ)

ਜਾਂ ਲਿਖੋ :
ਰਾਸ਼ਟਰੀ ਬਚਤ ਸੰਸਥਾ,
12, ਸੈਮਿਨਰੀ ਹਿੱਲਜ਼
ਨਾਗਪੁਰ-440006.

ਡੀਏਵੀਪੀ 81/4



## ਵਿਚਾਰਧਾਰਕ ਜਦੋ-ਜਹਿਦ ਵਿਚ ਸਾਹਿਤਕਾਰ ਦਾ ਰੋਲ

ਕਿਸ਼ਨ ਸਿੰਘ

ਕਲਾ ਤੇ ਸਾਹਿਤ ਕਲਚਰ ਦਾ ਅਹਿਮ, ਜਿਗਰੀ ਅੰਗ ਹਨ। ਇਕ ਤਰ੍ਹਾਂ ਨਾਲ ਉਸ ਦੇ ਉਸ-ਰੱਈਏ, ਉਸ ਦੇ ਰਹਿਬਰ ਹਨ। ਇਹ ਸਮਾਜ ਦੀ ਚਲਦੀ ਡਾਇਲੈਕਟਿਕ, ਉਸ ਦੀ ਤੋਰ ਦੇ ਪੈਦਾ ਕੀਤੇ ਰਾਹਾਂ ਨੂੰ ਢੂੰਡਦੇ ਹਨ। ਢੂੰਡ ਕੇ ਉਹਨਾਂ ਨੂੰ ਪ੍ਰਤਖ ਕਰਦੇ ਹਨ। ਉਹਨਾਂ ਨੂੰ ਲੋਕਾਂ ਦੀ ਹੱਡਬੀਤੀ ਬਣਾਉਂਦੇ ਹਨ। ਅਣਡਿਠਿਆਂ, ਅਣਸੁਣਿਆਂ ਨੂੰ ਡਿਠੇ ਤੇ ਸੁਣੇ ਬਣਾਉਂਦੇ ਹਨ। ਉਹਨਾਂ ਬਾਬਤ ਲੋਕਾਂ ਦਾ ਅਹਿਸਾਸ ਜਗਾਉਂਦੇ ਹਨ। ਕਪਾਟ ਖੋਲ੍ਹਦੇ ਹਨ। ਇਹਨਾਂ ਨੂੰ ਕੋਈ ਜਮਾਤ ਵੀ, ਕੋਈ ਜਮਾਤੀ ਪੈਂਤੜਾ ਵੀ ਨਜ਼ਰ-ਅੰਦਾਜ਼ ਨਹੀਂ ਕਰ ਸਕਦਾ। ਨਹੀਂ ਕਰਦਾ। ਹਰ ਜਮਾਤੀ ਪੈਂਤੜਾ ਇਹਨਾਂ ਨੂੰ ਵਿਚਾਰਧਾਰਕ ਸੰਦ ਬਣਾ ਕੇ ਆਪਣੇ ਹੱਕੀ ਸਮਾਜਕ ਮਨੁਖੀ ਕਦਰਾਂ-ਕੀਮਤਾਂ ਗ੍ਰਹਿਣ ਕਰਾਉਣ ਵਾਸਤੇ, ਆਪਣੇ ਹੱਕੀ ਕਲਚਰ ਪੈਦਾ ਕਰਨ ਵਾਸਤੇ, ਆਪਣੇ ਹੱਕ ਦੀ ਲੋਕ-ਰਾਏ ਪੈਦਾ ਕਰਨ ਵਾਸਤੇ, ਆਪਣੇ ਲਈ ਤਾਕਤ ਬਣਾਉਣ ਵਾਸਤੇ ਵਰਤਦਾ ਹੈ। ਇਹ ਬੰਦੇ ਦੀ ਪੂਰਨ ਸ਼ਖਸੀਅਤ ਨੂੰ ਮੁਖਾਤਬ ਹੁੰਦੇ ਹਨ। ਦਿਲ ਦਿਮਾਗ਼ ਦੋਹਾਂ 'ਤੇ ਅਸਰ ਕਰਦੇ ਹਨ। ਇਹ ਕਲਪਨਾ ਦੀ ਪੱਧਰ 'ਤੇ ਪਾਠਕ/ਦਰਸ਼ਕ ਦੇ ਜਜ਼ਬੇ ਦੀ ਆਪਣੀ ਰਾਹੇ ਰੀਹਰਸਲ ਕਰਾਉਂਦੇ ਹਨ। ਦਿਲ ਦਿਮਾਗ਼ ਵਿਚ ਚੰਗੇ ਮਾੜੇ ਦੀ ਤਮੀਜ਼ ਗ੍ਰਹਿਣ ਕਰਾਉਂਦੇ ਹਨ। ਸਮਾਜਕ ਮਨੁਖੀ ਕਦਰਾਂ-ਕੀਮਤਾਂ ਦਾ ਛਾਨਣਾ ਛਾਣਦੇ ਹਨ। ਦੁਧੋਂ ਪਾਣੀ ਅੱਡ ਕਰਦੇ ਹਨ।

ਕਲਾ ਤੇ ਸਾਹਿਤ ਦਾ ਵਿਚਾਰਧਾਰਕ, ਵਿਦਿਅਕ ਰੋਲ ਬਹੁਤ ਅਹਿਮ ਹੈ ਅਤੇ ਪਰੋਲਤਾਰੀ ਦਾ ਪੈਂਤੜਾ ਇਸ ਦੀ ਬਾਬਤ ਕੋਈ ਸ਼ੱਕ ਨਹੀਂ ਰਹਿਣ ਦੇਂਦਾ। ਇਹ ਪ੍ਰਚਾਰ ਨਹੀਂ ਹਨ। ਇਹਨਾਂ ਦਾ ਮੁਹਾਵਰਾ, ਬੋਲੀ, ਦਿਮਾਗੀ ਖਿਆਲ ਅਮੂਰਤ (abstract) ਖਿਆਲ ਨਹੀਂ, ਹਾਲਾਤ ਦੇ ਪ੍ਰਸੰਗ ਵਿਚ ਮਨੁਖੀ ਚਿੱਤਰ ਹਨ। ਇਹ ਹਾਲਾਤ ਦੇ ਪ੍ਰਸੰਗ ਵਿਚ ਜਜ਼ਬੇ ਦੀ. ਮਨੁਖੀ ਖਾਸੀਅਤਾਂ ਦੀ, ਮਨੁਖੀ ਅਮਲ ਦੀ ਬੋਲੀ ਬੋਲਦੇ ਹਨ। ਇਹਨਾਂ ਦਾ ਸੱਚ ਸਾਇੰਸ ਦਾ, ਸਾਇੰਸੀ ਤੱਥ ਦਾ ਸੱਚ ਨਹੀਂ; ਇਹ ਜਜ਼ਬੇ ਦਾ ਸੱਚ ਹੈ। ਹਾਲਾਤ ਦੇ ਪ੍ਰਸੰਗ ਵਿਚ ਇਹ ਪੂਰਨ ਮਨੁਖੀ ਸ਼ਖਸੀਅਤ ਨੂੰ ਸਟੇਜ 'ਤੇ ਲਿਆਉਂਦੇ ਹਨ। ਇਹ ਵਾਕਈ ਦਰਸ਼ਕ ਦਾ ਜਜ਼ਬਾ ਜਗਾਉਂਦੇ ਹਨ। ਉਸ ਦੇ ਮਨ ਵਿਚ ਮੂਡ (mood) ਪੈਦਾ ਕਰਦੇ ਹਨ। ਸਿਆਸਤ, ਸਿਆਸੀ ਪ੍ਰਚਾਰ ਕਲਾ ਨਹੀਂ ਅਤੇ ਨਾ ਹੀ ਨਜ਼ਰੀਏ ਨੂੰ, ਫਿਲਾਸਫੀ ਦੇ ਲੈਕਚਰ ਨੂੰ ਬੋਲੀ ਦਾ ਜਾਮਾ ਪਹਿਨਾਇਆਂ ਸਾਹਿਤ ਬਣਦਾ ਹੈ। ਸਾਹਿਤ ਤੇ ਕਲਾ ਮਨੁਖੀ ਚਿੱਤਰ ਦੀ

ਬੋਲੋ ਬੋਲਿਆਂ ਹੀ ਬਣਦੇ ਹਨ। ਸਿਆਸੀ ਤੌਰ 'ਤੇ ਕਿੰਨੀਆਂ ਵੀ ਸਹੀ ਹੋਣ, ਪਰ ਜੇ ਸਾਹਿਤਕ ਆਦਿ ਰਚਨਾਵਾਂ ਰੂਪਕ ਤੌਰ 'ਤੇ ਨਾਕਸ ਹੋਣ, ਕਲਾਤਮਕ ਤੌਰ 'ਤੇ ਨਿਰਸ ਹੋਣ ਤਾਂ ਉਹਨਾਂ ਵਿਚ ਜਾਨ ਨਹੀਂ ਹੋਵੇਗੀ।[1] ਸਾਹਿਤ ਤੇ ਕਲਾ ਦਾ ਪਰੋਲਤਾਰੀ ਦੇ ਪੈਂਤੜੇ ਦੇ ਹੋਣ ਦਾ ਅਰਥ, ਸਿਆਸੀ ਤੌਰ 'ਤੇ ਸਹੀ ਹੋਣ ਦਾ ਅਰਥ, ਇਹ ਨਹੀਂ ਕਿ ਉਹ ਰੂਪਕ ਪੱਖ ਤੋਂ, ਕਲਾਤਮਕ ਪੱਖੋਂ ਊਣੇ ਹੋਣ।

ਕਲਾ ਤੇ ਸਾਹਿਤ ਦਾ ਸੋਮਾਂ, ਉਸ ਦਾ ਮਜ਼ਮੂਨ, ਉਸ ਦੀ ਵਸਤੂ ਬੰਦੇ ਦੀ ਤਕਦੀਰ, ਉਸ ਦੀ ਸਮਾਜ ਵਿਚ ਜ਼ਿੰਦਗੀ, ਸਮਾਜਕ ਜ਼ਿੰਦਗੀ ਹੈ। ਸਾਹਿਤ ਦੀ ਰਚਨਾ ਵਾਸਤੇ ਸਮਾਜ ਵਿਚ ਲੋਕਾਂ ਦੀ ਜ਼ਿੰਦਗੀ ਅਮੁਕ ਖਜ਼ਾਨਾ ਹੈ। ਸਵਾਲ ਹੈ ਉਸਨੂੰ ਸਮਝਣ ਦਾ, ਤੇ ਮਨੁਖੀ ਚਿਤਰ ਦੀ ਬੋਲੀ ਵਿਚ ਪੇਸ਼ ਕਰਨ ਦਾ, ਅਤੇ ਇਸ ਪੇਸ਼ਗੀ ਰਾਹੀਂ ਸਮਾਜ ਦੀ ਤੁਰਦੀ ਤੋਰ ਨੂੰ ਕਲਚਰਲ ਅਗਵਾਈ ਦੇਣ ਦਾ। ਪਰੋਲਤਾਰੀ ਦੇ ਪੈਂਤੜੇ ਲਈ ਸਭ ਕਾਸੇ ਨੂੰ ਸਮਝਣ ਦਾ ਇਕ ਹੀ ਸੰਦ ਹੈ ਤੇ ਉਹ ਸੰਦ ਹੈ—ਮਾਰਕਸਵਾਦ, ਮਾਰਕਸਵਾਦੀ ਤਰੀਕਾ। ਸੋ ਪਰੋਲਤਾਰੀ ਦੇ ਪੈਂਤੜੇ ਵਾਲੇ ਸਾਹਿਤਕਾਰਾਂ ਵਾਸਤੇ ਪੜ੍ਹਨ ਨੂੰ, ਸਮਝਣ ਨੂੰ ਦੋ ਮਜ਼ਮੂਨ ਹਨ—ਮਾਰਕਸਵਾਦ ਤੇ ਸਮਾਜ। ਸੁਮੇਤ ਬੰਦੇ ਦੇ ਸੁਮੇਤ ਸਮਾਜ ਦੇ, ਮਾਰਕਸਵਾਦ ਦੇ ਮੁਤਾਬਕ ਸਭ ਕਾਸੇ ਦੀ ਬਣਤਰ, ਉਸ ਦਾ ਅਸਲਾ ਆਧਾਰਤ ਹੈ—ਉਸ ਦੇ ਅੰਦਰਲੇ ਵਿਰੋਧ 'ਤੇ, ਉਸ ਦੇ ਅੰਦਰਲੇ ਵਿਰੋਧੀਆਂ ਦੀ ਏਕਤਾ 'ਤੇ, ਬੁਨਿਆਦੀ ਵਿਰੋਧ 'ਤੇ, ਉਸ ਵਿਰੋਧ ਦੇ ਭਾਰੂ ਅੰਗ, ਭਾਰੂ ਪਹਿਲੂ 'ਤੇ। ਉਸ ਦੇ ਅੰਦਰ ਚਲਦੀ ਡਾਇਲੈਕਟਿਕ 'ਤੇ, ਉਸ ਡਾਇਲੈਕਟਿਕ ਦੇ ਭਾਰੂ ਪਹਿਲੂ 'ਤੇ। ਸਮਾਜ ਨੂੰ ਸਮਝਣ ਦਾ ਅਰਥ ਹੈ ਉਸ ਦੇ ਅੰਦਰਲੀ ਡਾਇਲੈਕਟਿਕ ਦੀ ਸਮਝ ਤੇ ਉਸ ਦੇ ਸਮਾਜਕ ਮਨੁਖੀ ਸਿੱਟੇ।

ਜਮਾਤੀ ਸਮਾਜ ਵਿਚ, ਸਮਾਜ ਵਿਚਲੇ ਵਿਰੋਧੀਆਂ ਦੀ ਏਕਤਾ ਦਾ, ਸਮਾਜ ਦੀ ਡਾਇਲੈਕਟਿਕ ਤੋਰ ਦਾ ਇਜ਼ਹਾਰ ਹੈ—ਸਮਾਜ ਦੀ ਜਮਾਤੀ ਬਣਤਰ ਵਿਚ, ਜਮਾਤੀ ਸਮਾਜ ਵਿਚ ਸਦਾ ਚਲ ਰਹੀ ਜਮਾਤੀ ਜਦੋ-ਜਹਿਦ ਵਿਚ। ਸਮਾਜ ਵਿਚ ਵਸਦੇ ਬੰਦੇ, ਜਿਸ ਤਰ੍ਹਾਂ ਉਹ ਸੋਚਦੇ ਤੇ ਮਹਿਸੂਸ ਕਰਦੇ ਹਨ, ਸਮਾਜ ਵਿਚਲੀਆਂ ਸਭ ਜਮਾਤਾਂ, ਉਹਨਾਂ ਦੇ ਆਪਸ ਵਿਚ ਰਿਸ਼ਤੇ, ਉਹਨਾਂ ਦੇ ਆਪੋ ਆਪਣੇ ਖਾਸ ਹਾਲਾਤ, ਉਹਨਾਂ ਦੀ ਨੁਹਾਰ, ਉਹਨਾਂ ਦੀ ਮਨੋਵਿਗਿਆਨਕ ਬਣਤਰ, ਉਹਨਾਂ ਦੀਆਂ ਆਸਾਂ, ਉਮੀਦਾਂ, ਸਧਰਾਂ, ਮਾਯੂਸੀਆਂ, ਉਹਨਾਂ ਦੇ ਦੁਖ ਸੁਖ...ਸਭ ਕੁਝ, ਸਮਾਜ ਦੀ ਡਾਇਲੈਕਟਿਕ ਦੀ, ਉਸ ਵਿਚ ਚਲਦੀ ਜਮਾਤੀ ਜਦੋ-ਜਹਿਦ ਦੀ ਪੈਦਾਵਾਰ ਹੁੰਦੇ ਹਨ। ਸਮਾਜ ਨੂੰ ਸਮਝਣ ਦਾ ਅਰਥ ਹੈ ਸਮਾਜ ਦੇ ਬੁਨਿਆਦੀ (Fundamental) ਵਿਰੋਧ ਨੂੰ ਸਮਝਣਾ। ਸਰਮਾਏਦਾਰੀ ਸਮਾਜ ਵਿਚ, ਅਤੇ ਸਮਾਜਵਾਦੀ ਇਨਕਲਾਬ ਆਇਆਂ ਵੀ, ਸਾਰੇ ਸਮਾਜਵਾਦੀ ਦੌਰ ਵਿਚ, ਕਮਿਊਨਿਸਟ ਸਮਾਜ ਦੀ ਸਥਾਪਤੀ ਤਕ ਸਮਾਜ ਵਿਚ ਬੁਨਿਆਦੀ ਵਿਰੋਧ ਹੈ—ਬੁਰਜੂਆ ਤੇ ਪਰੋਲਤਾਰੀ ਦੇ ਪੈਂਤੜਿਆਂ ਦੇ ਦਰਮਿਆਨ। ਇਸ ਵਿਰੋਧ ਨੂੰ ਸਮਝਣ ਤੋਂ ਅੱਗੇ ਸਮਝਣਾ ਹੈ ਕਿ ਇਸ ਦੇ ਪ੍ਰਸੰਗ ਵਿਚ, ਸਮਾਜ ਦੀ ਸਮਕਾਲੀ ਸਥਿਤੀ ਵਿਚ ਮੁਖੀ ਵਿਰੋਧ ਕੀ ਹੈ। ਇਹ ਮੁਮਕਿਨ ਹੈ ਕਿ ਬੁਨਿਆਦੀ ਵਿਰੋਧ ਹੀ ਮੁਖੀ ਵਿਰੋਧ ਹੋਵੇ। ਪਰ ਇਹ ਕੋਈ ਲਾਜ਼ਮੀ ਨਹੀਂ। ਬੁਨਿਆਦੀ ਵਿਰੋਧ ਦੇ ਪ੍ਰਸੰਗ ਵਿਚ ਮੁਖੀ ਵਿਰੋਧ ਹੋਰ ਵੀ ਹੋ ਸਕਦੇ ਹਨ ਅਤੇ ਹੁੰਦੇ ਹਨ। ਅਤੇ ਮੁਖੀ ਵਿਰੋਧ ਨੇ ਆਮ ਤੌਰ 'ਤੇ ਭਖਦੇ ਮਸਲੇ ਦੀ ਸ਼ਕਲ ਅਖਤਿਆਰ ਕੀਤੀ ਹੋਈ ਹੁੰਦੀ ਹੈ, ਜਿਸ ਦੀ ਬਾਬਤ ਸਮਾਜ ਅਵੇਸਲਾ ਹੋ ਹੀ ਨਹੀਂ ਸਕਦਾ, ਜਿਸ ਨੂੰ ਪਾਸਾ ਦੇ ਕੇ ਲੰਘ ਹੀ ਨਹੀਂ ਸਕਦਾ। ਮਿਸਾਲ ਦੇ ਤੌਰ 'ਤੇ ਮੁਲਕ 'ਤੇ ਹਮਲਾ ਹੋ ਜਾਵੇ ਜਾਂ ਮੁਲਕ ਦੇ ਦੋ ਇਲਾਕੇ ਆਪਸ ਵਿਚ ਆਮ੍ਹੋ ਸਾਹਮਣੇ ਹੋ ਖੜ੍ਹਣ...। ਉਸ ਹਾਲਤ ਵਿਚ ਬੁਨਿਆਦੀ ਵਿਰੋਧ ਦੇ ਪ੍ਰਸੰਗ ਵਿਚ ਮੁਖੀ ਵਿਰੋਧ ਖੜਾ ਹੋਇਆ ਇਹ ਮਸਲਾ ਹੋ ਜਾਵੇਗਾ। ਹਰ ਹਾਲਤ ਵਿਚ



ਸਮਾਜ ਦੀ ਡਾਇਲੈਕਟਿਕ ਨੂੰ ਸਮਝਣ ਦਾ ਅਰਥ ਕੀ ਹੈ? ਅਰਥ ਹੈ ਸੰਸਾਰ ਦੀ ਡਾਇਲੈਕਟਿਕ ਦੇ ਪ੍ਰਸੰਗ ਵਿਚ ਮੁਲਕ ਵਿਚਲੀ ਜਮਾਤੀ ਜਦੋ-ਜਹਿਦ, ਉਸਦੀ ਪੇਚੀਦਗੀ ਤੇ ਉਸਦੀ ਬਦਲਦੀ ਕਰਵਟ ਨੂੰ ਤੇ ਉਸਦੇ ਸਮਾਜਕ ਮਨੁਖੀ ਸਿੱਟਿਆਂ ਨੂੰ ਸਮਝਣਾ।

ਸਮਾਜ ਵਿਚ, ਜ਼ਿੰਦਗੀ ਵਿਚ, ਵਾਪਰ ਰਹੀ ਨੂੰ ਸਮਝਣ ਦਾ ਸਭ ਨਾਲੋਂ ਵਧੀਆ ਤਰੀਕਾ ਤਾਂ ਇਹ ਹੈ ਕਿ ਉਹ ਤੁਹਾਡੀ ਆਪਣੀ ਹੱਡਬੀਤੀ ਬਣੇ, ਅਤੇ ਜੇ ਸਿੱਧੀ ਹੱਡਬੀਤੀ ਨਹੀਂ ਵੀ ਬਣ ਸਕਦੀ ਤਾਂ ਵੀ ਜਿਸ ਹੱਦ ਤਕ ਉਸ ਨਾਲ ਨੇੜ ਤੋਂ ਨੇੜ ਹੋ ਸਕਦਾ ਹੈ ਹੋਵੇ, ਅਤੇ ਤੁਸੀਂ ਉਸ ਨੂੰ ਮਾਰਕਸਵਾਦੀ ਸਮਝ ਨਾਲ ਅਰਕ ਸਕੋ, ਪਰਖ ਸਕੋ। ਸੋ ਪਰੋਲਤਾਰੀ ਦੇ ਪੈਂਤੜੇ ਵਾਲੇ ਸਾਹਿਤਕਾਰਾਂ ਵਾਸਤੇ ਰਾਹ ਸਪਸ਼ਟ ਹੈ। ਉਹਨਾਂ ਦੀ ਦੁਨੀਆਂ ਹੀ ਵਰਕਰ, ਡੰਗੋ ਡੰਗ ਜੀਊਂਦੇ ਕਿਸਾਨ, ਲੋਕ, ਮੁਲਖੱਈਆ ਹੈ। ਉਹ ਉਸ ਵਿਚ ਵਿਚਰਨ। ਇਹਨਾਂ ਲੋਕਾਂ ਨੂੰ ਆਪਣਾ ਸੰਗੀ ਸਾਥੀ ਬਣਾਉਣ। ਆਪਣੀ ਜ਼ਿੰਦਗੀ ਵਾਸਤੇ, ਆਪਣੇ ਨਿਰਬਾਹ ਵਾਸਤੇ, ਆਪਣੀ ਆਜ਼ਾਦੀ ਵਾਸਤੇ ਜੋ ਜਦੋ-ਜਹਿਦ ਉਹ ਕਰ ਰਹੇ ਹਨ ਉਸ ਦਾ ਅੰਗ ਪੱਖ ਉਹਨਾਂ ਨੂੰ ਲੱਗੇ, ਉਸਦੀ ਹਵਾ ਉਹ ਖਾਣ, ਉਸ ਹਵਾ ਦੇ ਉਹ ਹੋ ਕੇ ਰਹਿਣ ਅਤੇ ਉਸ ਜਦੋ-ਜਹਿਦ ਦੇ ਪੱਖੋਂ ਸਭ ਕਿਸਮ ਦੇ ਬੰਦਿਆ ਨੂੰ, ਵੱਖ ਵੱਖ ਜਮਾਤਾਂ ਨੂੰ, ਜ਼ਿੰਦਗੀ ਤੇ ਜਦੋ-ਜਹਿਦ ਦੇ ਉਘੜ ਰਹੇ ਪੈਟਰਨਾਂ ਨੂੰ ਨੇੜਿਉਂ ਹੋ ਕੇ ਦੇਖਣ, ਉਹਨਾਂ ਦਾ ਅਨੁਭਵ ਕਰਨ, ਉਹਨਾਂ ਨੂੰ ਵਾਚਣ, ਉਹਨਾਂ ਨੂੰ ਸਮਝਣ, ਉਹਨਾਂ ਦਾ ਮਾਰਕਸਵਾਦੀ ਵਿਸ਼ਲੇਸ਼ਨ ਕਰਨ, ਸਰਬਤ ਦੀ ਆਜ਼ਾਦੀ ਦੇ ਨੁਕਤੇ ਤੋਂ ਉਹਨਾਂ ਦੀ ਮੁਕਾਬਲਤਨ ਅਹਿਮੀਅਤ ਸਮਝਣ। ਇਸ ਵੇਗ ਵਿਚੋਂ ਇਨਕਲਾਬੀ ਸਾਹਿਤ ਦੀ ਰਚਨਾ ਵਾਸਤੇ, ਪਰੋਲਤਾਰੀ ਦੇ ਪੈਂਤੜੇ ਦੇ ਹਿਤੀ ਸਾਹਿਤ ਨੂੰ ਰਚਣ ਵਾਸਤੇ ਉਹਨਾਂ ਨੂੰ ਅਮੁਕ ਸੀਧਾ ਮਿਲੇਗਾ।

ਸੀਧੇ ਦਾ ਮਤਲਬ ਉਸਦੀ ਪਰੋਸਣੀ ਵੀ ਹੈ। ਸਾਹਿਤਕਾਰ/ਕਲਾਕਾਰ ਨੂੰ, ਆਪਣੇ ਆਪ ਨੂੰ ਭਾਵੇਂ ਪਤਾ ਹੋਵੇ ਤੇ ਭਾਵੇਂ ਨਾ, ਜਮਾਤੀ ਸਮਾਜ ਵਿਚ ਸਾਹਿਤ/ਕਲਾ ਦਾ ਹਮੇਸ਼ਾਂ ਪੈਂਤੜਾ ਜਮਾਤੀ ਹੁੰਦਾ ਹੈ। ਸਮਾਜ ਦੀਆਂ ਵਿਰੋਧੀ ਜਮਾਤਾਂ ਵਿਚੋਂ ਕਿਸੇ ਜਮਾਤ ਦੇ ਵਿਰੋਧੀ ਤੇ ਕਿਸੇ ਦੇ ਹਕੀ। ਸਾਹਿਤ ਦਾ ਅਸਲਾ, ਉਸਦਾ ਰੋਲ ਹੀ ਚੂੰਕਿ ਵਿਚਾਰਧਾਰਕ, ਵਿਦਿਅਕ ਹੈ, ਜਮਾਤੀ ਸਮਾਜ ਵਿਚ ਉਸਦਾ ਜਮਾਤੀ ਟੇੜ੍ਹ ਹੋਣਾ ਲਾਜ਼ਮੀ ਹੈ। ਸਾਹਿਤ/ਕਲਾ ਦਾ ਜਮਾਤੀ ਪੈਂਤੜਾ ਤਾਂ ਲਾਜ਼ਮੀ ਹੈ ਹੀ; ਫਰਕ ਸਿਰਫ ਐਨਾ ਹੈ ਕਿ ਪਰੋਲਤਾਰੀ ਦੇ ਪੈਂਤੜੇ ਵਾਲੇ ਇਹ ਗੱਲ ਉਘੜ ਕੇ ਕਹਿੰਦੇ ਹਨ, ਖੁਲ੍ਹ ਮਖੁਲ੍ਹਾ ਇਸ ਨੂੰ ਆਪਣੀ ਰਚਨਾ ਦਾ ਆਧਾਰ ਬਣਾਉਂਦੇ ਹਨ ਅਤੇ ਹਾਕਮ ਜਮਾਤਾਂ ਇਸ ਤੱਥ 'ਤੇ ਪਰਦਾ ਪਾਉਂਦੀਆਂ ਹਨ। ਸਪਸ਼ਟ ਕਾਰਨਾਂ ਕਰਕੇ ਉਹ ਆਪਣੀ ਕਰਨੀ, ਆਪਣੀ ਕਰਤੂਤ ਨੂੰ ਢੱਕੀ ਰਖਣਾ ਚਾਹੁੰਦੀਆਂ ਹਨ।

ਸਾਹਿਤ ਦੇ ਜਮਾਤੀ ਪੈਂਤੜੇ ਦੇ ਹੋਣ ਦਾ ਅਰਥ ਕੀ ਹੈ? ਅਰਥ ਹੈ, ਸਮਾਜ ਦੀ ਡਾਇਲੈਕਟਿਕ ਨੂੰ, ਉਸਦੀ ਤੋਰ ਨੂੰ, ਸਮਾਜਕ ਮਨੁਖੀ ਅਸਲੀਅਤ ਨੂੰ, ਪੇਸ਼ ਮਸਲਿਆਂ ਨੂੰ ਉਸ ਜਮਾਤ ਦੇ ਪੈਂਤੜੇ ਤੋਂ, ਉਸ ਜਮਾਤ ਦੇ ਹਿੱਤ ਦੇ ਨੁਕਤੇ ਤੋਂ ਵੇਖਣਾ, ਪੇਸ਼ ਕਰਨਾ। ਮਨੁਖੀ ਚਿੱਤਰ ਦੀ ਬੋਲੀ ਰਾਹੀਂ, ਉਸ ਜਮਾਤ ਦੇ ਨਜ਼ਰੀਏ ਦੀ, ਉਸ ਜਮਾਤ ਦੇ ਜਜ਼ਬੇ ਦੀ ਰੀਹਰਸਲ ਕਰਵਾਉਣਾ। ਇਸਦੇ ਵਾਸਤੇ ਲਾਜ਼ਮੀ ਹੈ ਕਿ ਸਾਹਿਤਕਾਰ ਦੇ ਦਿਲ ਦੀ ਤਾਰ ਆਪਣੀ ਜਮਾਤ ਦੇ ਹਿਤੀ ਵੱਜੇ। ਜੇ ਸਾਡਾ ਚੇਤਾ ਉਕਦਾ ਨਹੀਂ. ਚੀ ਗਵੇਰਾ ਨੇ ਕਿਹਾ ਸੀ ਕਿ ਚੁਪੇੜ ਕਿਸੇ ਦੇ ਮੂੰਹ 'ਤੇ ਵੱਜੇ ਪੀੜ ਸਾਡੀ ਗੱਲ੍ਹ 'ਤੇ ਹੋਣੀ ਚਾਹੀਦੀ ਹੈ। ਇਹ ਹੈ ਮਾਰਕਸਵਾਦ ਦਾ ਅਸਲਾ। ਪਰੋਲਤਾਰੀ ਦੇ ਪੈਂਤੜੇ ਦੇ ਸਾਹਿਤਕਾਰ ਦਾ ਲੋਕਾਂ ਨਾਲ, ਮੁਲਖੱਈਏ ਨਾਲ ਰਿਸ਼ਤਾ 'ਤੈਨੂੰ ਤਾਪ ਚੜ੍ਹੇ ਮੈਂ ਹੂੰਗਾਂ' ਵਾਲਾ

ਹੁੰਦਾ ਹੈ । ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ ਸਮਾਜਕ ਮਨੁਖੀ ਅਸਲੀਅਤ ਕਿਸ ਤਰ੍ਹਾਂ ਪੇਸ਼ ਹੈ— ਇਹ ਫਰੀਦ, ਵਾਰਸਸ਼ਾਹ ਤੇ ਗੁਰਬਾਣੀ ਤੋਂ ਸਪਸ਼ਟ ਹੈ ।

ਪਰੋਲਤਾਰੀ ਦੇ ਪੈਂਤੜੇ ਵਾਲੇ ਸਾਹਿਤਕਾਰ ਦਾ ਮਜ਼ਮੂਨ ਲੋਕ ਹੀ ਨਹੀਂ, ਉਹ ਮੁਖਾਤਬ ਵੀ ਲੋਕਾਂ ਨੂੰ ਹੀ ਹੁੰਦਾ ਹੈ । ਇਸ ਵਾਸਤੇ ਐਸੇ ਸਾਹਿਤਕਾਰ ਵਾਸਤੇ ਲਾਜ਼ਮੀ ਹੈ ਕਿ ਉਹ ਲੋਕਾਂ ਦੀ ਰਗ ਰਗ ਨੂੰ ਪਛਾਣੇ । ਸੱਚ ਭਾਵੇਂ ਸਿਆਸਤ ਦਾ ਹੋਵੇ, ਭਾਵੇਂ ਸਾਹਿਤ ਦਾ, ਪੈਦਾ ਉਹ ਸਮਾਜਕ ਵੇਗ ਵਿਚੋਂ, ਲੋਕਾਂ ਦੇ ਅਮਲ ਵਿਚੋਂ ਹੀ ਹੁੰਦਾ ਹੈ । "ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ।" ਗੁਰੂ ਨਾਨਕ (722) ਸਵਾਲ ਇਹ ਹੈ ਕਿ ਪਰੋਲਤਾਰੀ ਦੇ ਪੈਂਤੜੇ ਦਾ ਸੱਚ, ਸਰਬਤ ਦੀ ਆਜ਼ਾਦੀ ਦਾ ਸੱਚ ਸਮਾਜਕ ਵੇਗ ਦੀ ਕਿਸ ਦਸ਼ਾ ਵਿਚੋਂ ਪੈਦਾ ਹੁੰਦਾ ਹੈ । ਜਿੰਨਾ ਚਿਰ ਲੋਕ ਆਪਣਾ ਦੁਖ ਸਿਰਫ ਮਹਿਸੂਸ ਹੀ ਕਰਦੇ ਹਨ, ਆਪਣੇ ਦੁਖ ਦੇ ਰੋਣੇ ਹੀ ਰੋਂਦੇ ਹਨ, ਉਨਾ ਚਿਰ ਉਹ ਆਪਣੀ ਆਜ਼ਾਦੀ ਦਾ, ਸਰਬਤ ਦੀ ਆਜ਼ਾਦੀ ਦਾ ਸੱਚ ਪੈਦਾ ਨਹੀਂ ਕਰ ਸਕਦੇ । ਜਿਹੜਾ ਸਾਹਿਤਕਾਰ ਮੁਲਖਈਏ ਨੂੰ ਸਿਰਫ ਦੁਖੀ ਹੀ ਦੇਖਦਾ ਹੈ ਲੋਕਾਂ ਨੂੰ ਬਤੌਰ ਦੁਖੀਏ ਹੀ ਮਹਿਸੂਸ ਕਰਦਾ ਹੈ ਉਹ ਪਰੋਲਤਾਰੀ ਦੇ ਪੈਂਤੜੇ ਤੋਂ ਅਜੇ ਕੋਹਾਂ ਦੂਰ ਹੈ ।

ਮੁਲਖਈਆ ਆਪਣੀ ਆਜ਼ਾਦੀ ਦਾ, ਸਰਬਤ ਦੀ ਆਜ਼ਾਦੀ ਦਾ ਸੱਚ ਉਦੋਂ ਪੈਦਾ ਕਰਦਾ ਹੈ ਜਦੋਂ ਉਹ ਆਪਣੇ ਦੁਖ ਨੂੰ ਨਵਿਰਤ ਕਰਨ ਦੇ ਰਾਹੇ ਪੈਂਦਾ ਹੈ, ਜਦੋਂ ਉਹ ਆਪਣੇ ਦੁਖ ਦੇ ਕਾਰਨਾਂ ਦੇ ਵਿਰੁਧ ਜਦੋ-ਜਹਿਦ ਕਰਦਾ ਹੈ, ਉਹਨਾਂ ਦੇ ਵਿਰੁਧ ਸਿਰਧੜ ਦੀ ਲਾਉਂਦਾ ਹੈ, ਜਦੋਂ ਉਹ ਹਾਲਾਤ ਦਾ ਸਿਰਜਿਆ ਸਿਰਜੀਦਾ ਹੀ ਨਹੀਂ ਜਾਂਦਾ, ਜਦੋਂ ਉਹ ਕਮਰ-ਕੱਸਾ ਕਰ ਕੇ, ਹਾਲਾਤ ਦੇ ਪ੍ਰਸੰਗ ਵਿਚ ਹੁੰਦਾ ਹੋਇਆ, ਹਾਲਾਤ ਨੂੰ, ਸਮਾਜ ਦੀ ਸਥਿਤੀ ਨੂੰ ਆਪਣੇ ਹਿਤੀ ਸਿਰਜਣ ਦੇ, ਬਦਲਣ ਦੇ ਰਾਹੇ ਪੈਂਦਾ ਹੈ, ਜਦੋਂ ਉਹ ਹਾਲਾਤ ਅੱਗੇ **object** ਹੀ ਨਹੀਂ ਰਹਿੰਦਾ, ਉਹਨਾਂ ਦਾ ਕਰਤਾ ਹੋ ਖੜੋਂਦਾ ਹੈ, ਜਦੋਂ ਉਹ ਸਮਾਜਕ ਤੋਰ ਦੀ ਨਕੇਲ ਆਪਣੇ ਹੱਥ ਵਿਚ ਲੈਣ ਵਾਸਤੇ ਜੂਝਦਾ ਹੈ, ਜਦੋਂ ਉਹ ਜ਼ਿੰਦਗੀ ਦੇ ਨਾਇਕ ਹੋਣ ਦਾ ਦਾਹਵਾ ਕਰਦਾ ਹੈ ਅਤੇ ਖਿੜੇ ਮੱਥੇ ਉਸਦੀ ਕੀਮਤ ਤਾਰਦਾ ਹੈ ।

ਪਰੋਲਤਾਰੀ ਦੇ ਪੈਂਤੜੇ ਦੇ ਸਾਹਿਤਕਾਰ ਦਾ, ਆਪਣੇ ਦੁਖ ਨੂੰ ਨਵਿਰਤ ਕਰਨ ਵਾਸਤੇ ਜਦੋ-ਜਹਿਦ ਕਰਦੇ ਮੁਲਖਈਏ ਨਾਲ, ਆਪਣੀ ਆਜ਼ਾਦੀ ਵਾਸਤੇ ਜੂਝਦੇ ਲੋਕਾਂ ਨਾਲ ਰਿਸ਼ਤਾ ਕੀ ਹੈ? ਉਹ ਹੀ ਜੋ ਉਹਨਾਂ ਨਾਲ ਪਰੋਲਤਾਰੀ ਦੇ ਪੈਂਤੜੇ ਦੇ ਸਿਆਸਤਦਾਨ ਦਾ ਹੈ । ਜਿਸ ਤਰ੍ਹਾਂ ਪਰੋਲਤਾਰੀ ਦੇ ਪੈਂਤੜੇ ਦਾ ਸਿਆਸਤਦਾਨ ਪਹਿਲਾਂ, ਆਪਣੀ ਆਜ਼ਾਦੀ ਵਾਸਤੇ ਜਦੋ-ਜਹਿਦ ਕਰਦੇ ਲੋਕਾਂ ਅੱਗੇ ਪੜ੍ਹਨੇ ਪੈਂਦਾ ਹੈ, ਉਹਨਾਂ ਕੋਲੋਂ, ਉਹਨਾਂ ਦੇ ਅਮਲ ਤੋਂ ਸਿਖਦਾ ਹੈ, ਉਹਨਾਂ ਦੇ ਅਮਲ ਤੋਂ ਹੋਏ ਅਨੁਭਵ ਵਿਚੋਂ ਸਹੀ ਰਾਹ ਨੂੰ, ਸਹੀ ਖਿਆਲਾਂ ਨੂੰ ਚੁਣਦਾ ਹੈ, ਉਹਨਾਂ ਨੂੰ ਕੇਂਦਰਤ ਕਰਦਾ ਹੈ, ਉਹਨਾਂ ਤੋਂ ਸਿਧਾਂਤ ਬਣਾਉਂਦਾ ਹੈ, ਸਿਆਸੀ ਲਾਈਨ ਉਲੀਕਦਾ ਹੈ, ਉਸ ਉਲੀਕੀ ਲਾਈਨ ਉਤੇ ਲੋਕਾਂ ਦੇ ਅਮਲ ਦੀ, ਜਦੋ-ਜਹਿਦ ਦੀ ਅਗਵਾਈ ਕਰਦਾ ਹੈ... ਏਸੇ ਤਰ੍ਹਾਂ ਹੀ ਪਰੋਲਤਾਰੀ ਦੇ ਪੈਂਤੜੇ ਦਾ ਸਾਹਿਤਕਾਰ ਆਪਣੀ ਆਜ਼ਾਦੀ ਵਾਸਤੇ ਜੂਝਦੇ ਲੋਕਾਂ ਦੇ ਅਨੁਭਵ ਨੂੰ ਮੁਖਾਤਬ ਹੁੰਦਾ ਹੈ, ਉਹਨਾਂ ਦੇ ਅਨੁਭਵ ਵਿਚੋਂ ਖਰੇ ਨੂੰ ਖੋਟੇ ਨਾਲੋਂ ਨਿਖੇੜਦਾ ਹੈ, ਖਰੇ ਨੂੰ ਲੈਂਦਾ ਹੈ । ਅਤੇ ਲੋਕਾਂ ਦੇ ਦਿਲਾਂ ਦਿਮਾਗਾਂ ਵਿਚ ਪਰੋਲਤਾਰੀ ਦੇ ਪੈਂਤੜੇ ਦੇ ਜਜ਼ਬੇ ਦੀ, ਕਲਚਰ ਦੀ ਸਹੀ ਲੀਹਾਂ 'ਤੇ ਅਗੋਂ ਉਸਾਰੀ ਵਾਸਤੇ, ਉਸ ਖਰੇ ਅਨੁਭਵ ਦਾ ਪ੍ਰਤੀਨਿਧ ਮਨੁਖੀ ਚਿੱਤਰ ਬਣਾ ਕੇ ਉਹਨਾਂ ਦੇ ਹਵਾਲੇ ਕਰਦਾ ਹੈ । ਜੇ ਸਿਆਸੀ ਬੋਲੀ ਵਰਤਣੀ ਹੋਵੇ, ਤਾਂ ਪਰੋਲਤਾਰੀ ਦੇ ਪੈਂਤੜੇ ਦੇ ਸਾਹਿਤਕਾਰ ਦਾ ਤੇ ਆਪਣੀ



ਆਜ਼ਾਦੀ ਵਾਸਤੇ ਜਦੋ-ਜਹਿਦ ਕਰਦੇ ਲੋਕਾਂ ਦਾ ਆਪਸੀ ਰਿਸ਼ਤਾ ਜਮਹੂਰੀ ਕੇਂਦਰਵਾਦ ਦਾ ਹੀ ਹੈ ।

ਜੁਧ ਜਿਤੇ ਇਨਹੀ ਕੇ ਪ੍ਰਸਾਦਿ, ਇਨਹੀ ਕੀ ਪ੍ਰਸਾਦਿ ਸੁ ਦਾਨ ਕਰੇ ।
ਅਘ ਓਘ ਟਰੇ ਇਨਹੀ ਕੇ ਪ੍ਰਸਾਦਿ, ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ ।
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ, ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ ।
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀਂ ਮੋ ਸੋ ਗ਼ਰੀਬ ਕ੍ਰੋਰ ਪਰੇ । ਗੁਰੂ ਗੁਬਿੰਦ ਸਿੰਘ

ਮੁਹਾਜ਼ ਕੋਈ ਵੀ ਹੋਵੇ, ਹਰ ਮੁਹਾਜ਼ 'ਤੇ ਪਰੋਲਤਾਰੀ ਦੇ ਪੈਂਤੜੇ ਦੇ ਆਗੂ ਦਾ, ਆਪਣੀ ਆਜ਼ਾਦੀ ਵਾਸਤੇ ਜਦੋ-ਜਹਿਦ ਕਰਦੇ ਲੋਕਾਂ ਨਾਲ ਰਿਸ਼ਤਾ ਇੱਕੋ ਹੀ ਕਿਸਮ ਦਾ ਹੁੰਦਾ ਹੈ । ਲੋਕਾਂ ਕੋਲੋਂ, ਉਹਨਾਂ ਦੇ ਅਮਲ ਤੋਂ, ਉਹਨਾਂ ਦੇ ਅਨੁਭਵ ਤੋਂ ਪਹਿਲਾਂ ਸਿਖ ਕੇ ਹੀ ਉਹ ਮੁੜਵੀਂ ਪੈਰੀਂ ਉਹਨਾਂ ਨੂੰ ਸਿਖਾਉਂਦਾ, ਉਹਨਾਂ ਦੀ ਅਗਵਾਈ ਕਰਦਾ ਹੈ । ਲੋਕਾਂ ਨਾਲੋਂ ਵਿਜੋਗਿਆ ਹੋਇਆ, ਉਹਨਾਂ ਦੇ ਅਮਲ ਤੇ ਅਨੁਭਵ ਨਾਲੋਂ ਟੁਟਿਆ ਹੋਇਆ ਜੀਵ ਪਰੋਲਤਾਰੀ ਦੇ ਪੈਂਤੜੇ ਦੇ ਕਿਸੇ ਮੁਹਾਜ਼ ਦਾ ਵੀ ਲੀਡਰ ਨਹੀਂ ਹੋ ਸਕਦਾ ।

ਜਿੰਨਾ ਚਿਰ ਤੇ ਜਿਸ ਹੱਦ ਤਕ ਸਮਾਜ ਦੀ ਇਤਿਹਾਸਕ ਉਸਾਰੀ ਦੇ ਕਾਨੂੰਨ ਦਾ ਦਿਤਾ ਕਿਸੇ ਜਮਾਤ ਦਾ ਰੋਲ ਉਸਾਰੂ ਹੁੰਦਾ ਹੈ, ਉਨਾਂ ਚਿਰ ਤੇ ਉਸ ਹੱਦ ਤਕ ਹੀ ਉਹ ਸੱਚ ਸਿਰਜ ਸਕਦੀ ਹੈ, ਸੱਚ, ਕਹਿ ਸਕਦੀ ਹੈ, ਸੱਚ ਪੇਸ਼ ਕਰ ਸਕਦੀ ਹੈ, ਸੱਚ 'ਤੇ ਪਹਿਰਾ ਦੇ ਸਕਦੀ ਹੈ । ਜਦੋਂ ਕਿਸੇ ਜਮਾਤ ਦਾ ਇਤਿਹਾਸਕ ਰੋਲ, ਉਸਾਰੂ ਰੋਲ ਖਤਮ ਹੋ ਜਾਂਦਾ ਹੈ, ਉਹ ਕੂੜ ਹੀ ਕਮਾਉਂਦੀ ਹੈ, ਕੂੜ ਹੀ ਸਿਰਜਦੀ ਹੈ ਅਤੇ ਕੂੜ ਹੀ ਪੇਸ਼ ਕਰਦੀ ਹੈ । ਅੱਜ ਬੁਰਜੁਆਜ਼ੀ ਦਾ, ਬੁਰਜੁਆ ਪੈਂਤੜੇ ਦਾ ਉਸਾਰੂ ਰੋਲ ਖਤਮ ਹੋ ਚੁਕਾ ਹੈ । ਸਰਮਾਏਦਾਰੀ ਆਪਣੇ ਢਹਿਣ ਦੇ ਵੇਗ ਵਿਚ ਹੈ । ਉਸਦੇ ਪੱਲੇ ਸੱਚ ਨਹੀਂ ਰਿਹਾ । ਨੇਕੀ ਉਸ ਵਿਚੋਂ ਖੁਸ਼ਕ ਹੋ ਚੁਕੀ ਹੈ । ਇਹ ਸਮਾਜਕ ਵੇਗ ਦੀ, ਸਮਾਜ ਦੀ ਇਤਿਹਾਸਕ ਉਸਾਰੀ ਦੇ ਕਾਨੂੰਨ ਦੀ ਆਪਣੀ ਕਰਨੀ ਹੈ । ਜਦੋਂ ਕਿਸੇ ਜਮਾਤ ਦਾ ਇਤਿਹਾਸਕ ਰੋਲ, ਉਸਾਰੂ ਰੋਲ ਖਤਮ ਹੋ ਜਾਵੇ ਸਮਾਜਕ ਵੇਗ ਉਸ ਕੋਲੋਂ ਸੱਚ ਤੇ ਨੇਕੀ ਉਸਾਰਨ ਦੀ ਸੰਭਾਵਨਾ ਖੋਹ ਲੈਂਦਾ ਹੈ, "ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ" ਗੁਰੂ ਨਾਨਕ (417) ਉਸਨੂੰ ਫਾਲਤੂ, ਵਾਧੂ, ਸਮਾਜ ਦੀ ਤੋਰ ਵਿਚ ਅੜਦਾ ਅੜਿੱਕਾ ਕਰ ਕੇ ਦਿਖਾ ਦੇਂਦਾ ਹੈ । ਦੂਸਰੇ ਪਾਸੇ ਤੋਂ ਜਦੋਂ ਕਿਸੇ ਜਮਾਤ ਦੀ ਕਰਨੀ ਵਿਚੋਂ ਸੱਚ, ਨੇਕੀ, ਤੇ ਉਸਾਰੂ ਅਸਰ ਖਤਮ ਹੋ ਜਾਣ ਉਹ ਇਸ ਗੱਲ ਦਾ ਸਬੂਤ ਹੁੰਦਾ ਹੈ ਕਿ ਉਹ ਜਮਾਤ ਆਪਣਾ ਇਤਿਹਾਸਕ ਰੋਲ ਖਤਮ ਕਰ ਚੁਕੀ ਹੈ । ਆਪਣੀ ਅਸਲੀ ਔਧ ਪੁਗਾ ਚੁਕੀ ਹੈ । ਸੰਸਾਰ ਦੀ ਅੱਜ ਦੀ ਸਟੇਜ 'ਤੇ, ਸਮਾਜ ਦੀ ਅੱਜ ਦੀ ਸਥਿਤੀ ਵਿਚ ਬੁਰਜੁਆਜ਼ੀ, ਆਪਣਾ ਜਮਾਤੀ ਕਰਤਵ ਕਰਦੀ ਹੋਈ ਦੁਨੀਆਂ ਦਾ, ਬੰਦੇ ਦਾ, ਮਨੁਖ ਜਾਤੀ ਦਾ ਕੁਝ ਵੀ ਸੁਆਰਨੋਂ ਅਸਮਰੱਥ ਹੈ । ਸੰਸਾਰ ਦੀ ਉਸਾਰੀ ਦੀ ਸਟੇਜ, ਉਸਦੀ ਡਾਇਲੈਕਟਿਕ ਉਸਨੂੰ ਐਸੀ ਸਟੇਜ 'ਤੇ ਲੈ ਆਈ ਹੈ ਕਿ ਉਹ ਹੁਣ ਵਹਿਸ਼ਤ ਹੀ ਖਿਲਾਰ ਸਕਦੀ ਹੈ, ਤਬਾਹੀ ਹੀ ਮਚਾ ਸਕਦੀ ਹੈ । ਬੁਰਜੁਆ ਸਿਆਸਤਦਾਨ ਵਾਂਗ, ਬੁਰਜੁਆ ਪੈਂਤੜੇ ਨੂੰ ਵਫਾਦਾਰ ਹੁੰਦਾ ਹੋਇਆ ਸਾਹਿਤਕਾਰ ਸਮਾਜ ਦੀ ਅਸਲੀਅਤ ਨੂੰ, ਉਸਦੀ ਡਾਇਲੈਕਟਿਕ ਨੂੰ ਵਫਾਦਾਰੀ ਨਾਲ ਪੇਸ਼ ਕਰਨੋਂ, ਸਮਾਜਕ ਮਨੁਖੀ ਸੱਚ ਦਸਣੋਂ ਅਸਮਰੱਥ ਹੈ । ਅੱਜ ਬੁਰਜੁਆ ਪੈਂਤੜੇ ਨੂੰ ਵਫਾਦਾਰੀ ਹਰ ਪਹਿਲੂ ਵਿਚ, ਹਰ ਮੁਹਾਜ਼ 'ਤੇ, ਹਰ ਇਕ ਨੂੰ ਮਜਬੂਰ ਕਰਦੀ ਹੈ ਕਿ ਉਹ ਕੂੜ ਕਮਾਵੇ ਤੇ ਕੁਫਰ ਤੋਲੇ । ਅਤੇ ਰੱਬ ਦੇ ਬੰਦਿਆਂ ਦੇ ਖੂਨ ਨਾਲ ਹੋਲੀ ਖੇਲੇ । "ਖੂਨ ਦੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ।" ਗੁਰੂ ਨਾਨਕ (722)

ਇਹ ਸਥਿਤੀ ਦਾ ਅਰਥ ਕੀ ਹੈ ? ਅਰਥ ਇਹ ਹੈ ਕਿ ਸਮਾਜ ਦੀ ਡਾਇਲੈਕਟਿਕ, ਬੁਰਜੂਆਜ਼ੀ ਦੇ ਵਿਰੋਧੀ ਆਪਣੀ ਜੁਜ਼, ਪਰੋਲਤਾਰੀ, ਦੇ ਮੁਖੀ ਹੋਣ ਨੂੰ, ਉਸਦੀ, ਉਸਦੇ ਪੈਂਤੜੇ ਦੀ ਸਰਦਾਰੀ ਨੂੰ ਰਾਹ ਦੇ ਰਹੀ ਹੈ। ਪਰੋਲਤਾਰੀ ਤੇ ਉਸਦੇ ਪੈਂਤੜੇ ਨੂੰ ਜ਼ਿੰਦਗੀ ਦਾ ਨਾਇਕ ਆਪ ਬਣਾ ਰਹੀ ਹੈ। ਉਸਦਾ ਇਤਿਹਾਸਕ ਰੋਲ ਸਮਾਜ ਦੀ ਸਟੇਜ 'ਤੇ ਆਪ ਲਿਆ ਰਹੀ ਹੈ। ਉਸਨੂੰ ਜ਼ਿੰਦਗੀ ਦਾ ਨਾਇਕ ਬਣਾਉਣ ਵਾਸਤੇ, ਉਸਦੇ ਇਤਿਹਾਸਕ ਰੋਲ ਦੇ ਸਮਾਜਕ ਮਨੁਖੀ ਸੱਚ ਨੂੰ ਉਸਦੇ ਪੱਲੇ ਆਪ ਪਾ ਰਹੀ ਹੈ। ਇਕ ਪਾਸੇ ਤੋਂ ਇਕ ਜਮਾਤੀ ਪੈਂਤੜੇ ਦੇ ਮੁਦੱਈ ਹੋਣਾ ਤੇ ਦੂਸਰੇ ਪਾਸੇ ਤੋਂ ਸੱਚ 'ਤੇ ਪਹਿਰਾ—ਸਮਾਜਕ ਮਨੁਖੀ ਅਸਲੀਅਤ ਨੂੰ ਪੂਰਨ ਵਫਾਦਾਰੀ ਨਾਲ ਪੇਸ਼ ਕਰਨਾ—ਇਕੇ ਰੱਸੇ ਦੋਵੇਂ ਕੰਮ ਕਰਨਾ, ਸਾਹਿਤਕਾਰ ਵਾਸਤੇ ਤਾਂ ਹੀ ਮੁਮਕਿਨ ਹੈ ਜੇ ਸਮਾਜਕ ਵੇਗ ਉਸਦੇ ਜਮਾਤਾ ਪੈਂਤੜੇ ਨੂੰ, ਸਮਾਜ ਦੇ ਭਵਿਖ ਦੀ ਵਾਗ-ਡੋਰ, ਉਸਦੀ ਸਰਦਾਰੀ ਆਪ ਫੜਾ ਰਿਹਾ ਹੋਵੇ। ਅਤੇ ਸੱਚ, ਸਾਰਾ ਸੱਚ ਉਸ ਜਮਾਤੀ ਪੈਂਤੜੇ ਦੀ ਝੋਲੀ ਆਪ ਪਾ ਰਿਹਾ ਹੋਵੇ। ਇਨਕਲਾਬ ਤੋਂ ਪਹਿਲਾਂ ਹੋਵੇ ਜਾਂ ਪਿਛੋਂ ਅੱਜ ਐਨ ਇਹ ਪੁਜ਼ੀਸ਼ਨ ਪਰੋਲਤਾਰੀ ਦੇ ਪੈਂਤੜੇ ਦੀ ਹੈ। ਇਸ ਤੋਂ ਉਪਰੰਤ ਪਰੋਲਤਾਰੀ ਦੇ ਪੈਂਤੜੇ ਦਾ ਸੱਚ ਚੂੰਕਿ ਬੰਦੇ ਦੀ, ਸਰਬਤ ਦੀ ਆਜ਼ਾਦੀ ਦਾ ਸੱਚ ਹੈ, ਇਸ ਵਾਸਤੇ ਇਸ ਪੈਂਤੜੇ ਦੇ ਸਾਹਿਤਕਾਰ ਨੂੰ, ਸਿਆਸਤਦਾਨ ਨੂੰ, ਕਿਸੇ ਨੂੰ ਵੀ ਕੂੜ ਕਮਾਉਣ ਦੀ, ਕੁਫਰ ਤੋਲਣ ਦੀ ਮਜਬੂਰੀ ਨਹੀਂ। ਸਗੋਂ ਸੱਚ ਇਸ ਪੈਂਤੜੇ ਵਾਲਿਆਂ ਦਾ ਸਹਾਈ ਹੈ।

ਪਰੋਲਤਾਰੀ ਦੇ ਪੈਂਤੜੇ ਵਾਲੇ ਸਾਹਿਤਕਾਰ ਦੇ ਸਿਰ 'ਤੇ ਇਕੇ ਵੇਲੇ ਦੋ ਜ਼ੁਮੇਵਾਰੀਆਂ ਹਨ। ਇਕ ਪਾਸੇ ਤੋਂ ਹਰ ਜਮਾਤ ਦੇ ਸਾਹਿਤਕਾਰ ਵਾਂਗ, ਉਸਦੇ ਵਾਸਤੇ ਵੀ ਲਾਜ਼ਮੀ ਹੈ ਕਿ ਉਹ ਪਰੋਲਤਾਰੀ ਨੂੰ, ਉਸਦੇ ਪੈਂਤੜੇ ਨੂੰ ਪੂਰਨ ਵਫਾਦਾਰ ਹੋਵੇ, ਅਤੇ ਦੂਸਰੇ ਪਾਸੇ ਤੋਂ ਉਹ ਸੱਚ ਦਾ ਪੱਲਾ ਨਾ ਛੱਡੇ। ਸੱਚ 'ਤੇ ਸੋਲਾਂ ਆਨੇ ਪਹਿਰਾ ਦੇਵੇ। ਸੱਚ ਵਾਸਤੇ ਜੀਵੇ ਸੱਚ ਵਾਸਤੇ ਮਰੇ। ਇਕੇ ਵੇਲੇ, ਨਾਲੋ ਨਾਲ, ਇਹ ਦੋਵੇਂ ਜ਼ੁਮੇਵਾਰੀਆ ਉਹ ਇਸ ਵਾਸਤੇ ਨਿਭਾ ਸਕਦਾ ਹੈ ਕਿਉਂਕਿ ਪਰੋਲਤਾਰੀ ਦੇ ਪੈਂਤੜੇ ਤੇ ਉਸਨੂੰ ਵਫਾਦਾਰੀ ਦੀ ਤੇ ਸੱਚ ਦੀ ਆਪਸ ਵਿਚ ਰਾਸ ਰਲਦੀ ਹੈ। ਇਹ ਇਕ ਹੀ ਅਸਲੀਅਤ ਦੇ ਦੋ ਪਹਿਲੂ ਹੋਏ ਖੜੇ ਹਨ। ਸਮਾਜਕ ਮਨੁਖੀ ਸੱਚ ਨੂੰ ਵਫਾਦਾਰੀ ਨਾਲ ਪੇਸ਼ ਕਰਨ ਨਾਲ ਹੀ ਪਰੋਲਤਾਰੀ ਦੇ ਪੈਂਤੜੇ ਨਾਲ ਵਫਾਦਾਰੀ ਨਿਭਦੀ ਹੈ। ਪਰੋਲਤਾਰੀ ਦੇ ਪੈਂਤੜੇ ਦੇ ਸਾਹਿਤਕਾਰ ਦਾ ਈਮਾਨ ਕੀ ਹੈ? ਉਸਦਾ ਈਮਾਨ ਇਹ ਹੈ ਕਿ ਉਹ ਸਮਾਜਕ ਮਨੁਖੀ ਅਸਲੀਅਤ ਦੀ ਤਬਦੀਲੀ ਦੇ, ਉਸਾਰੀ ਦੇ ਇਨਕਲਾਬੀ ਵੇਗ ਨੂੰ, ਜਿਸ ਤਰ੍ਹਾਂ ਉਹ ਇਕ ਜਮਾਤੀ ਪੈਂਤੜੇ ਤੋਂ, ਉਸਦੇ ਵਿਰੋਧੀ ਜਮਾਤੀ ਪੈਂਤੜੇ ਵਲ ਨੂੰ ਜਾ ਰਿਹਾ ਹੈ, ਉਸਨੂੰ ਠੋਸ ਤੌਰ 'ਤੇ, ਉਸਦੇ ਸਾਰੇ ਲਗ-ਲਬੇੜ ਨਾਲ, ਉਸਦੇ ਇਤਿਹਾਸਕ ਪ੍ਰਸੰਗ ਵਿਚ, ਪੂਰਨ ਸੱਚਾਈ ਤੇ ਵਫਾਦਾਰੀ ਨਾਲ ਪੇਸ਼ ਕਰੇ।[2]

ਇਸ ਵੇਲੇ ਇਤਿਹਾਸਕ ਦੌਰ ਦੀ ਅਸਲੀਅਤ ਕੀ ਹੈ ? ਅਸਲੀਅਤ ਇਹ ਹੈ ਕਿ ਸਮਾਜਕ ਵੇਗ ਆਪ ਬੁਰਜੂਆਜ਼ੀ ਦੇ ਪੈਰਾਂ ਥਲਿਉਂ ਜ਼ਮੀਨ ਖਿਚ ਰਿਹਾ ਹੈ। ਉਸਨੂੰ ਹੋ ਚੁਕਾ ਇਤਿਹਾਸ ਬਣਾਉਣ ਦੇ ਰਾਹੇ ਹੈ। ਉਸਦੀ ਸਭ ਵਹਿਸ਼ਤ, ਚੁਸਤੀ, ਚਾਲਾਕੀ ਤੇ ਤਾਕਤ ਦੇ ਬਾਵਜੂਦ, ਉਸਦੇ ਅੰਦਰ ਉਸਦੀ ਮੌਤ ਹੈ। ਦੂਸਰੇ ਪਾਸੇ ਤੋਂ ਸਮਾਜ ਦੀ ਡਾਇਲੈਕਟਿਕ ਭਵਿਖ ਦੇ ਮਾਲਕ ਪਰੋਲਤਾਰੀ ਨੂੰ ਵੰਗਾਰ ਰਹੀ ਹੈ। ਸਪਸ਼ਟ ਹੈ ਕਿ ਮਨੁਖੀ ਚਿਤਰ ਰਾਹੀਂ ਇਸ ਸੱਚ—ਕਿ ਪਰੋਲਤਾਰੀ ਦੇ ਪੈਂਤੜੇ ਦੀ ਅੰਤ ਜਿੱਤ ਯਕੀਨੀ ਹੈ—ਦੇ ਪੇਸ਼ ਕਰਨ ਵਿਚ ਹੀ ਸਾਹਿਤਕਾਰ ਦੀ ਪਰੋਲਤਾਰੀ ਦੇ ਪੈਂਤੜੇ ਨੂੰ ਵਫਾਦਾਰੀ ਹੈ। ਸਮਾਜਕ ਮਨੁਖੀ ਸੱਚ ਨੂੰ ਲਭਣਾ, ਉਸਦੇ ਅਰਪਨ ਹੋਣਾ, ਉਸਨੂੰ ਪੇਸ਼ ਕਰਨਾ ਹੀ, ਸਾਹਿਤਕਾਰ ਦੀ



ਪਰੋਲਤਾਰੀ ਦੇ ਪੈਂਤੜੇ ਵਲ ਨੂੰ ਵਫਾਦਾਰੀ ਹੈ, ਉਸਦੀ ਸੇਵਾ ਹੈ।

---

1. "Politics cannot be equated with art, nor can a general world outlook be equated with a method of artistic creation and criticism."

"What we demand is the unity of politics and art, the unity of content and form, the unity of revolutionary political content and the highest possible perfection of artistic form. Works of art which lack artistic quality have no force, however progressive they are politically. Therefore, we oppose both the tendency to produce works of art with a wrong political view point and the tendency towards the 'poster and slogan style' which is correct in a political view point but lacking in artistic power." Mao

2. "Socialist realism, which is the fundamental method of Soviet literature and letters, requires the artist to present reality in its revolutionary course of development, in a true and historically concrete manner." Charter of the Association of Soviet Writers under Stalin.

---


ਜਗਜੀਤ ਸਿੰਘ

**ਗ਼ਦਰ ਪਾਰਟੀ ਲਹਿਰ**

"...ਇਹ ਪੁਸਤਕ ਇਸ ਲਹਿਰ ਬਾਬਤ ਸਭ ਤੋਂ ਵਧੀਆ ਤੇ ਪ੍ਰਮਾਣੀਕ ਗਿਣੀ ਜਾ ਸਕਦੀ ਹੈ,'
ਪ੍ਰਿੰਸੀਪਲ ਤੇਜਾ ਸਿੰਘ

ਵਡਾ ਸਾਈਜ਼, ਆਫ਼ਸੈੱਟ ਪ੍ਰਿੰਟਿੰਗ, ਪੱਕੀ ਸੁੰਦਰ ਜਿਲਦ, ਸਫ਼ੇ 183, ਮੁਲ : 30 ਰੁਪੈ, ਰਕਮ ਮਨੀਆਰਡਰ ਦੁਆਰਾ ਸੇਧ ਨੂੰ ਭੇਜ ਕੇ ਇਹ ਪੁਸਤਕ ਪ੍ਰਾਪਤ ਕਰੋ।

---

**ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ**

1979 ਅਤੇ 1980 ਦੀਆਂ ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ ਲਈ ਸਾਨੂੰ ਸਿਧਿਆਂ ਲਿਖੋ। ਕੀਮਤ ਫੀ ਫਾਈਲ ਪੰਝੀ ਰੁਪੈ। ਰਕਮ ਮਨੀਆਰਡਰ ਦੁਆਰਾ ਭੇਜੋ। ਡਾਕ ਖ਼ਰਚ ਸਾਡਾ ਹੋਵੇਗਾ।

---

ਸੇਧ ਦਾ ਸਾਲਾਨਾ ਚੰਦਾ ਜਾਂ ਲਾਈਫ-ਮੈਂਬਰੀ ਭੇਜਣ ਲਗਿਆਂ ਆਪਣੇ ਸਰਨਾਵੇਂ ਦੇ ਨਾਲ PIN ਨੰਬਰ ਵੀ ਲਿਖੋ ਅਤੇ ਚਿੱਠੀ-ਪੱਤਰ ਕਰਦੇ ਸਮੇਂ ਆਪਣੇ ਚਿੱਟ-ਨੰਬਰ ਦਾ ਹਵਾਲਾ ਜ਼ਰੂਰ ਦਿਓ। ਬੈਂਕ-ਡਰਾਫ਼ਟ ਸਿਰਫ਼ SEDH ਦੇ ਨਾਂ ਹੀ ਹੋਣਾ ਚਾਹੀਦਾ ਹੈ। ਬੈਂਕ ਕੋਈ ਵੀ ਹੋਵੇ।

## ਯੂਨੀਵਰਸਿਟੀਆਂ ਵਿਚ ਪੰਜਾਬੀ ਐਮ.ਏ. ਦੀ ਪੜ੍ਹਾਈ ਦਾ ਮੰਤਵ ਤੇ ਆਦਰਸ਼

ਡਾ: ਦਲੀਪ ਕੌਰ ਟਿਵਾਣਾ

ਪੰਜਾਬੀ ਐਮ. ਏ. ਦੀ ਪੜ੍ਹਾਈ ਦਾ ਮੰਤਵ ਤੇ ਆਦਰਸ਼ ਦੀ ਪਰਾਪਤੀ ਤਿੰਨ ਗੱਲਾਂ ਉਪਰ ਨਿਰਭਰ ਕਰਦੀ ਹੈ : ਅਧਿਆਪਕ, ਸਿਲੇਬਸ ਤੇ ਵਿਦਿਆਰਥੀ। ਇਹ ਅੱਗੋਂ ਫਿਰ ਵਿਭਾਗ, ਯੂਨੀ-ਵਰਸਿਟੀ ਤੇ ਸਮਾਜ ਉਪਰ ਨਿਰਭਰ ਹਨ। ਉਦਾਹਰਣ ਲਈ ਸਮਾਜ ਹੀ ਲੈ ਲਓ। ਸਮਾਜ ਦੇ ਵਿਕਾਸ ਦੇ ਹਰ ਪੜਾ ਦੀ ਆਪਣੀ ਸੀਮਾ, ਸਮਰੱਥਾ, ਪਹਿਚਾਣ, ਸੱਤਾ, ਮੁੱਲ, ਪਰਾਪਤੀਆਂ, ਵਿਰਤੀਆਂ ਤੇ ਪਰਵਿਰਤੀਆਂ ਹੁੰਦੀਆਂ ਹਨ ਜਿਹੜੀਆਂ ਨਾ ਸਿਰਫ ਮਨੁਖੀ ਹੋਂਦ ਦੇ ਧਰਾਤਲ ਨਿਸਚਤ ਕਰਦੀਆਂ ਹਨ ਸਗੋਂ ਮਨੁਖੀ ਚੇਤਨਤਾ ਦਾ ਆਧਾਰ ਵੀ ਬਣਦੀਆਂ ਹਨ।

ਇਸੇ ਤਰ੍ਹਾਂ ਅਧਿਆਪਕ ਦੀ ਆਪਣੀ ਟਰੇਨਿੰਗ, ਉਸ ਦੀ ਕਿੱਤੇ ਦੀ ਚੋਣ ਦੇ ਕਾਰਨ, ਇਸ ਕਿੱਤੇ ਪ੍ਰਤੀ ਦ੍ਰਿਸ਼ਟੀਕੋਣ, ਉਸ ਦੀ ਬੌਧਿਕ ਸਮਰੱਥਾ, ਉਸ ਦੇ ਜੀਵਨ ਤੇ ਜਗਤ ਨਾਲ ਰਿਸ਼ਤਿਆਂ ਦੇ ਆਧਾਰ, ਵਿਦਿਆਰਥੀਆਂ ਨਾਲ ਸਾਂਝ ਦਾ ਪੱਧਰ, ਤੇ ਜ਼ਿੰਦਗੀ ਵਿਚ ਪਰਾਪਤੀਆਂ ਦੇ ਟੀਚੇ, ਉਸ ਦੀ ਸਮਾਜਕ ਹੋਂਦ ਦਾ ਜੋ ਨਿਜੀ ਰੂਪ ਸਿਰਜਣਗੇ ਉਸ ਹੋਂਦ ਅੱਗੋਂ ਆਪਣਾ ਰੋਲ ਅਦਾ ਕਰਨਾ ਹੈ।

ਇਸੇ ਤਰ੍ਹਾਂ ਇਹ ਛੇ ਇਕਾਈਆਂ ਭਾਵ ਅਧਿਆਪਕ, ਸਿਲੇਬਸ, ਵਿਦਿਆਰਥੀ, ਵਿਭਾਗ, ਯੂਨੀ-ਵਰਸਿਟੀ ਤੇ ਸਮਾਜ ਆਪਣੇ ਆਪਣੇ ਖੇਤਰ ਵਿਚ ਰਹਿੰਦੀਆਂ ਵੀ ਇਕ ਸਾਂਝੇ ਕਰਮ ਵਿਚ ਭਾਈਵਾਲ ਹੁੰਦੀਆਂ ਹਨ, ਜਿਸ ਨੂੰ ਕਿ ਅਸੀਂ ਵਿਦਿਅਕ ਢਾਂਚਾ ਆਖਦੇ ਹਾਂ। ਮੈਂ ਇਨ੍ਹਾਂ ਸਾਰੇ ਪਹਿਲੂਆਂ ਉਪਰ ਵਿਚਾਰ ਨਹੀਂ ਕਰਨੀ ਕਿਉਂਕਿ ਇਹ ਕੰਮ ਕਈ ਲੇਖਾਂ ਵਿਚ ਹੀ ਕੀਤਾ ਜਾ ਸਕਦਾ ਹੈ; ਮੈਂ ਸਿਰਫ ਇਸ ਦੇ ਸਿਲੇਬਸ ਵਾਲੇ ਪਹਿਲੂ ਨੂੰ ਧਿਆਨ ਵਿਚ ਰਖ ਕੇ ਹੀ ਪੰਜਾਬੀ ਐਮ. ਏ. ਦੀ ਪੜ੍ਹਾਈ ਦੇ ਆਦਰਸ਼ ਉਪਰ ਲਿਖ ਰਹੀ ਹਾਂ।

ਇਹ ਕੰਮ ਮੈਂ ਦੋ ਤਰ੍ਹਾਂ ਕਰ ਸਕਦੀ ਸੀ। ਇਕ ਤਾਂ ਐਮ. ਏ. ਪੰਜਾਬੀ ਪੜ੍ਹਾਉਂਦੇ ਅਧਿਆਪਕਾਂ ਤੇ ਦੂਜੇ ਐਮ. ਏ. ਪੰਜਾਬੀ ਪੜ੍ਹਦੇ ਵਿਦਿਆਰਥੀਆਂ ਦੀਆਂ ਇੰਟਰਵਿਊਜ਼ ਕਰ ਕੇ ਤੇ ਦੂਜਾ ਸਾਰੀਆਂ ਯੂਨੀਵਰਸਿਟੀਆਂ ਦੇ ਪੰਜਾਬੀ ਐਮ. ਏ. ਦੇ ਸਿਲੇਬਸ ਦੇਖ ਕੇ।

ਕਿਉਂਕਿ ਸਾਰੀਆਂ ਥਾਵਾਂ 'ਤੇ ਜਾ ਕੇ ਇੰਟਰਵਿਊਜ਼ ਕਰਨੀਆਂ ਸੰਭਵ ਨਹੀਂ ਸਨ ਇਸ ਲਈ ਮੈਂ ਸਾਰੀਆਂ ਯੂਨੀਵਰਸਿਟੀਆਂ ਦੇ ਪੰਜਾਬੀ ਐਮ. ਏ. ਦੇ ਸਿਲੇਬਸ, ਸਿਲੇਬਸਾਂ ਨਾਲ ਦਿਤੀਆਂ ਹਿਦਾਇਤਾਂ, ਇਮਤਿਹਾਨਾਂ ਵਿਚ ਆਉਂਦੇ ਸਵਾਲਾਂ, ਪੇਪਰਾਂ ਦੇ ਮਿਆਰ ਸੰਬੰਧੀ ਐਗਜ਼ਾਮੀਨਰਜ਼



ਦੀਆਂ ਰਿਪੋਰਟਾਂ ਦੇਖ ਕੇ ਅਤੇ ਚੰਦ ਇਕ ਵਿਦਿਆਰਥੀਆਂ ਨਾਲ ਗੱਲਾਂ ਕਰ ਕੇ ਕੁਝ ਸਿੱਟੇ ਕੱਢਣ ਦੀ ਕੋਸ਼ਿਸ਼ ਕੀਤੀ ਹੈ।

ਪਹਿਲੀ ਗੱਲ ਤਾਂ ਇਹ ਹੈ ਕਿ ਸਾਰੀਆਂ ਹੀ ਯੂਨੀਵਰਸਿਟੀਆਂ ਦੇ ਐਮ. ਏ. ਪੰਜਾਬੀ ਦੇ ਸਿਲੇਬਸ ਇਕੋ ਜਿਹੇ ਹੀ ਹਨ। ਸ਼ਾਇਦ ਇਸ ਲਈ ਕਿ ਸਭ ਨੇ ਹੀ ਪੰਜਾਬੀ ਭਾਸ਼ਾ ਤੇ ਪੰਜਾਬੀ ਸਾਹਿਤ ਦੇ ਉਹੋ ਗਿਣੇ ਮਿਥੇ ਰੂਪ ਪੜ੍ਹਾਉਣੇ ਹਨ। ਦਿਲੀ ਯੂਨੀਵਰਸਿਟੀ ਦੇ ਅਗਲੇ ਵਰ੍ਹੇ ਤੋਂ ਲੱਗਣ ਵਾਲੇ ਸਿਲੇਬਸ ਵਿਚ ਕੁਝ ਫਰਕ ਹੈ। ਉਹ ਵੀ ਬਹੁਤਾ ਇਸ ਲਈ ਕਿ ਉਥੇ ਸੀਮੈਸਟਰ ਸਿਸਟਮ ਹੈ ਜਿਸ ਕਰਕੇ ਉਹ option ਤੇ ਕੋਰਸਿਜ਼ ਕੁਝ ਵਧ ਦੇ ਸਕਦੇ ਹਨ।

ਵਿਦਿਆਰਥੀਆਂ ਨਾਲ ਗੱਲਾਂ ਕਰ ਕੇ ਮੇਰੀ ਆਪਣੀ ਇਸੇ ਰਾਏ ਨੂੰ ਸਮਰਥਨ ਮਿਲਿਆ ਹੈ ਕਿ ਐਮ. ਏ. ਪੰਜਾਬੀ ਦੀ ਪੜ੍ਹਾਈ ਦੇ ਯਥਾਰਥ ਤੇ ਆਦਰਸ਼ ਵਿਚ ਬੜਾ ਵਡਾ ਪਾੜ ਪੈ ਗਿਆ ਹੈ।

ਦੇਖਿਆ ਜਾਵੇ ਤਾਂ ਐਮ. ਏ, ਪੰਜਾਬੀ, ਭਾਸ਼ਾ ਅਤੇ ਸਾਹਿਤ ਦੇ ਸਿਲਸਿਲੇਵਾਰ ਅਧਿਐਨ ਦਾ ਅੰਤਲਾ ਪੜਾ ਹੈ। ਜਾਂ ਇਉਂ ਆਖ ਲਓ ਪੰਜਾਬੀ ਦੀ ਪੜ੍ਹਾਈ ਦੇ ਇਸ ਰੁੱਖ ਦਾ ਫੁੱਲਾਂ ਅਤੇ ਫਲਾਂ ਦਾ ਵੇਲਾ। ਪਰ ਕਿਸੇ ਵੀ ਰੁੱਖ ਦੇ ਫੁੱਲਾਂ ਅਤੇ ਫਲਾਂ ਦੀ ਪਰਕਿਰਤੀ ਅਤੇ ਪਰਵਿਰਤੀ ਬਦਲਣ ਲਈ ਗੱਲ ਸਿਰਫ ਫੁੱਲਾਂ ਅਤੇ ਫਲਾਂ ਤੱਕ ਨਹੀਂ ਰਹਿ ਜਾਂਦੀ। ਇਸੇ ਲਈ ਐਮ. ਏ. ਪੰਜਾਬੀ ਕਰਨ ਆਏ ਵਿਦਿਆਰਥੀ ਜਿਸ ਰਾਹੋਂ ਲੰਘ ਕੇ ਆਉਂਦੇ ਨੇ, ਉਸ ਦਾ ਲੇਖਾ ਜੋਖਾ ਵੀ ਜ਼ਰੂਰੀ ਹੈ। ਚੌਦਾਂ ਜਮਾਤਾਂ ਪਾਸ, ਐਮ. ਏ. ਦੇ ਦਾਖਲੇ ਵੇਲੇ ਵਿਦਿਆਰਥੀਆਂ ਦੀ ਇੰਟਰਵਿਊ ਲੈਂਦਿਆਂ ਸਾਨੂੰ ਸਭ ਨੂੰ ਹੀ ਬਹੁਤੇ ਵਿਦਿਆਰਥੀਆਂ ਦੀ ਸਾਹਿਤ ਦੀ ਸਮਝ ਤੇ ਭਾਸ਼ਾ ਦੀ ਜਾਣਕਾਰੀ ਸੰਬੰਧੀ ਕੌੜੇ ਤਜਰਬੇ ਹੁੰਦੇ ਹਨ।

ਜੇ ਗੱਲ ਭਾਸ਼ਾ ਤੋਂ ਹੀ ਸ਼ੁਰੂ ਕਰੀਏ ਤਾਂ ਸਾਡੇ ਪੁਰਾਤਨ ਰਿਸ਼ੀਆਂ ਨੇ ਸ਼ਬਦ ਨੂੰ ਬ੍ਰਹਮ ਆਖ ਕੇ ਭਾਸ਼ਾ ਦੀ ਸਮਰਥਾ, ਪਹੁੰਚ, ਪਰਾਪਤੀਆਂ ਅਤੇ ਮਹੱਤਤਾ ਬਾਰੇ ਕੋਈ ਸੰਦੇਹ ਨਹੀਂ ਸੀ ਰਹਿਣ ਦਿਤਾ। ਇਸੇ ਤਰ੍ਹਾਂ 'ਟਾਵਰ ਆਫ ਬੇਬਲ' (Tower of Babel) ਦੀ ਪ੍ਰਤੀਕਮਈ ਕਥਾ ਇਸੇ ਸੱਚ ਦਾ ਸਮਰਥਨ ਕਰਦੀ ਹੈ ਕਿ ਇਕ ਵਾਰੀ ਲੋਕਾਂ ਸੋਚਿਆ ਇਕ ਬਹੁਤ ਉੱਚਾ ਬੁਰਜ ਬਣਾ ਲਈਏ ਤੇ ਉਸ ਉਤੇ ਚੜ੍ਹ ਕੇ ਰੱਬ ਨੂੰ ਹੇਠਾਂ ਲਾਹ ਲਿਆਈਏ। ਬੁਰਜ ਜਦੋਂ ਕਾਫੀ ਉੱਚਾ ਹੋ ਗਿਆ ਤਾਂ ਰੱਬ ਨੂੰ ਫਿਕਰ ਹੋਇਆ ਕਿ ਇਹ ਤਾਂ ਮੇਰੇ ਤੀਕ ਅਪੜਨ ਹੀ ਵਾਲੇ ਹਨ ਤਾਂ ਉਸ ਨੇ ਬੁਰਜ ਬਣਾਨ ਵਾਲਿਆਂ ਦੀ ਬੋਲੀ ਵੱਖਰੀ ਵੱਖਰੀ ਬਣਾ ਦਿਤੀ। ਇਕ ਇੱਟਾਂ ਮੰਗੇ, ਦੂਜਾ ਗਾਰਾ ਚੁਕ ਲਿਆਵੇ। ਉਹ ਗੁੱਸੇ ਹੋਵੇ ਕਿ ਇਹ ਠੀਕ ਸਮਝਦਾ ਕਿਉਂ ਨਹੀਂ, ਅਗਲਾ ਮਾਰਨ ਨੂੰ ਪਵੇ ਕਿ ਇਹ ਠੀਕ ਸਮਝਾਉਂਦਾ ਕਿਉਂ ਨਹੀਂ ਤੇ ਇਉਂ ਉਸਾਰੀ ਦਾ ਕੰਮ ਰੁਕ ਗਿਆ। ਭਾਵ ਮਨੁਖ ਨੇ ਸਾਹਿਤ, ਦਰਸ਼ਨ ਤੇ ਸਾਇੰਸ ਦੁਵਾਰਾ ਜੋ ਕੁਝ ਵੀ ਉਸਾਰਿਆ ਹੈ ਉਹ ਭਾਸ਼ਾ ਤੋਂ ਬਿਨਾਂ ਸੰਭਵ ਨਹੀਂ ਸੀ ਹੋਣਾ। ਤੇ ਜ਼ਿੰਦਗੀ ਵਿਚ ਹਰ ਝਗੜੇ ਦਾ ਇਕ ਵੱਡਾ ਕਾਰਨ, ਗੱਲ ਠੀਕ ਤਰ੍ਹਾਂ ਸਮਝਾ ਨਾ ਸਕਣਾ ਤੇ ਜਾਂ ਠੀਕ ਤਰ੍ਹਾਂ ਸਮਝ ਨਾ ਸਕਣਾ ਹੀ ਹੁੰਦਾ ਹੈ। ਸੋ ਭਾਸ਼ਾ ਅਤੇ ਮਾਤ-ਭਾਸ਼ਾ ਦੀ ਮਹੱਤਤਾ ਦੇ ਵਰਨਣ ਵੱਲ ਨਾ ਜਾ ਕੇ ਮੈਂ ਇਹੀ ਆਖਣਾ ਚਾਹਾਂਗੀ ਕਿ "ਅਸੀਂ ਬਿਨਾਂ ਜਤਨ ਜੋ ਬੋਲੀ ਬੋਲਦੇ ਹਾਂ ਉਸ ਦੇ ਪਿਛੇ ਬੜੇ ਗੁੰਝਲਦਾਰ ਨੇਮ ਕੰਮ ਕਰਦੇ ਹਨ। ਡੂੰਘੇ ਚਿੰਤਨ ਦੁਆਰਾ ਵਿਆਕਰਣੀਆਂ ਅਤੇ ਭਾਸ਼ਾ-ਵਿਗਿਆਨੀਆਂ ਨੇ ਕੁਝ ਨੇਮ ਲੱਭ ਲਏ ਹਨ। ਇਨ੍ਹਾਂ ਨੇਮਾਂ ਦੇ ਆਧਾਰ ਉਤੇ ਹਰ ਭਾਸ਼ਾ ਦਾ ਸਿਸਟਮ ਉਸਾਰਿਆ ਜਾ ਸਕਦਾ ਹੈ।" ਭਾਸ਼ਾ ਕਿਉਂਕਿ ਮਾਧਿਅਮ ਹੁੰਦੀ ਹੈ ਕੁਝ ਵੀ ਜਾਣਨ ਲਈ ਇਸ ਲਈ ਸਭ ਤੋਂ ਪਹਿਲਾਂ ਸਕੂਲਾਂ ਵਿਚ ਸਾਹਿਤ ਤੇ ਲੋਕ ਸਾਹਿਤ ਰਾਹੀਂ ਭਾਸ਼ਾ ਦੀ ਪਰਾਪਤੀ ਵਲ ਜਾਣਾ ਚਾਹੀਦਾ ਹੈ।

ਉਪਨਿਸ਼ਦਾਂ ਵਿਚ ਵਿਦਿਆ ਪ੍ਰਾਪਤੀ ਦੇ ਜਿਹੜੇ ਪੜਾ ਦਸੇ ਹਨ ਉਨ੍ਹਾਂ ਵਿਚ ਪਹਿਲਾ ਪੜਾ ਆਉਂਦਾ ਹੈ ਇੰਦਰਿਆਵੀ ਜਾਣਕਾਰੀ ਦਾ, ਭਾਵ ਦਿਸਦੇ ਜਗਤ ਨੂੰ ਭਾਸ਼ਾ ਦੇ ਚਿਹਨਾਂ ਰਾਹੀਂ ਮਨ ਵਿਚ ਸਿਰਜਣ ਦਾ। ਉਪਨਿਸ਼ਦਾਂ ਵਿਚ ਕਥਾ ਆਉਂਦੀ ਹੈ ਕਿ ਗੁਰੂ ਨੇ ਸਤਯਕਾਮ ਨੂੰ ਆਪਣਾ ਸ਼ਿਸ਼ ਤੇ ਵਿਦਿਆ ਪ੍ਰਾਪਤੀ ਦੇ ਯੋਗ ਬਣਾਉਣ ਲਈ ਚਾਰ ਸੌ ਗਊਆਂ ਦੇ ਕੇ ਆਖਿਆ ਕਿ ਹਾਲ ਦੀ ਘੜੀ ਵਣ ਵਿਚ ਇਨ੍ਹਾਂ ਦੀ ਪਾਲਨਾ ਕਰੋ। ਜਦੋਂ ਇਹ ਇਕ ਹਜ਼ਾਰ ਹੋ ਜਾਣ ਤਾਂ ਆ ਜਾਈਂ। ਬਹੁਤ ਵਰ੍ਹਿਆਂ ਮਗਰੋਂ ਇਕ ਹਜ਼ਾਰ ਗਊਆਂ ਹੋ ਜਾਣ ਉਤੇ ਸਤਯਕਾਮ ਜਦੋਂ ਗੁਰੂ ਕੋਲ ਪਰਤਿਆ ਤਾਂ ਉਸ ਨੇ ਪੁੱਛਿਆ ਤੇਰੇ ਮੂੰਹ ਉਤੇ ਜੋ ਵਿਦਿਆ ਦਾ ਚਾਨਣ ਹੈ ਇਹ ਕਿਥੋਂ ਆਇਆ ਹੈ? ਤਾਂ ਸਤਯਕਾਮ ਨੇ ਦਸਿਆ ਕਿ ਅਣਮਨੁੱਖੀ ਗੁਰੂਆਂ ਦੀ ਦੇਣ ਹੈ। ਭਾਵ ਰੁੱਖ. ਪਸ਼ੂ, ਪੰਛੀ, ਪੌਣ, ਦਰਿਆ, ਪਹਾੜ ਸਭ ਤੋਂ ਹੀ ਸਤਯਕਾਮ ਕੁਝ ਨਾ ਕੁਝ ਸਿਖਦਾ ਰਿਹਾ ਹੈ। ਕਹਾਣੀ ਦਾ ਇਕ ਭਾਵ ਇਹ ਵੀ ਹੈ ਕਿ ਦਿਸਦਾ ਯਥਾਰਥ ਸੱਚ ਤਕ ਅਪੜਨ ਦਾ ਪਹਿਲਾ ਪੜਾ ਹੈ ਤੇ ਭਾਸ਼ਾ, ਚਿਹਨਾ ਰਾਹੀਂ ਯਥਾਰਥ ਨਾਲ ਸਾਡੀ ਸਾਂਝ ਪੁਆਉਂਦੀ ਹੈ। ਸੋ ਸਭ ਤੋਂ ਪਹਿਲਾਂ ਸਕੂਲ ਦੀ ਪੱਧਰ 'ਤੇ ਭਾਸ਼ਾ ਦੀ ਪ੍ਰਾਪਤੀ ਦੇ ਨਾਲ ਨਾਲ ਭਾਸ਼ਾ ਦੇ ਵਿਆਕਰਣ, ਸ਼ਬਦਜੋੜ ਤੇ ਉਚਾਰਨ ਦੇ ਗਿਆਨ ਦੀ ਲੋੜ ਹੁੰਦੀ ਹੈ ਤਾਂ ਜੋ ਹਮੇਸ਼ਾਂ ਲਈ ਅਰਥਾਂ ਨਾਲ ਅਨਰਥ ਹੋਣੋਂ ਬਚ ਸਕੇ।

ਅਗੇ ਜਾ ਕੇ ਭਾਸ਼ਾ ਜਦੋਂ ਜਾਣਕਾਰੀ ਤੋਂ ਗਿਆਨ (from information to knowledge) ਵਲ ਸਫਰ ਕਰਦੀ ਹੈ ਤਾਂ ਇਸ ਦੀ ਆਪਣੀ ਚਿਹਨ ਤੋਂ ਬਿੰਬ ਤੇ ਪ੍ਰਤੀਕ ਵਲ ਯਾਤਰਾ ਸ਼ੁਰੂ ਹੋ ਜਾਂਦੀ ਹੈ। ਇਸੇ ਲਈ ਸਾਹਿਤ ਨੂੰ ਬਿੰਬਾਂ ਰਾਹੀਂ ਦਰਸ਼ਨ (Philosophy in images) ਆਖਿਆ ਜਾਂਦਾ ਹੈ। ਸਕੂਲ ਪੱਧਰ ਤਕ ਭਾਸ਼ਾ ਸਿਖਣ, ਤੇ ਭਾਸ਼ਾ ਦੇ ਮੁਢਲੇ ਨੇਮਾਂ ਨੂੰ ਜਾਣ ਲੈਣ ਮਗਰੋਂ ਕਾਲਜ ਵਿਚ ਭਾਸ਼ਾ ਰਾਹੀਂ ਸਿਰਜੇ ਸਾਹਿਤ ਵਲ ਆਉਂਦੇ ਹਾਂ। ਇਥੇ ਫਿਰ ਜੇ ਡਿਗਰੀ ਪੱਧਰ ਤਕ ਦੇ ਸਿਲੇਬਸ, ਸਿਲੇਬਸ ਨਾਲ ਐਗਜ਼ਾਮੀਨਰਜ਼ ਨੂੰ ਸਵਾਲ ਪੁੱਛਣ ਬਾਰੇ ਹਿਦਾਇਤਾਂ ਨੂੰ ਦੇਖੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਸਿਲੇਬਸ ਕਾਲਜ ਦੀ ਪੜ੍ਹਾਈ ਨੂੰ ਸਕੂਲ ਦੀ ਪੜ੍ਹਾਈ ਤੇ ਯੂਨੀਵਰਸਿਟੀ ਦੀ ਪੜ੍ਹਾਈ ਦੀ ਵਿਚਕਾਰਲੀ ਕੜੀ ਸਮਝ ਕੇ ਨਹੀਂ ਬਣਾਇਆ ਜਾਂਦਾ।

ਇਥੇ ਧਿਆਨ ਰੱਖਣ ਵਾਲੀ ਗੱਲ ਇਹ ਹੋਣੀ ਚਾਹੀਦੀ ਹੈ ਕਿ ਇਥੇ ਆ ਕੇ ਸਾਹਿਤ ਰਾਹੀਂ ਭਾਸ਼ਾ ਵਲ ਜਾਣ ਦਾ ਕਰਮ ਉਲਟਾ ਦਿਤਾ ਜਾਂਦਾ ਹੈ। ਇਥੇ ਸਾਹਿਤ ਰਾਹੀਂ ਭਾਸ਼ਾ ਨਹੀਂ, ਸਗੋਂ ਭਾਸ਼ਾ ਰਾਹੀਂ ਸਾਹਿਤ ਵਲ ਆਉਂਦੇ ਹਾਂ। ਜਿਵੇਂ ਪਹਿਲੇ ਭਾਸ਼ਾ ਵਿਗਿਆਨ ਨੇ ਭਾਸ਼ਾ ਦੇ ਨੇਮ ਸਮਝਾਏ ਸਨ, ਉਸੇ ਤਰ੍ਹਾਂ ਇਥੇ ਸਭ ਤੋਂ ਪਹਿਲਾਂ ਸਾਹਿਤ-ਵਿਗਿਆਨ ਰਾਹੀਂ ਸਾਹਿਤ ਦੇ ਨੇਮ ਵਿਦਿਆਰਥੀਆਂ ਨੂੰ ਸਮਝਾਉਣ ਦੀ ਲੋੜ ਹੁੰਦੀ ਹੈ। "ਸਾਹਿਤ-ਵਿਗਿਆਨ ਦਾ ਕੰਮ ਇਹ ਵੇਖਣਾ ਨਹੀਂ ਕਿ ਕਿਹੜੀ ਸਾਹਿਤ ਸਾਰਥਕਤਾ ਕਿਉਂ ਮੰਨੀ ਜਾਣੀ ਚਾਹੀਦੀ ਹੈ ਜਾਂ ਕਿਉਂ ਮੰਨੀ ਜਾ ਚੁਕੀ ਹੈ। ਉਸ ਦਾ ਕੰਮ ਇਹ ਦੇਖਣਾ ਹੈ ਕਿ ਕੋਈ ਸਾਹਿਤ ਸਾਰਥਕਤਾ, ਪ੍ਰਤੀਕ ਦੇ ਭਾਸ਼ਕ ਨੇਮਾਂ ਅਨੁਸਾਰ ਕਿਉਂ ਮੰਨਣਯੋਗ ਹੈ। ਜਿਵੇਂ ਭਾਸ਼ਾ ਵਿਗਿਆਨੀ ਭਾਸ਼ਾ ਦੀ ਵਿਆਕਰਣ ਵਲ ਰੁਚਿਤ ਹੁੰਦਾ ਹੈ, ਉਸ ਦੀ ਸਾਰਥਕਤਾ ਵਲ ਨਹੀਂ ਇਵੇਂ ਸਾਹਿਤ ਵਿਗਿਆਨੀ ਪ੍ਰਵਚਨ ਦੇ ਵਿਆਕਰਣ ਵਲ ਰੁਚਿਤ ਹੈ, ਉਸ ਦੀ ਸਾਰਥਕਤਾ ਵਲ ਨਹੀਂ।"

ਸਾਹਿਤ-ਵਿਗਿਆਨ ਦਾ ਖੇਤਰ ਉਨ੍ਹਾਂ ਨੇਮਾਂ, ਸਿਧਾਂਤਾਂ ਜਾਂ ਇਉਂ ਆਖੋ ਉਸ ਸਿਸਟਮ ਦਾ ਅਧਿਐਨ ਹੈ ਜਿਸ ਰਾਹੀਂ ਸਾਹਿਤ ਵਿਚਲੀ ਸਾਹਿਤਿਕਤਾ ਤਕ ਪਹੁੰਚਿਆ ਜਾਂਦਾ ਹੈ। ਸਾਹਿਤ ਅਧਿਐਨ ਲਈ ਦਾਰਸ਼ਨਿਕ ਇਤਿਹਾਸ, ਸਾਂਸਕ੍ਰਿਤਿਕ ਇਤਿਹਾਸ ਤੇ ਵਿਗਿਆਨ ਦਾ ਸਹਾਰਾ ਲੈਣਾ ਸਾਹਿਤ ਵਿਗਿਆਨ



ਤੋਂ ਅਨਜਾਣ ਹੋਣ ਦਾ ਸਬੂਤ ਹੈ। ਸਾਹਿਤ ਵਿਗਿਆਨੀ ਸਾਹਿਤ ਕਿਰਤਾਂ ਦੇ ਅਧਿਐਨ ਉਤੇ ਹੀ ਗੱਲ ਨਹੀਂ ਮੁਕਾ ਦਿੰਦਾ, ਉਹ ਇਨ੍ਹਾਂ ਦੇ ਅਧਿਐਨ ਉਪਰੰਤ ਉਹ ਨੇਮ, ਸਿਧਾਂਤ ਜਾਂ ਜੁਗਤਾਂ ਲੱਭਦਾ ਹੈ ਜਿਨ੍ਹਾਂ ਦੇ ਆਧਾਰ ਉਪਰ ਹੋਰ ਸਾਹਿਤਕ ਕ੍ਰਿਤਾਂ ਵਿਚਲੀ ਸਾਹਿਤਿਕਤਾ ਲੱਭੀ ਜਾ ਸਕੇ।

ਇਸ ਤਰ੍ਹਾਂ ਜੇ ਕਾਲਜ ਤਕ ਦੀ ਪੜ੍ਹਾਈ ਮੁਕਾਉਣ ਤੀਕ ਵਿਦਿਆਰਥੀ ਭਾਸ਼ਾ ਤੇ ਭਾਸ਼ਾ ਵਿਗਿਆਨ ਦੀ ਕੁਝ ਵਧ ਜਾਣਕਾਰੀ ਹਾਸਲ ਕਰ ਕੇ ਤੇ ਨਾਲ ਹੀ ਬਹੁਤ ਸਾਰਾ ਸਾਹਿਤ ਪੜ੍ਹ ਕੇ ਤੇ ਸਾਹਿਤ ਵਿਗਿਆਨ ਰਾਹੀਂ ਸਾਹਿਤ ਨੂੰ ਸਮਝਣ ਦੀ ਜਾਚ ਸਿਖ ਕੇ ਐਮ. ਏ. ਤਕ ਪਹੁੰਚਦਾ ਹੈ ਤਾਂ ਉਪਨਿਸ਼ਦਾਂ ਅਨੁਸਾਰ ਵਿਦਿਆ ਪ੍ਰਾਪਤੀ ਦਾ ਇਹ ਦੂਜਾ ਪੜਾ ਹੈ, ਜਦੋਂ ਇੰਦਰਿਆਵੀ ਜਾਣਕਾਰੀ ਬੌਧਿਕ ਗਿਆਨ ਬਣਦੀ ਹੈ। ਵਿਦਿਆ ਪ੍ਰਾਪਤੀ ਦੇ ਰਾਹ ਦਾ ਇਹ ਵੀ ਇਕ ਪੜਾ ਹੈ, ਟੀਚਾ ਨਹੀਂ।

ਅੱਗੇ ਐਮ. ਏ. ਦੀ ਪੜ੍ਹਾਈ ਵੇਲੇ ਸਾਨੂੰ ਉਨ੍ਹਾਂ ਮਾਨਦੰਡਾਂ ਦੀ ਲੋੜ ਪੈਂਦੀ ਹੈ ਜਿਨ੍ਹਾਂ ਦੇ ਆਧਾਰ ਉਪਰ ਸਾਹਿੱਤ ਦੀ ਸਾਰਥਕਤਾ ਪਰਖੀ ਜਾ ਸਕੇ। ਇਨ੍ਹਾਂ ਮਾਨਦੰਡਾਂ ਦੀ ਚਰਚਾ ਪਲੈਟੋ ਦੇ ਵੇਲੇ ਤੋਂ ਹੀ ਤੁਰ ਪਈ ਸੀ ਤੇ ਅਜ ਤਕ ਤੁਰੀ ਆ ਰਹੀ ਹੈ ਜਿਸ ਦੇ ਫਲਸਰੂਪ ਉਹੀ ਸਵਾਲ ਅੱਜ ਜਾਂ-ਪਾਲ-ਸਾਰਤ ਆਪਣੀ ਪੁਸਤਕ What is literature ? ਵਿਚ ਪੁੱਛ ਰਿਹਾ ਹੈ।

ਭਾਰਤੀਆਂ ਨੇ ਇਸ ਗੱਲ ਨੂੰ ਬਹੁਤ ਚਿਰ ਪਹਿਲਾਂ ਸਮਝ ਲਿਆ ਹੋਇਆ ਸੀ। ਛਾਂਦੋਗਯ ਉਪ-ਨਿਸ਼ਦ ਵਿਚ ਇਕ ਕਥਾ ਆਉਂਦੀ ਹੈ ਕਿ ਇਕ ਵਾਰੀ ਸ੍ਰੀ ਨਾਰਦ ਨੇ ਸਨੱਤ ਕੁਮਾਰ ਰਿਸ਼ੀ ਨੂੰ ਪੁਛਿਆ, "ਹੇ ਰਿਸ਼ੀ, ਮੈਂ ਚਾਰੇ ਵੇਦ ਪੜ੍ਹ ਲਏ ਹਨ ਤੇ ਬਾਕੀ ਸਭ ਗ੍ਰੰਥ ਤੇ ਸ਼ਾਸਤਰ ਵੀ, ਪਰ ਏਨੇ ਗਿਆਨ ਦੇ ਬਾਵਜੂਦ ਮੈਂ ਦੁੱਖ ਤੋਂ ਪਾਰ ਨਹੀਂ ਲੰਘ ਸਕਿਆ। ਕੀ ਕਾਰਨ ਹੈ?"

ਰਿਸ਼ੀ ਨੇ ਆਖਿਆ, "ਹੇ ਨਾਰਦ, ਤੂੰ ਜੋ ਕੁਝ ਪੜ੍ਹਿਆ ਹੈ ਉਹ ਸਿਰਫ ਸ਼ਬਦ ਹਨ।" ਰਿਸ਼ੀ ਦੇ ਜਵਾਬ ਤੋਂ ਸਪਸ਼ਟ ਹੈ ਕਿ ਗਿਆਨ ਜੋ ਸਿਰਫ ਜਾਣਕਾਰੀ ਬਣ ਕੇ ਹੀ ਰਹਿ ਜਾਂਦਾ ਹੈ ਉਹ ਬੇਅਰਥ ਹੈ।

ਬਹੁਤ ਚਿਰ ਪਹਿਲਾਂ ਪਲੈਟੋ ਦੇ knowledge as training in values and cultivation of intellect ਤੋਂ ਲੈ ਕੇ ਮਾਰਕਸਿਸਟਾਂ ਦੇ knowledge for collective life ਆਖਣ ਤਕ ਸਾਹਿਤ ਤੇ ਸਮਾਜ ਦੇ ਰਿਸ਼ਤਿਆਂ ਨੂੰ ਜਾਨਣ, ਸਮਝਣ, ਸਿਰਜਣ ਤੇ ਵਿਉਂਤਣ ਵਾਲੇ ਬਹੁਤ ਪੜਾ ਆਏ ਹਨ।

ਇਸੇ ਤਰ੍ਹਾਂ ਮਨੂੰ ਤੋਂ ਲੈ ਕੇ ਟੈਗੋਰ ਤਕ ਪੂਰਬੀ ਚਿੰਤਕ ਵਿਦਿਆ ਦਾ ਆਦਰਸ਼ ਸਮਝਦੇ ਹਨ—ਮਨ ਦਾ ਟਿਕਾਓ ਤੇ ਜਗਤ ਨਾਲ ਇਕਸੁਰਤਾ ਭਾਵ, to achieve an internal poise and external harmony.

ਇਨ੍ਹਾਂ ਆਦਰਸ਼ਾਂ ਤੋਂ ਜਾਣੂ ਹੋਣ ਦੇ ਬਾਵਜੂਦ ਸਾਡੀ ਵਿਦਿਆ ਦੀਆਂ ਪਰਾਪਤੀਆਂ ਦਾ ਜੋ ਹਾਲ ਹੈ ਉਹ ਤੁਹਾਡੇ ਸਾਹਮਣੇ ਹੈ; ਤੇ ਪੱਛਮ ਦਾ ਜੋ ਹਾਲ ਹੈ ਉਹ ਉਥੋਂ ਦੇ ਇਕ ਵਿਦਵਾਨ ਖੋਜੀ ਦੀ ਖੋਜ ਦੇ ਆਧਾਰ 'ਤੇ ਕੱਢੇ ਸਿੱਟੇ ਉਸੇ ਦੇ ਸ਼ਬਦਾਂ ਵਿਚ ਇਹ ਹਨ ਕਿ :

**C. Wright Mills describes a well schooled and well placed person as "He has no project of his own, he fulfils the routine that exists. He is not truly aware of his daily experience and its actual standards, he drifts, he fulfils the habits...he loses his independence and more impor-**

**tantly he loses the desire to be independent individual with his own mind and his own worked out way of life."**

ਇਹ ਸਭ ਕੁਝ ਇਜ ਕਿਉਂ ਹੋ ਗਿਆ ?—ਇਸ ਸੰਬੰਧੀ ਦਾਰਸ਼ਨਿਕਾਂ, ਮਨੋਵਿਗਿਆਨੀਆਂ ਤੇ ਸਿਖਿਆ ਸ਼ਾਸਤਰੀਆਂ ਨੇ ਬੜੀ ਖੋਜ ਕੀਤੀ ਹੈ ਤੇ ਸਿੱਟੇ ਕੱਢੇ ਹਨ ਕਿ ਸਿਖਿਆ ਦੇ ਸੰਕਲਪਾਂ ਦਾ ਮੂਲ ਰੂਪ ਵਿਚ ਆਧਾਰ ਜੀਵਨ ਦਰਸ਼ਨ ਹੁੰਦਾ ਹੈ। ਜੀਵਨ ਦਰਸ਼ਨ ਇਤਿਹਾਸ ਦੀ ਗਤੀ (evolution), ਸਮਾਜ ਦੀ ਬਣਤਰ (structure), ਕੌਮੀ ਪਿਰਤਾਂ (traditions) ਤੇ ਆਦਰਸ਼ ਹੁੰਦੇ ਹਨ। ਤੇ ਹੁਣ ਉਹ ਸਮਾਂ ਆ ਗਿਆ ਹੈ ਜਦੋਂ ਸਾਨੂੰ ਪੁਰਾਣੀ ਗੁਲਾਮ ਜ਼ਹਿਨੀਅਤ ਨੂੰ ਉਲੰਘ ਕੇ ਆਪਣੇ ਇਤਿਹਾਸ ਦੀ ਗਤੀ, ਸਮਾਜ ਦੇ ਢਾਂਚੇ, ਕੌਮੀ ਪਿਰਤਾਂ ਤੇ ਆਦਰਸ਼ਾਂ ਵਲ ਇਕ ਸੁਤੰਤਰ ਤੇ ਆਪਣੀ ਸੁਤੰਤਰਤਾ ਪ੍ਰਤੀ ਚੇਤਨ ਸ਼ਹਿਰੀ ਵਾਂਗ ਸੋਚਣ ਦੀ ਸਮਰਥਾ ਦੇ ਅਨੁਸਾਰ ਆਪਣੀ ਵਿਦਿਆ ਦੇ ਆਦਰਸ਼ ਤੇ ਮਿਆਰ ਮਿਥਣੇ ਪੈਣਗੇ।

ਤੁਸੀਂ ਆਖੋਗੇ ਗੱਲ ਸੀ ਐਮ. ਏ. ਪੰਜਾਬੀ ਦੀ ਪੜ੍ਹਾਈ ਦੀ......ਪਰ ਮੈਂ ਪਹਿਲੇ ਹੀ ਆਖਿਆ ਹੈ ਕਿ ਕਿਸੇ ਵੀ ਬੂਟੇ ਦੇ ਫੁੱਲਾਂ ਫਲਾਂ ਦੀ ਗੱਲ ਤੋਂ ਪਹਿਲਾਂ ਉਸ ਦੇ ਪੱਤਿਆਂ, ਟਾਹਣੀਆਂ, ਤਣੇ, ਜੜ੍ਹਾਂ, ਜ਼ਮੀਨ ਤੇ ਜ਼ਮੀਨ ਦੇ ਅੰਦਰ ਮਰ ਮਿਟਣ ਵਾਲੇ ਬੀਜ ਤਕ ਜਾਣਾ ਪਵੇਗਾ।

ਜੇ ਸਾਨੂੰ ਆਪਣੀ ਐਮ. ਏ. ਪੰਜਾਬੀ ਦੀ ਪੜ੍ਹਾਈ ਦੇ ਵਰਤਮਾਨ ਮੰਤਵ ਤੇ ਆਦਰਸ਼ਾਂ ਬਾਰੇ ਸੰਦੇਹ ਹੋ ਗਿਆ ਹੈ ਤਾਂ ਜ਼ਰੂਰੀ ਹੈ ਕਿ ਕਿਧਰੇ ਕੁਝ ਗਲਤ ਹੋ ਗਿਆ ਹੈ। ਗਲਤ ਇਹ ਹੋ ਗਿਆ ਹੈ ਕਿ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਉੱਚ ਪੱਧਰ ਦੀ ਪੜ੍ਹਾਈ ਨੂੰ ਵੀ ਅਸੀਂ ਜ਼ਿੰਦਗੀ ਨਾਲੋਂ ਤੋੜ ਲਿਆ ਹੈ ਜਾਂ ਇਉਂ ਆਖ ਲਓ ਬਹੁਤ ਸਾਰੇ ਹੋਰ ਮਜ਼ਮੂਨਾਂ ਦੀ ਪੜ੍ਹਾਈ ਵਾਂਗ ਸਿਰਫ ਰੋਟੀ ਕਮਾਉਣ ਦੀ ਸਮੱਸਿਆ ਨਾਲ ਜੋੜ ਲਿਆ ਹੈ। ਇਸ ਤਰ੍ਹਾਂ ਜਿਸ ਪੜ੍ਹਾਈ ਨੇ ਜੀਵਨ ਜਾਚ ਬਣਨਾ ਸੀ ਤੇ ਜ਼ਿੰਦਗੀ ਦੇ ਕਰਮ ਖੇਤਰ (action) ਪਿਛੇ ਸੋਚ (contemplation) ਬਣ ਵਗਣਾ ਸੀ ਉਹ ਆਰਥਕਤਾ ਦੇ ਮਾਰੂਥਲ ਵਿਚ ਭਟਕ ਗਈ ਹੈ।

ਇਹ ਠੀਕ ਹੈ ਰੋਟੀ ਦੀ ਸਮੱਸਿਆ ਵੀ ਬਹੁਤ ਵੱਡੀ ਸਮੱਸਿਆ ਹੈ ਪਰ ਜੇ ਪੰਜਾਬੀ ਐਮ. ਏ. ਦੀ ਪੜ੍ਹਾਈ ਦਾ ਮੰਤਵ ਤੇ ਆਦਰਸ਼ ਸਿਰਫ ਰੋਟੀ ਕਮਾਉਣਾ ਹੀ ਹੁੰਦਾ ਤਾਂ ਅਜ ਅਸੀਂ ਗਾਈਡਾਂ ਲਿਖਣ, ਛਪਵਾਣ, ਵਿਦਿਆਰਥੀਆਂ ਨੂੰ ਨਕਲ ਕਰਵਾਣ, ਨੰਬਰ ਲਗਵਾਣ, ਫਸਟ ਕਢਵਾਣ ਤੇ ਨੌਕਰੀਆਂ 'ਤੇ ਲਗਵਾਣ ਦੇ ਢੰਗਾਂ ਬਾਰੇ ਵਿਚਾਰ ਕਰ ਰਹੇ ਹੁੰਦੇ।

ਪਰ ਨਹੀਂ ਸਾਨੂੰ ਇਹ ਯਾਦ ਰਖਣਾ ਪਏਗਾ ਕਿ ਸਾਹਿਤ ਪੜ੍ਹਣ ਪੜ੍ਹਾਣ ਦਾ ਮੰਤਵ ਰੋਟੀ ਕਮਾਣ ਦੇ ਨਾਲ inner poise ਤੇ outer harmony ਦਾ ਪ੍ਰਾਪਤ ਕਰਨਾ ਵੀ ਹੈ।

ਤੁਸੀਂ ਆਖੋਗੇ ਇਨ੍ਹਾਂ ਸਭ ਗੱਲਾਂ ਦਾ ਸਾਨੂੰ ਪਤਾ ਹੈ ਮੈਂ ਪੰਜਾਬੀ ਐਮ. ਏ. ਦੇ ਸਿਲੇਬਸ ਸੰਬੰਧੀ ਗੱਲ ਕਰਾਂ। ਇਸ ਸੰਬੰਧੀ ਮੈਂ ਇਕ ਦੋ ਸੁਝਾਉ ਤੁਹਾਡੇ ਵਿਚਾਰ ਗੋਚਰੇ ਰਖਣਾ ਚਾਹਾਂਗੀ।

1. ਸਕੂਲ, ਕਾਲਜ ਤੇ ਯੂਨੀਵਰਸਿਟੀ ਦੀ ਪੰਜਾਬੀ ਦੀ ਪੜ੍ਹਾਈ ਦਾ ਸਾਲਮ (integrated) ਸਿਲੇਬਸ ਹੋਵੇ। ਭਾਵ ਹਰ ਅਗਲੀ ਜਮਾਤ ਭਾਸ਼ਾ ਤੇ ਸਾਹਿਤ ਨੂੰ ਹੋਰ ਵਿਸ਼ਾਲਤਾ ਤੇ ਹੋਰ ਡੂੰਘਾਈ ਵਿਚ ਜਾਣਨ ਦਾ ਅਗਲਾ ਪੜਾ ਹੋਵੇ।

2. ਐਮ. ਏ. ਦੇ ਸਿਲੇਬਸ ਵਿਚ ਬਹੁਤ ਸਾਰੀਆਂ 'ਆਪਸ਼ਨਜ਼' ਹੋਣ ਤਾਂ ਜੋ ਵਿਦਿਆਰਥੀ ਆਪਣੀ ਰੁਚੀ, ਯੋਗਤਾ ਤੇ ਉਦੇਸ਼ ਅਨੁਸਾਰ ਚੋਣ ਕਰ ਸਕਣ। ਇਸ ਤੋਂ ਜ਼ਰਾ ਹੋਰ ਵੀ ਅੱਗੇ ਜਾ ਕੇ ਉਨ੍ਹਾਂ ਨੂੰ ਦੋ ਸਾਲਾਂ ਵਿਚ ਅੱਠ ਪਰਚੇ ਪੜ੍ਹਾਉਣ ਦੀ ਥਾਂ ਜੇ ਬਾਹਰਲੀਆਂ ਕਈ ਯੂਨੀਵਰਸਿਟੀਆਂ



ਵਾਂਗ ਇਨ੍ਹਾਂ ਪਰਚਿਆਂ ਨੂੰ ਜੇ ਤਿੰਨਾਂ ਤਿੰਨਾਂ ਮਹੀਨਿਆਂ ਦੇ ਕੋਰਸਿਜ਼ ਵਿਚ ਵੰਡ ਕੇ ਪੜ੍ਹਾ ਸਕੀਏ ਤੇ ਹਰ ਪਰਚੇ ਨਾਲ ਸੰਬੰਧਿਤ ਲੋੜੀਂਦੇ ਹੋਰ ਕੋਰਸ ਵੀ ਹੋਣ ਜਿਹੜੇ ਵਿਦਿਆਰਥੀ ਲੈਣਾ ਚਾਹੁਣ ਤਾਂ ਅਸੀਂ ਉਸ ਸਾਹਿਤਕ ਰੂਪ ਦੇ ਚੰਗੇ ਵਿਦਵਾਨ ਪੈਦਾ ਕਰ ਸਕਣ ਦੀ ਆਸ ਕਰ ਸਕਦੇ ਹਾਂ। ਉਦਾਹਰਣ ਲਈ ਡਰਾਮੇ ਦੇ ਪਰਚੇ ਵਿਚ ਸਾਰਾ ਸਾਲ ਪੰਜਾਬੀ ਡਰਾਮਾ ਪੜ੍ਹਾਉਂਦੇ ਰਹਿਣ ਨਾਲੋਂ ਇਸ ਵਿਚ ਚਾਰ ਕੋਰਸਿਜ਼ ਹੋ ਸਕਦੇ ਹਨ: **(1) Dramatic Theory (2) World Drama (3) Indian Drama (4) Punjabi Drama**

3. ਇਸੇ ਤਰ੍ਹਾਂ ਅੰਤਰ-ਸੰਬੰਧਤ (interdisciplinary) ਕੋਰਸਿਜ਼ ਹੋਣ।

4. ਹਰ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੀ ਇਕ ਵੱਖਰੀ ਪਛਾਣ (identity) ਹੋਵੇ। ਵਧੀਆ ਗੱਲ ਤਾਂ ਇਹ ਹੁੰਦੀ ਹੈ ਕਿ ਹਰ ਯੂਨੀਵਰਸਿਟੀ ਦੀ ਆਪਣੀ ਵੱਖਰੀ ਪਛਾਣ ਹੋਵੇ ਜਿਵੇਂ ਕਿ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਨੇ ਆਪਣੀ ਬਣਾ ਲਈ ਹੈ ਜਾਂ ਜਿਵੇਂ ਪੰਜਾਬੀ ਯੂਨੀਵਰਸਿਟੀ ਆਪਣੇ ਸਾਰੇ ਵਿਭਾਗਾਂ ਦਾ ਧਿਆਨ ਪੰਜਾਬ ਨਾਲ ਸੰਬੰਧਤ ਸਮੱਸਿਆਵਾਂ ਵਲ ਕੇਂਦਰਿਤ ਕਰ ਕੇ ਆਪਣੀ ਵਖਰੀ ਪਛਾਣ ਬਣਾ ਸਕਦੀ ਹੈ। ਮੇਰਾ ਭਾਵ ਹੈ ਉਦਾਹਰਣ ਲਈ ਪੰਜਾਬ ਦੀ ਹਿਸਟਰੀ, ਸੋਸ਼ਿਆਲੋਜੀ ਬਾਰੇ ਜੇ ਕਿਸੇ ਨੇ ਕੁਝ ਜਾਣਨਾ ਹੋਵੇ ਤਾਂ ਪੰਜਾਬੀ ਯੂਨੀਵਰਸਿਟੀ ਉਸ ਨੂੰ ਯੋਗ ਥਾਂ ਜਾਪੇ। ਇਸੇ ਤਰ੍ਹਾਂ ਪੰਜਾਬ ਦੇ ਸਾਰੇ ਪੰਜਾਬੀ ਵਿਭਾਗ ਪੰਜਾਬੀ ਸਾਹਿਤ ਦੇ ਕਿਸੇ ਨਾ ਕਿਸੇ ਪੱਖ ਉਤੇ ਵਿਸ਼ਿਸ਼ਟਤਾ (Specialization) ਕਾਰਨ ਆਪਣੀ ਵਖਰੀ ਪਛਾਣ ਬਣਾਨ ਲਈ ਸਿਲੇਬਸ ਦੇ ਉਸ ਪੱਖ ਨੂੰ ਵਧ ਮਹੱਤਤਾ ਦੇਣ।

5. ਵਿਦਿਆਰਥੀ ਤਬਕੇ ਵਿਚ ਜੋ ਕਰਤਾਰੀ ਸੰਭਾਵਨਾਵਾਂ ਵਾਲੇ ਲੋਕ ਹੁੰਦੇ ਹਨ, ਉਨ੍ਹਾਂ ਦੀਆਂ ਸੰਭਾਵਨਾਵਾਂ ਨੂੰ ਰੱਬੀ ਦੇਣ ਨਾਲ ਜੋੜਨ ਵਾਲਾ ਰਵਾਇਤੀ ਵਿਚਾਰ ਛੱਡ ਕੇ ਉਨ੍ਹਾਂ ਦੀ ਰਚਨਾਤਮਕ ਪ੍ਰਤਿਭਾ (creative energy) ਨੂੰ ਸੇਧ ਦੇ ਸਕਣ ਜੋਗੇ ਪਰੋਗਰਾਮ ਉਲੀਕ ਕੇ ਸਿਲੇਬਸ ਵਿਚ ਉਸ ਨੂੰ ਯੋਗ ਥਾਂ ਦੇਈਏ।

ਜਿਥੋਂ ਤਕ ਪੰਜਾਬੀ ਐਮ. ਏ. ਭਾਗ ਪਹਿਲਾ ਤੇ ਦੂਜਾ ਲਈ ਮਾਡਲ ਸਿਲੇਬਸ ਤਿਆਰ ਕਰਨ ਦਾ ਸੁਆਲ ਹੈ, ਇਸ ਸੰਬੰਧ ਵਿਚ ਮੈਂ ਇਹੀ ਕਹਿ ਸਕਦੀ ਹਾਂ ਕਿ ਸਾਰੇ ਪੇਪਰਾਂ ਦੇ ਸਿਲੇਬਸ ਉਨ੍ਹਾਂ ਵਿਸ਼ਿਆਂ ਦੇ ਵਿਸ਼ੇਸ਼ਗ ਰਲ ਕੇ ਹੀ ਬਣਾ ਸਕਦੇ ਹਨ। ਮੈਨੂੰ ਤਾਂ ਸਾਡੇ ਸਿਲੇਬਸਾਂ ਵਿਚ ਊਣਤਾਈਆਂ ਦਾ ਇਕ ਵੱਡਾ ਕਾਰਨ ਇਹ ਵੀ ਪ੍ਰਤੀਤ ਹੁੰਦਾ ਹੈ ਕਿ ਸਿਲੇਬਸ ਬਣਾਉਣ ਵੇਲੇ ਉਸ ਪੇਪਰ ਨੂੰ ਪੜ੍ਹਾਣ ਵਾਲੇ ਜਾਂ ਉਸ ਸੰਬੰਧੀ ਜਿਨ੍ਹਾਂ ਕੋਈ ਕੰਮ ਕੀਤਾ ਹੈ ਉਨ੍ਹਾਂ ਲੋਕਾਂ ਦੀ ਰਾਏ ਲੈਣ ਦੀ ਥਾਂ, ਲੋਕ ਸੀਨੀਅਰ ਜੂਨੀਅਰ ਦੇ ਲਿਹਾਜ਼ ਨਾਲ ਕਮੇਟੀਆਂ ਵਿਚ ਸੱਦੇ ਜਾਂਦੇ ਹਨ।

ਇਹ ਸਭ ਕੁਝ ਆਖ ਕੇ ਸਿਰਫ ਇਕ ਗੱਲ ਮੈਂ ਹੋਰ ਆਖਣੀ ਚਾਹਾਂਗੀ ਕਿ ਸਿਲੇਬਸ ਵਿਚ ਭਾਵੇਂ ਚਿੜੀ ਕਾਂ ਦੀ ਕਹਾਣੀ ਲਗਾ ਦਿਓ ਤੇ ਭਾਵੇਂ ਸੰਸਾਰ ਦੀਆਂ ਕਲਾਸਿਕਸ, ਇਹ ਏਡਾ ਫਰਕ ਨਹੀਂ ਪਾਉਂਦੇ ਜਿੰਨਾਂ ਫਰਕ ਇਹ ਗੱਲ ਪਾਉਂਦੀ ਹੈ ਕਿ ਉਸ ਸਿਲੇਬਸ ਨੂੰ ਪੜ੍ਹਾਇਆ ਕਿਵੇਂ ਜਾਂਦਾ ਹੈ ਤੇ ਉਸ ਦੀ ਵਿਆਖਿਆ (interpretation) ਕਿਵੇਂ ਕੀਤੀ ਜਾਂਦੀ ਹੈ। ਪੜ੍ਹਾਉਣ ਤੇ ਵਿਆਖਿਆ ਕਰਨ ਲਈ ਨਵੀਨ ਤੇ ਪੁਰਾਣੀਆਂ ਆਲੋਚਨਾ ਪ੍ਰਣਾਲੀਆਂ ਦੀ ਜਾਣਕਾਰੀ ਹੀ ਕਾਫੀ ਨਹੀਂ। ਇਹ ਤਾਂ ਨਿਰੇ ਸੰਦ ਨੇ। ਸੰਦਾਂ ਦਾ ਕੀ ਹੁੰਦੈ, ਚਾਕੂ ਨਾਲ ਤੁਸੀਂ ਕਲਮ ਵੀ ਘੜ ਸਕਦੇ ਹੋ ਤੇ ਉਂਗਲ ਵੀ ਵੱਢ ਸਕਦੇ ਹੋ। ਗੱਲ ਤਾਂ ਇਸ ਗੱਲ 'ਤੇ ਆ ਕੇ ਮੁਕਦੀ ਹੈ ਕਿ ਤੁਹਾਡੇ ਮਨ ਵਿਚ ਸਵੈ ਦਾ ਤੇ ਸੰਸਾਰ ਦਾ ਕੀ ਬਿੰਬ ਹੈ। ਦੂਜਾ ਤੁਹਾਡੇ ਮਨ ਵਿਚ ਸਵੈ ਦੇ ਸੰਸਾਰ ਨਾਲ ਰਿਸ਼ਤਿਆਂ ਦੇ

ਕਿਹੜੇ ਧਰਾਤਲ ਦੀ ਵੱਧ ਕੀਮਤ ਤੇ ਅਹਿਮੀਅਤ ਹੈ।

ਸਵੈ ਤੇ ਸੰਸਾਰ ਨਾਲ ਰਿਸ਼ਤਿਆਂ ਦੇ ਧਰਾਤਲ ਨੂੰ ਯੁੱਗ ਚੇਤਨਾ, ਸਮਾਜਕ ਚੇਤਨਾ ਤੇ ਮਾਨਵੀ ਮੁੱਲਾਂ ਦੀ ਚੇਤਨਾ ਸਿਰਜਦੀਆਂ ਹਨ। ਉਦਾਹਰਣ ਦੇ ਤੌਰ 'ਤੇ ਜੇ ਮੇਰੇ ਵਰਗੇ ਕਿਸੇ ਨੂੰ ਇਹ ਹੀ ਨਹੀਂ ਪਤਾ ਕਿ ਇਸ ਯੁੱਗ ਵਿਚ ਸਾਡੀ ਚੇਤਨਾ, ਚੇਤਨਾ ਦੇ ਵਿਕਾਸ ਦੇ ਕਿਹੜੇ ਪੜਾ ਉਤੇ ਹੈ—ਭਾਵ ਦਾਰਸ਼ਨਿਕ ਪੱਧਰ ਉਤੇ ਅਸੀਂ ਚਿੰਤਨ ਦੇ ਕਿਹੜੇ ਧਰਾਤਲ ਉਤੇ ਹਾਂ—ਭਾਵ ਸਵੈ ਤੇ ਪਰ ਦੇ ਰਿਸ਼ਤਿਆਂ ਦਾ ਕਿਹੜਾ ਸੱਚ ਸਾਡਾ ਮਾਡਲ ਹੈ ਤਾਂ ਉਸ ਦਾ ਰੱਬ ਹੀ ਰਾਖਾ ਹੈ। ਇਕ ਵੇਲਾ ਸੀ ਜਦੋਂ ਅਸੀਂ ਸੋਚਦੇ ਸੀ every man is potentially a Budha ਭਾਵ ਹਰੇਕ ਦੇ ਅੰਦਰ ਇਕ ਬੁੱਧ ਹੈ ਜਿਸ ਨੂੰ ਉਸ ਨੇ ਵਿਦਿਆ ਰਾਹੀਂ ਲੱਭਣਾ ਹੈ ਤੇ ਇਕ ਇਹ ਵੀ ਵੇਲਾ ਹੈ ਜਦੋਂ ਅਸੀਂ ਆਖਦੇ ਹਾਂ Man is a social animal ਭਾਵ ਮਨੁੱਖ ਇਕ ਸਮਾਜਿਕ ਜੀਵ ਹੈ।

ਜਾਂ ਇਸ ਤੋਂ ਵੀ ਸਪਸ਼ਟ ਉਦਾਹਰਣ : ਯੂਨਾਨੀ ਡਰਾਮੇ ਨੇ ਆਪਣੀ ਆਸਥਾ ਦੇ ਯੁਗ (age of faith) ਵਾਲੀ ਯੁੱਗ ਚੇਤਨਾ ਦੇ ਆਧਾਰ ਉਪਰ ਜੀਵਨ ਜਗਤ ਤੇ ਇਸ਼ਟ ਦੀ ਜਦੋਂ ਗੱਲ ਕੀਤੀ ਤਾਂ ਆਖ ਦਿਤਾ ਹੋਣੀ ਪੂਰਵ ਨਿਰਧਾਰਿਤ ਹੈ (Destiny is predestined) ਸ਼ੈਕਸਪੀਅਰ ਦੇ ਵੇਲੇ ਤੱਕ ਪਹੁੰਚਦਿਆਂ ਦਰਸ਼ਨ ਅਤੇ ਚਿੰਤਨ ਦੇ ਇਤਿਹਾਸ ਦਾ ਜੋ ਪੜਾ ਆ ਗਿਆ ਸੀ ਉਸ ਦੀ ਚੇਤਨਤਾ ਦੇ ਆਧਾਰ ਉਤੇ ਜੀਵਨ ਜਗਤ ਤੇ ਇਸ਼ਟ ਦੀ ਗੱਲ ਕਰਨ ਵੇਲੇ destiny predestined ਹੋਣ ਦੀ ਥਾਂ ਚਰਿੱਤਰ ਹੀ ਹੋਣੀ ਹੈ (character is destiny) ਤੇ ਆ ਕੇ ਗੱਲ ਮੁੱਕੀ ਤੇ ਵਰਤਮਾਨ ਯੁੱਗ ਵਿਚ ਗਿਆਨ, ਵਿਗਿਆਨ, ਮਨੋਵਿਗਿਆਨ ਤੇ ਅਰਥ ਵਿਗਿਆਨ ਦੀਆਂ ਪਰਾਪਤੀਆਂ ਨੇ ਸ਼ਕਤੀ ਰੱਬ ਤੇ ਮਨੁੱਖ ਦੋਵਾਂ ਪਾਸੋਂ ਵਾਪਸ ਲੈ ਕੇ ਫੈਸਲਾ ਇਹ ਦਿਤਾ ਹੈ ਕਿ ਹੋਣੀ ਸਮਾਜਕ ਜਾਂ ਮਾਨਵਿਕ ਸਥਿਤੀਆਂ ਉਤੇ ਆਧਾਰਿਤ ਹੈ (destiny is social or situational)

ਮੇਰਾ ਮਤਲਬ ਹੈ ਦੇਖਣਾ ਇਹ ਹੈ ਕਿ ਅਸੀਂ ਭਾਵਕ ਤੇ ਬੌਧਿਕ ਤੌਰ 'ਤੇ ਯੁੱਗ ਚੇਤਨਾ ਦੇ ਵਿਕਾਸ ਦੇ ਕਿਹੜੇ ਪੜਾ ਉਤੇ ਖੜੋਤੇ ਹਾਂ ਜਾਂ ਸਾਡੀ ਵਿਸ਼ਵ ਦ੍ਰਿਸ਼ਟੀ (world view) ਕੀ ਹੈ ਤੇ ਸਾਡਾ ਪ੍ਰਸੰਗਾਤਮਕ ਚੌਖਟਾ (frame of reference) ਕੀ ਹੈ ਤੇ system of interpretation ਕੀ ਹੈ।

ਇਸੇ ਤਰ੍ਹਾਂ ਸਾਹਿਤ ਚੇਤਨਾ ਤੇ ਫਿਰ ਸਾਹਿਤ ਦੇ ਉਸ ਖਾਸ ਰੂਪ (genre) ਦੇ ਵਿਕਾਸ ਦੀ ਸਥਿਤੀ ਦੀ ਵੀ ਸਮਝ ਹੋਣੀ ਚਾਹੀਦੀ ਹੈ। ਮਸਲਨ ਮਾਇਤਰੀ ਦੇਵੀ 1976 ਵਿਚ ਜਦੋਂ ਬੰਗਾਲੀ ਵਿਚ ਸਵੈ-ਜੀਵਨੀ ਆਧਾਰਿਤ ਨਾਵਲ It does not die ਲਿਖਦੀ ਹੈ ਤੇ ਉਸ ਦੀ ਇਸ ਪਹਿਲੀ ਪੁਸਤਕ ਨੂੰ ਹੀ ਸਾਹਿਤ ਅਕੈਡਮੀ ਦਾ ਐਵਾਰਡ ਮਿਲ ਜਾਂਦਾ ਹੈ ਤਾਂ ਸਾਨੂੰ ਹੈਰਾਨੀ ਨਹੀਂ ਹੁੰਦੀ ਕਿਉਂਕਿ ਟੈਗੋਰ ਤੇ ਸ਼ਰਤ ਚੰਦਰ ਦੇ ਬੰਗਾਲੀ ਨਾਵਲਾਂ ਦੀ ਪਹੁੰਚ ਤੇ ਪਰਾਪਤੀਆਂ ਉਸ ਦਾ ਵਿਰਸਾ ਸਨ।

ਇਸ ਤੋਂ ਮਗਰੋਂ ਦੇਖਣਾ ਪਵੇਗਾ ਕਿ ਬੋਲੀ ਦੇ ਵਿਕਾਸ ਦਾ ਇਹ ਕਿਹੜਾ ਪੜਾ ਹੈ। ਆਮ ਕਰਕੇ ਤਾਂ ਬੋਲੀ ਦਾ ਵਿਕਾਸ ਸੰਸਕ੍ਰਿਤੀ ਤੇ ਸਾਹਿਤ ਦੇ ਵਿਕਾਸ ਦੇ ਨਾਲ ਨਾਲ ਹੀ ਤੁਰਦਾ ਹੈ ਪਰ ਕਦੇ ਕਦੇ ਇਨ੍ਹਾਂ ਵਿਚ ਪਾੜ ਵੀ ਪੈ ਜਾਂਦਾ ਹੈ ਜਦੋਂ ਬੌਧਿਕ, ਭਾਵੁਕ ਤੇ ਸਾਂਸਕ੍ਰਿਤਿਕ ਸਤਾ ਉਪਰ ਅਸੀਂ ਨਿਖੜ ਜਾਈਏ, ਜਿਵੇਂ ਕਿ ਅੱਜ ਦੀ ਪੰਜਾਬੀ ਆਲੋਚਨਾ ਦੀ ਸਥਿਤੀ ਵਿਚ ਹੋ ਰਿਹਾ ਹੈ।



ਮੇਰਾ ਮਤਲਬ ਹੈ ਜੇ ਅਸੀਂ ਪੰਜਾਬੀ ਐਮ. ਏ. ਦੀ ਪੜ੍ਹਾਈ ਦਾ ਮੰਤਵ ਤੇ ਆਦਰਸ਼ ਰੋਟੀ ਕਮਾਣ ਦੇ ਨਾਲ inner poise ਤੇ outer harmony ਰੱਖਣਾ ਹੈ ਤਾਂ ਸਿਰਫ ਇਹ ਨਹੀਂ ਦੇਖਣਾ ਪਵੇਗਾ ਕਿ ਕੀ ਪੜ੍ਹਾਉਣਾ ਹੈ, ਸਗੋਂ ਇਹ ਵੀ ਦੇਖਣਾ ਪਵੇਗਾ ਕਿ ਕਿਵੇਂ ਪੜ੍ਹਾਉਣਾ ਹੈ ਤੇ ਕੀਹਨੇ ਪੜ੍ਹਾਉਣਾ ਹੈ।

ਸੋ ਗੱਲ ਇਥੇ ਮੁਕਦੀ ਹੈ ਕਿ ਜੇ ਅਸੀਂ ਸਿਲੇਬਸ ਨੂੰ ਜ਼ਿੰਦਗੀ ਦੇ ਤੇ ਜ਼ਿੰਦਗੀ ਨੂੰ ਸਵੈ ਦੇ ਪਰਕਰਣ ਵਿਚ ਰੱਖ ਕੇ ਜਾਂ ਦੂਜੀ ਤਰ੍ਹਾਂ ਪੜ੍ਹਾਈ ਨੂੰ ਸਵੈ ਦੇ, ਸਵੈ ਨੂੰ ਸਮਾਜ ਦੇ ਤੇ ਸਮਾਜ ਨੂੰ ਸ੍ਰਿਸ਼ਟੀ ਦੇ ਪਰਕਰਣ ਵਿਚ ਰੱਖ ਕੇ ਬਿਨਾ ਕਿਸੇ ਭੈ ਤੇ ਲਾਲਚ ਦੇ ਇਕ ਸੁਤੰਤਰ ਵਿਅਕਤੀ ਵਾਂਗ ਕੁਝ ਸੋਚਣ ਦੇ ਸਮਰੱਥ ਹੋਵਾਂਗੇ ਤੇ ਦੂਜਿਆਂ ਨੂੰ ਕੁਝ ਸੋਚਣ ਦੇ ਸਮਰੱਥ ਸਮਝ ਕੇ ਸੋਚਣ ਦਾ ਤੇ ਉਸ ਸੋਚ ਅਨੁਸਾਰ ਜੀਊਣ ਦਾ ਅਧਿਕਾਰ ਦੇਣਾ ਪਰਵਾਨ ਕਰਾਂਗੇ ਫਿਰ ਹੀ ਕਿਸੇ ਪੜ੍ਹਾਈ, ਕਿਸੇ ਸਿਲੇਬਸ ਦੇ ਮੰਤਵ ਤੇ ਆਦਰਸ਼ ਦੀ ਗੱਲ ਤੁਰ ਸਕਦੀ ਹੈ। ਤਾਂ ਹੀ ਤੁਸੀਂ ਆਪਣੇ ਵਿਦਿਆਰਥੀਆਂ ਦੀ ਚੇਤਨਤਾ ਨੂੰ ਪ੍ਰਤਿਭਾ ਵਿਚ ਬਦਲ ਸਕਦੇ ਹੋ। ਇਸ ਤੋਂ ਬਿਨਾਂ ਸਭ ਗੱਲਾਂ ਤੇ ਸਾਰੀ ਪੜ੍ਹਾਈ ਤੇ ਸਿਲੇਬਸ ਸ੍ਰੀ ਨਾਰਦ ਨੂੰ ਸਨੱਤ ਕੁਮਾਰ ਰਿਸ਼ੀ ਦੀ ਆਖੀ ਗੱਲ ਵਾਂਗ ਸਿਰਫ ਸ਼ਬਦ ਹਨ, ਲਫਜ਼ ਹਨ।

---

ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ। ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

---

Send subscriptions & donations to :

* H. S. Saini
95, Burns Ave.,
Southall, Middx, U.K.
* Parminder Tiwana
1086 Mc Callum Rd.
Abbotsford. B C.
Canada

Price : Rs. 2.00 per copy
Subscription :
Annual (India) : Rs. 20
U.S.A.. Canada : Rs. 100 (By air)
(Pakistan) : Rs. 40
Life membership : Rs. 200 (India)
Rs. 1,000 (Foreign)

---

Bhagwan Josh

COMMUNIST MOVEMENT IN PUNJAB (1926-47)

The only book of its kind on the subject...factual, analytical...at places showing brilliant insight into what-has-been and what-could-have-been the communist movement in the Punjab and, for that matter, in India. Hardbound, pages 220, price : Rs. 60

Order your copy to SEDH, A-42, Defence Colony, N. Delhi-24.

# ਪੰਜਾਬੀ ਮਾਧਿਅਮ ਪ੍ਰੀਵਰਤਨ ਅਤੇ ਭਾਸ਼ਾਈ ਸਮੱਸਿਆਵਾਂ

ਜੁਗਿੰਦਰ ਸਿੰਘ ਪੁਆਰ

ਵਿਦਿਅਕ ਮਾਹਰ ਇਸ ਵਿਚਾਰ ਨਾਲ ਪੂਰਨ ਰੂਪ ਵਿਚ ਸਹਿਮਤ ਨੇ ਕਿ ਹਰ ਪੱਧਰ 'ਤੇ ਸਿਖਿਆ ਸਿਖਿਆਰਥੀ ਦੀ ਮਾਤ-ਭਾਸ਼ਾ ਦੇ ਮਾਧਿਅਮ ਰਾਹੀਂ ਦੇਣੀ ਚਾਹੀਦੀ ਹੈ, ਕਿਉਂਕਿ ਹਰ ਵਿਅਕਤੀ, ਉਹ ਬੱਚਾ ਹੋਵੇ ਜਾਂ ਗੱਭਰੂ, ਆਪਣੇ ਵਿਚਾਰਾਂ ਨੂੰ ਯੋਗ ਢੰਗ ਨਾਲ ਮਾਤ-ਭਾਸ਼ਾ ਰਾਹੀਂ ਹੀ ਪ੍ਰਗਟਾ ਸਕਦਾ ਹੈ। ਮਨੁਖੀ ਜੀਵਨ ਨਾਲ ਸਬੰਧਤ ਸੂਖਮ ਤੋਂ ਸੂਖਮ ਮਨੋਭਾਵਾਂ ਨੂੰ ਸਮਝਣ ਸਮਝਾਉਣ, ਉਨ੍ਹਾਂ ਦੇ ਉੱਜਲ ਚਿੱਤਰ ਉਲੀਕਣ ਵਿਚ ਮਾਤ-ਭਾਸ਼ਾ ਹੀ ਵਧੇਰੇ ਸਹਾਈ ਹੋ ਸਕਦੀ ਹੈ। ਪਰ ਤਾਂ ਵੀ ਜਦੋਂ ਸਾਡੇ ਭਾਰਤੀ ਵਿਸ਼ਵ-ਵਿਦਿਆਲਿਆਂ ਵਿਚ ਭਾਰਤੀ ਭਾਸ਼ਾਵਾਂ ਨੂੰ ਉਚ ਸਿਖਿਆ ਦੇ ਖੇਤਰ ਵਿਚ ਮਾਧਿਅਮ ਬਨਾਉਣ ਦੀ ਤਜਵੀਜ਼ ਸਾਹਮਣੇ ਆਉਂਦੀ ਹੈ ਤਾਂ ਵੱਖ ਵੱਖ ਸਭਾ-ਮੰਚਾਂ 'ਤੇ ਇਕ ਵਿਸ਼ੇਸ਼ ਭਾਂਤ ਦੀ ਬੇਲੋੜੀ ਚਰਚਾ ਸ਼ੁਰੂ ਹੋ ਜਾਂਦੀ ਹੈ।

ਪਿਛਲੇ ਕੁਝ ਸਮੇਂ ਤੋਂ ਪੰਜਾਬ ਦੇ ਵਖ ਵਖ ਵਿਸ਼ਵ-ਵਿਦਿਆਲਿਆਂ ਵਿਚ ਬੀ. ਏ. ਤਕ ਸਮਾਜਕ ਵਿਗਿਆਨ ਨਾਲ ਸੰਬੰਧਤ ਵਿਸ਼ਿਆਂ ਦੀ ਪੜ੍ਹਾਈ ਲਈ ਪੰਜਾਬੀ ਨੂੰ ਵੀ ਸਿਖਿਆ ਦੇ ਮਾਧਿਅਮ ਦੇ ਤੌਰ 'ਤੇ ਵਰਤਿਆ ਜਾ ਰਿਹਾ ਹੈ। ਸਾਇੰਸ ਨਾਲ ਸਬੰਧਤ ਵਿਸ਼ੇ ਅੰਗ੍ਰੇਜ਼ੀ ਰਾਹੀਂ ਹੀ ਪੜ੍ਹਾਏ ਜਾਂਦੇ ਨੇ। ਐਮ. ਏ. ਪੱਧਰ 'ਤੇ ਹਰ ਭਾਂਤ ਦੀ ਪੜ੍ਹਾਈ ਲਈ ਨਿਰੋਲ ਅੰਗ੍ਰੇਜ਼ੀ ਮਾਧਿਅਮ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਹੁਣ, ਜਦੋਂ ਐਮ. ਏ. ਦੀ ਪੜ੍ਹਾਈ ਪੰਜਾਬੀ ਮਾਧਿਅਮ ਰਾਹੀਂ ਵੀ ਕਰਵਾਏ ਜਾਣ ਦਾ ਫ਼ੈਸਲਾ ਕੀਤਾ ਗਿਆ ਹੈ, ਤਾਂ ਬਹੁਤ ਸਾਰੇ ਪੁਰਾਣੇ ਪ੍ਰਸ਼ਨ ਮੁੜ ਸੁਰਜੀਤ ਹੋ ਸਾਡੇ ਸਾਹਮਣੇ ਆ ਖੜ੍ਹੇ ਹੋਏ ਨੇ।

ਅੰਗ੍ਰੇਜ਼ੀ ਮਾਧਿਅਮ ਰਾਹੀਂ ਉਚੇਰੀ ਸਿਖਿਆ ਦੇਣ ਦੇ ਸਮਰਥਕ ਇਸ ਵਿਚਾਰ ਦੇ ਧਾਰਨੀ ਨੇ ਕਿ ਪੰਜਾਬੀ ਮਾਧਿਅਮ ਰਾਹੀਂ ਉਚ ਪੱਧਰ ਦੀ ਸਿਖਿਆ ਦੇਣ ਨਾਲ ਵਿਦਿਆ ਦਾ ਮਿਆਰ ਗਿਰ ਜਾਵੇਗਾ। ਉਹ ਇਹ ਵੀ ਸਮਝਦੇ ਨੇ ਕਿ ਪੰਜਾਬੀ ਮਾਧਿਅਮ ਦੀ ਵਰਤੋਂ ਦਾ ਭਾਵ ਵਿਦਿਆਰਥੀਆਂ ਦੇ ਭਵਿਖ ਨੂੰ ਬਹੁਤ ਸਾਰੇ ਪੱਖਾਂ ਤੋਂ ਇਕ ਛੋਟੀ ਜਿਹੀ ਸੀਮਾਂ ਤਕ ਹੀ ਮਹਿਦੂਦ ਕਰਨ ਦੇ ਬਰਾਬਰ ਹੋਵੇਗਾ। ਪਹਿਲੇ ਵਿਚਾਰ ਦੀ ਪੁਸ਼ਟੀ ਲਈ ਸਾਡੇ ਵਿਦਵਾਨ ਵਖ ਵਖ ਵਿਸ਼ਿਆਂ ਨਾਲ ਸਬੰਧਤ ਪੰਜਾਬੀ ਪੁਸਤਕਾਂ ਦੀ ਥੁੜ ਦਾ ਆਮ ਜ਼ਿਕਰ ਕਰਦੇ ਨੇ ਜਿਸ ਦਾ ਇਕ ਕਾਰਨ ਬਹੁਤ ਵਾਰ ਉਹ ਪੰਜਾਬੀ ਵਿਚ ਤਕਨੀਕੀ ਸ਼ਬਦਾਵਲੀ ਦੀ ਘਾਟ ਮੰਨਦੇ ਨੇ। ਕੁਝ ਹਦ ਤਕ ਇਹ ਦੋਵੇਂ ਗੱਲਾਂ ਠੀਕ ਵੀ ਨੇ। ਪਰ ਪੁਸਤਕਾਂ



ਅਤੇ ਤਕਨੀਕੀ ਸ਼ਬਦਾਵਲੀ ਦੀ ਘਾਟ ਨੂੰ ਬਹਾਨਾ ਬਣਾ ਕੇ ਪੰਜਾਬੀ ਮਾਧਿਅਮ ਦੀ ਵਰਤੋਂ ਦੇ ਰਾਹ ਵਿਚ ਰੁਕਾਵਟਾਂ ਨਹੀਂ ਖੜੀਆਂ ਕੀਤੀਆਂ ਜਾ ਸਕਦੀਆਂ।

ਜਿਥੋਂ ਤਕ ਸਿਖਿਆ ਦੇ ਮਿਆਰ ਦਾ ਸੰਬੰਧ ਹੈ, ਇਹ ਸੋਚਣਾ ਕਿ ਪੰਜਾਬੀ ਨੂੰ ਮਾਧਿਅਮ ਬਨਾਉਣ ਨਾਲ ਸਿਖਿਆ ਦਾ ਪੱਧਰ ਜਾਂ ਮਿਆਰ ਗਿਰ ਜਾਵੇਗਾ, ਅਸਲੋਂ ਹੀ ਨਿਰਮੂਲ ਹੈ। ਸਿਖਿਆ ਦੇ ਖੇਤਰ ਵਿਚ ਹਾਲ ਦੀ ਘੜੀ ਅੰਗ੍ਰੇਜ਼ੀ ਮਾਧਿਅਮ ਅਧਿਆਪਕ ਅਤੇ ਵਿਦਿਆਰਥੀ ਨੂੰ ਇਕ ਦਿਖਾਵੇ ਦਾ ਗੌਰਵ ਤਾਂ ਜ਼ਰੂਰ ਦੇਂਦਾ ਹੈ, ਪਰ ਇਹ ਗੌਰਵ ਬਿਲਕੁਲ ਥੋਥਾ ਹੀ ਹੈ। ਅੰਗ੍ਰੇਜ਼ੀ ਮਾਧਿਅਮ ਸਿਖਿਆਰਥੀ ਦੀ ਸੋਚ ਨੂੰ ਸੁਤੰਤਰ, ਸੁੱਘੜ, ਅਤੇ ਸ਼ਕਤੀਸ਼ਾਲੀ ਬਨਾਉਣ ਵਿਚ ਸਹਾਇਕ ਨਹੀਂ ਹੋ ਰਿਹਾ ਅਤੇ ਨਾ ਹੀ ਹੋ ਸਕਦਾ ਹੈ, ਸਗੋਂ ਇਹ ਆਮ ਵਿਦਿਆਰਥੀ ਦੇ ਸਵੈਮਾਨ ਨੂੰ ਸਟ ਮਾਰਦਾ ਹੋਇਆ ਬਹੁਤ ਕਰਕੇ ਕੁਝ ਇਕ ਪੁਸਤਕਾਂ ਵਿਚੋਂ ਇਕੱਠੀ ਕੀਤੀ ਵਸਤੂ ਨੂੰ ਘੋਟਾ ਲਾਉਣ ਤਕ ਹੀ ਸੀਮਤ ਰਖਦਾ ਹੈ। ਇਸ ਢੰਗ ਨਾਲ ਹੋ ਰਹੇ ਬਾਹਰੀ ਨੁਕਸਾਨ ਨੂੰ ਤਾਂ ਸ਼ਾਇਦ ਅਸੀਂ ਪੂਰਨ ਰੂਪ ਵਿਚ ਨਾ ਭਾਂਪ ਸਕੀਏ ਪਰ ਵਿਦਿਆਰਥੀ ਅੰਦਰੋਂ ਕਿਸ ਭਾਂਤ ਦੇ ਖੋਖਲੇਪਨ ਦਾ ਸ਼ਿਕਾਰ ਹੋ ਚੁਕਿਆ ਹੁੰਦਾ ਹੈ, ਉਹ ਕਿਸੇ ਤੋਂ ਛੁਪਿਆ ਹੋਇਆ ਨਹੀਂ। ਸਿਖਿਆ-ਖੇਤਰ ਵਿਚ ਗਿਆਨ ਪ੍ਰਾਪਤੀ ਅਤੇ ਮਾਧਿਅਮ ਦਾ ਆਪ ਵਿਚ ਇਕ ਅਟੁਟ ਸੰਬੰਧ ਹੈ। ਸਾਧਾਰਨ ਸਥਿਤੀ ਵਿਚ ਗਿਆਨ ਦੀ ਪ੍ਰਾਪਤੀ ਤਾਂ ਮਾਤ-ਭਾਸ਼ਾ ਰਾਹੀਂ ਹੀ ਕੀਤੀ ਜਾ ਸਕਦੀ ਹੈ, ਨਾ ਕਿ ਕਿਸੇ ਦੂਜੀ ਭਾਸ਼ਾ ਦੇ ਮਾਧਿਅਮ ਰਾਹੀਂ। ਇਸ ਪੱਖ ਦੀ ਪੁਸ਼ਟੀ ਲਈ ਇਥੇ ਕੁਝ ਇਕ ਉਦਾਹਰਨਾਂ ਦਿਤੀਆਂ ਜਾ ਸਕਦੀਆਂ ਨੇ। ਮਿਸਾਲ ਵਜੋਂ ਰੂਸ, ਜਾਪਾਨ ਅਤੇ ਚੀਨ ਆਦਿ ਦੇਸ਼ ਇਕ ਸਮੇਂ ਵਿਗਿਆਨ ਦੇ ਖੇਤਰ ਵਿਚ ਬਹੁਤ ਪਛੜੇ ਸਮਝੇ ਜਾਂਦੇ ਸਨ, ਪਰ ਇਨ੍ਹਾਂ ਦੇਸ਼ਾਂ ਨੇ ਮੁਕਾਬਲਤਨ ਬਹੁਤ ਥੋੜੇ ਸਮੇਂ ਵਿਚ ਹੀ ਅਚੰਭੇ ਵਾਲੀ ਉਨਤੀ ਕੀਤੀ ਹੈ, ਜਦੋਂ ਕਿ ਇਨ੍ਹਾਂ ਦੇਸ਼ਾਂ ਵਿਚ ਉਚੇਰੀ ਸਿਖਿਆ ਦਾ ਮਾਧਿਅਮ ਉਥੋਂ ਦੀਆਂ ਆਪਣੀਆਂ ਭਾਸ਼ਾਵਾਂ ਹੀ ਨੇ। ਚੀਨ ਨੇ ਚੀਨੀ ਭਾਸ਼ਾ ਨੂੰ ਸਿਖਿਆ ਦਾ ਮਾਧਿਅਮ ਰਖਦਿਆਂ ਹੋਇਆਂ ਕੁਝ ਸਾਲਾਂ ਵਿਚ ਹੀ ਕੈਮਿਸਟਰੀ, ਫ਼ਿਜ਼ਿਕਸ, ਅਤੇ ਗਣਿਤ ਵਿਦਿਆ ਵਿਚ ਬਹੁਤ ਉਨਤੀ ਕੀਤੀ ਹੈ ਜਦੋਂ ਕਿ ਭਾਰਤ ਵਿਚ ਵਿਗਿਆਨ ਦੇ ਇਨ੍ਹਾਂ ਖੇਤਰਾਂ ਵਿੱਚ ਉਚੇਰੀ ਸਿਖਿਆ ਲਈ ਅੰਗ੍ਰੇਜ਼ੀ ਮਾਧਿਅਮ ਹੁੰਦਿਆਂ ਹੋਇਆਂ ਵੀ ਕੋਈ ਵਰਣਨ-ਯੋਗ ਉਨਤੀ ਨਹੀਂ ਹੋਈ।

ਕਈ ਵਾਰ ਇਹੋ ਵਿਦਵਾਨ ਇਹ ਕਹਿੰਦੇ ਵੀ ਸੁਣੇ ਗਏ ਨੇ ਕਿ ਪੰਜਾਬੀ ਭਾਸ਼ਾ ਵਿਚ ਉਸ ਪੱਧਰ ਦੀ ਬੋਧਕ ਪਰਪਕਤਾ ਅਤੇ ਲੱਚਕ ਹਾਲੀ ਤਕ ਨਹੀਂ ਆਈ ਜੋ ਵਿਗਿਆਨਕ ਵਾਰਤਾਲਾਪ ਲਈ ਕਿਸੇ ਵੀ ਭਾਸ਼ਾ ਦਾ ਮੁਖ ਲੱਛਣ ਹੁੰਦੀ ਏ। ਇਸ ਬਾਰੇ ਇਥੇ ਇਨਾਂ ਕਹਿਣਾ ਹੀ ਕਾਫ਼ੀ ਹੋਵੇਗਾ ਕਿ ਜੇ ਪੰਜਾਬੀ ਭਾਸ਼ਾ ਪੰਜਾਬੀ ਸਾਹਿਤ ਦੇ ਖੇਤਰ ਵਿਚ ਸੂਖਮ ਤੋਂ ਸੂਖਮ ਮਨੁਖੀ ਮਨੋਭਾਵਾਂ ਨੂੰ ਪਰਗਟਾਉਣ ਅਤੇ ਹਰ ਭਾਂਤ ਦੀ ਬਾਹਰੀ ਸਥਿਤੀ ਨੂੰ ਸਫਲ ਢੰਗ ਨਾਲ ਉਲੀਕਣ ਵਿਚ ਸਫਲ ਰਹੀ ਹੈ ਤਾਂ ਫਿਰ ਦੂਜੇ ਸਮਾਜਕ ਅਤੇ ਵਿਗਿਆਨਕ ਵਿਸ਼ਿਆਂ ਸੰਬੰਧੀ ਪੰਜਾਬੀ ਮਾਧਿਅਮ ਰਾਹੀਂ ਗਿਆਨ ਆਦਾਨ ਪਰਦਾਨ ਕਰਨ ਵਿਚ ਕੀ ਕਠਿਨਾਈ ਸਾਹਮਣੇ ਆ ਸਕਦੀ ਹੈ? ਇਸ ਦੇ ਨਾਲ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬੀ ਬਾਕੀ ਸਾਰੀਆਂ 'ਵਿਕਸਤ ਭਾਸ਼ਾਵਾਂ' ਵਾਂਗੂ ਕੁਦਰਤੀ ਤੌਰ 'ਤੇ ਉਪਜਾਊ ਹੋਣ ਦੇ ਨਾਤੇ ਮਨੁੱਖੀ ਜੀਵਨ ਅਤੇ ਉਸ ਦੇ ਚੁਗਿਰਦੇ ਨਾਲ ਸਬੰਧਤ ਹਰ ਭਾਂਤ ਦੇ ਗਿਆਨ ਨੂੰ ਬਿਆਨਣ ਦੀ ਸ਼ਕਤੀ ਆਪਣੇ ਜੁੱਸੇ ਵਿਚ ਲੁਕਾਈ ਬੈਠੀ ਹੈ। ਮਿਸਾਲ ਵਜੋਂ ਭਾਰਤ ਵਿਚ ਜਮਹੂਰੀ ਢਾਂਚਾ ਲਾਗੂ ਹੋਣ ਤੋਂ ਬਾਅਦ ਰਾਜਨੀਤਕ ਖੇਤਰ ਵਿਚ ਬਹੁਤ ਸਾਰੀ ਤਕਨੀਕੀ ਸ਼ਬਦਾਵਲੀ ਦੀ ਲੋੜ ਮਹਿਸੂਸ ਕੀਤੀ ਗਈ। ਬਹੁਤ ਸਾਰੇ ਸ਼ਬਦ ਜਿਵੇਂ ਕਿ ਰਾਸ਼ਟਰਪਤੀ, ਮੰਤਰੀ, ਪ੍ਰਧਾਨ-ਮੰਤਰੀ, ਮੁਖ-

ਮੰਤਰੀ, ਰਾਜ-ਮੰਤਰੀ, ਵਧਾਇਕ, ਰਾਜ-ਸਭਾ, ਲੋਕ-ਸਭਾ, ਵਿਧਾਨ-ਸਭਾ, ਵਿਧਾਨ ਕੌਂਸਲ, ਆਦਿ ਦੀ ਸਿਰਜਣਾ ਕੀਤੀ ਗਈ ਅਤੇ ਅਜ ਇਹ ਸ਼ਬਦ ਆਮ ਲੋਕਾਂ ਦੀ ਬੋਲਚਾਲ ਦੀ ਬੋਲੀ ਦਾ ਇਕ ਅਟੁਟ ਹਿੱਸਾ ਬਣ ਚੁੱਕੇ ਨੇ। ਕਿਸੇ ਵੀ ਭਾਸ਼ਾ ਦੇ ਜੁੱਸੇ ਨੂੰ 'ਅਵਿਕਸਤ' ਨਹੀਂ ਕਿਹਾ ਜਾ ਸਕਦਾ। ਲੋੜ ਉਸ ਭਾਸ਼ਾ ਨੂੰ ਵਰਤੋਂ ਵਿਚ ਲਿਆਉਣ ਦੀ ਹੁੰਦੀ ਹੈ। ਜੇ ਕੋਈ ਘਾਟ ਹੁੰਦੀ ਹੈ ਤਾਂ ਉਹ ਭਾਸ਼ਾ ਨੂੰ ਵਰਤੋਂ ਵਿਚ ਲਿਆਉਣ ਵਾਲਿਆਂ ਦੀ ਭਾਸ਼ਾਈ ਪ੍ਰਤਿਭਾ ਵਿਚ ਹੀ ਹੁੰਦੀ ਹੈ, ਭਾਸ਼ਾ ਵਿਚ ਨਹੀਂ। 'ਵਿਕਸਤ' ਭਾਸ਼ਾ ਦਾ ਮੁਖ ਲੱਛਣ ਜੀਵਨ ਨਾਲ ਸਬੰਧਤ ਹਰ ਖੇਤਰ ਵਿਚ ਵਰਤੇ ਜਾਣ ਦੇ ਸਮਰੱਥ ਹੋਣਾ ਹੁੰਦਾ ਹੈ ਅਤੇ ਇਸ ਭਾਂਤ ਦੀ ਸਮਰਥਾ ਕੋਈ ਵੀ ਭਾਸ਼ਾ ਅਚਨਚੇਤ ਜਾਂ ਇਕ ਨੁਕਰੇ ਲਗੀ ਰਹਿਣ ਨਾਲ ਪ੍ਰਾਪਤ ਨਹੀਂ ਕਰ ਸਕਦੀ। ਅਜਿਹੀ ਸਮਰਥਾ ਤਾਂ ਨਿਰੋਲ ਵਰਤੋਂ ਰਾਹੀਂ ਹੀ ਨਿਖਰ ਕੇ ਸਾਹਮਣੇ ਆਉਂਦੀ ਹੈ।

II. ਜਦੋਂ ਅਸੀਂ ਅੰਗ੍ਰੇਜ਼ੀ ਦੀ ਥਾਂ ਜਾਂ ਅੰਗ੍ਰੇਜ਼ੀ ਦੇ ਨਾਲ ਪੰਜਾਬੀ ਨੂੰ ਸਿਖਿਆ ਦਾ ਮਾਧਿਅਮ ਬਨਾਉਣ ਦੀ ਗਲ ਕਰਦੇ ਹਾਂ ਤਾਂ ਇਸ ਦਾ ਭਾਵ ਅੰਗ੍ਰੇਜ਼ੀ ਭਾਸ਼ਾ ਦੀ ਅਹਿਮੀਅਤ ਨੂੰ ਅਖੋਂ ਓਹਲੇ ਕਰਨਾ ਨਹੀਂ ਅਤੇ ਨਾ ਹੀ ਅੰਗ੍ਰੇਜ਼ੀ ਭਾਸ਼ਾ ਦੀ ਪੜ੍ਹਾਈ ਦੇ ਰਾਹ ਵਿਚ ਕੋਈ ਰੁਕਾਵਟ ਪੈਦਾ ਕਰਨਾ ਹੈ। ਕਿਸੇ ਭਾਸ਼ਾ ਨੂੰ ਇਕ ਵਿਸ਼ੇ ਦੇ ਤੌਰ 'ਤੇ ਪੜ੍ਹਾਉਣਾ ਅਤੇ ਉਸ ਦੀ ਸਿਖਿਆ ਦੇ ਖੇਤਰ ਵਿਚ ਮਾਧਿਅਮ ਦੇ ਤੌਰ 'ਤੇ ਵਰਤੋਂ ਕਰਨੀ ਦੋ ਵਖਰੀਆਂ ਸਥਿਤੀਆਂ ਨੇ, ਜਿਹਨਾਂ ਨੂੰ ਨਿਖੇੜ ਕੇ ਵੇਖਣਾ ਬਹੁਤ ਜ਼ਰੂਰੀ ਹੈ। ਸਾਨੂੰ ਆਪਣੇ ਸਕੂਲਾਂ ਕਾਲਜਾਂ ਵਿਚ ਅੰਗ੍ਰੇਜ਼ੀ ਇਕ ਭਾਸ਼ਾ ਦੇ ਤੌਰ 'ਤੇ ਵਧੇਰੇ ਕੁਸ਼ਲਤਾ ਅਤੇ ਵਿਗਿਆਨਕ ਢੰਗ ਨਾਲ ਪੜ੍ਹਾਉਣੀ ਚਾਹੀਦੀ ਹੈ ਤਾਂ ਜੋ ਸਾਡੇ ਵਿਦਿਆਰਥੀ ਅੰਗ੍ਰੇਜ਼ੀ ਭਾਸ਼ਾ ਰਾਹੀਂ ਨਵੀਨਤਮ ਗਿਆਨ ਨਾਲ ਆਪਣਾ ਸੰਪਰਕ ਕਾਇਮ ਰਖਦੇ ਹੋਏ ਪੂਰਨ ਲਾਭ ਉਠਾ ਸਕਣ। ਪੰਜਾਬੀ ਮਾਧਿਅਮ ਨੂੰ ਵਧੇਰੇ ਸਫਲਤਾ ਨਾਲ ਲਾਗੂ ਕਰਨ ਲਈ ਅੰਗ੍ਰੇਜ਼ੀ ਭਾਸ਼ਾ ਦਾ ਗਿਆਨ ਬਹੁਤ ਜ਼ਰੂਰੀ ਹੈ। ਸਾਡੇ ਹਰ ਵਿਦਿਆਰਥੀ ਨੂੰ ਅੰਗ੍ਰੇਜ਼ੀ ਭਾਸ਼ਾ ਦਾ ਇੰਨਾ ਕੁ ਗਿਆਨ ਤਾਂ ਅਵਸ਼ ਹੋਣਾ ਚਾਹੀਦਾ ਹੈ ਕਿ ਉਹ ਇਸ ਨੂੰ ਲਾਇਬਰੇਰੀ ਦੀ ਭਾਸ਼ਾ ਦੇ ਤੌਰ 'ਤੇ ਬਿਨਾਂ ਕਿਸੇ ਔਕੜ ਦੇ ਵਰਤੋਂ ਵਿਚ ਲਿਆ ਸਕੇ। ਇਸ ਲਈ ਲੋੜ ਸਕੂਲਾਂ ਕਾਲਜਾਂ ਵਿਚ ਅੰਗ੍ਰੇਜ਼ੀ ਭਾਸ਼ਾ ਪੜ੍ਹਾਉਣ ਦੀ ਹੈ ਨਾ ਕਿ ਅੰਗ੍ਰੇਜ਼ੀ ਸਾਹਿਤ। ਅੰਗ੍ਰੇਜ਼ੀ ਸਾਹਿਤ ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਪੜ੍ਹਾਉਣਾ ਚਾਹੀਦਾ ਹੈ ਜੋ ਸੁਹਜ ਸਵਾਦ ਦੀ ਪ੍ਰਫੁਲਤਾ ਲਈ ਇਸ ਨੂੰ ਪੜ੍ਹਨਾ ਚਾਹੁੰਦੇ ਹੋਣ। ਅਜ ਕਲ ਤਾਂ ਅਸੀਂ ਭਾਸ਼ਾ ਦੇ ਨਾਂ ਥਲੇ ਸਾਹਿਤ ਹੀ ਪੜ੍ਹਾ ਰਹੇ ਹਾਂ। ਇਹੋ ਕਾਰਨ ਹੈ ਕਿ ਸਾਡੇ ਵਿਦਿਆਰਥੀ ਅਠ ਜਾਂ ਦਸ ਸਾਲ ਅੰਗ੍ਰੇਜ਼ੀ ਭਾਸ਼ਾ ਪੜ੍ਹਨ ਤੋਂ ਬਾਅਦ ਵੀ ਇਸ ਦੀ ਯੋਗ ਢੰਗ ਨਾਲ ਵਰਤੋਂ ਨਹੀਂ ਕਰ ਸਕਦੇ, ਜਦ ਕਿ ਬਦੇਸ਼ੀ ਵਿਸ਼ਵ-ਵਿਦਿਆਲਿਆਂ ਵਿਚ ਬਦੇਸ਼ੀ ਵਿਦਿਆਰਥੀਆਂ ਨੂੰ ਛੇ ਮਹੀਨੇ ਜਾਂ ਇਕ ਸਾਲ ਉਥੋਂ ਦੀ ਭਾਸ਼ਾ ਪੜ੍ਹਾ ਕੇ ਉਨ੍ਹਾਂ ਨੂੰ ਖੋਜ-ਪੱਤਰ ਲਿਖਣ ਦੇ ਕਾਬਲ ਬਣਾ ਦਿਤਾ ਜਾਂਦਾ ਹੈ। ਅਸੀਂ ਆਪਣੇ ਵਿਦਿਆਰਥੀਆਂ ਨੂੰ ਥੋੜੇ ਸਮੇਂ ਵਿਚ ਅੰਗ੍ਰੇਜ਼ੀ ਭਾਸ਼ਾ ਬਾਰੇ ਵਧੇਰੇ ਲੁੜੀਂਦਾ ਗਿਆਨ ਤਾਂ ਹੀ ਦੇ ਸਕਦੇ ਹਾਂ ਜੇ ਅੰਗ੍ਰੇਜ਼ੀ ਭਾਸ਼ਾ ਵਿਗਿਆਨਕ ਢੰਗ ਨਾਲ ਪੜ੍ਹਾਉਣੀ ਸ਼ੁਰੂ ਕੀਤੀ ਜਾਵੇ। ਇਸ ਮੰਤਵ ਦੀ ਪੂਰਤੀ ਤਾਂ ਹੀ ਹੋ ਸਕਦੀ ਹੈ ਜੇ ਅੰਗ੍ਰੇਜ਼ੀ ਭਾਸ਼ਾ ਪੜ੍ਹਾਉਣ ਲਈ ਉਨ੍ਹਾਂ ਹੀ ਅਧਿਆਪਕਾਂ ਨੂੰ ਨੀਯਤ ਕੀਤਾ ਜਾਵੇ ਜੋ ਅੰਗ੍ਰੇਜ਼ੀ ਭਾਸ਼ਾ ਦੀ ਬਣਤਰ ਤੋਂ ਭਲੀ ਭਾਂਤ ਜਾਣੂ ਹੋਣ ਅਤੇ ਜੋ ਇਸ ਖੇਤਰ ਵਿਚ ਲੁੜੀਂਦੀ ਸਿਖਿਆ ਪ੍ਰਾਪਤ ਕਰ ਚੁੱਕੇ ਹੋਣ। ਹੋ ਇਹ ਰਿਹਾ ਹੈ ਕਿ ਅੰਗ੍ਰੇਜ਼ੀ ਸਾਹਿਤ ਪੜ੍ਹਾਉਣ ਵਾਲਾ ਹਰ ਅਧਿਆਪਕ ਇਹ ਸਮਝ ਰਿਹਾ ਹੈ ਕਿ ਉਹ ਵਿਦਿਆਰਥੀਆਂ ਨੂੰ ਅੰਗ੍ਰੇਜ਼ੀ ਭਾਸ਼ਾ ਹੀ ਪੜ੍ਹਾ ਰਿਹਾ ਹੈ, ਅਤੇ ਅਸੀਂ ਮੂਰਖਾਂ ਵਾਂਗ ਇਸ ਗਲ 'ਤੇ ਵਿਸ਼ਵਾਸ ਕਰਦੇ



ਆ ਰਹੇ ਹਾਂ। ਇਥੇ ਇਸ ਸੰਬੰਧ ਵਿਚ ਇਕ ਛੋਟੀ ਜਿਹੀ ਉਦਾਹਰਣ ਦੇਣੀ ਅਜਾਈਂ ਨਹੀਂ ਜਾਵੇਗੀ। ਪੰਜਾਬੀ ਵਿਸ਼ਵ-ਵਿਦਿਆਲੇ ਦੇ ਬੀ. ਏ. ਕੋਰਸ ਵਿਚ ਅੰਗ੍ਰੇਜ਼ੀ ਅਤੇ ਪੰਜਾਬੀ ਜ਼ਰੂਰੀ ਮਜ਼ਮੂਨਾਂ ਦੇ ਤੌਰ 'ਤੇ ਪੜ੍ਹਾਈਆਂ ਜਾਂਦੀਆਂ ਨੇ। ਪੰਜਾਬੀ ਅਤੇ ਅੰਗ੍ਰੇਜ਼ੀ ਭਾਸ਼ਾਵਾਂ ਦੇ ਇਹ 75-75 ਨੰਬਰਾਂ ਦੇ ਕੋਰਸ ਪੰਜਾਬੀ ਅਤੇ ਅੰਗ੍ਰੇਜ਼ੀ ਭਾਸ਼ਾਵਾਂ ਦੇ ਸਾਹਿਤ ਦੇ ਕੋਰਸਾਂ ਤੋਂ ਵਖਰੇ ਨੇ। ਪਰ ਇਨ੍ਹਾਂ ਕੋਰਸਾਂ ਵਿਚ 75 ਨੰਬਰਾਂ ਵਿਚੋਂ 65 ਨੰਬਰਾਂ ਦੇ ਕੋਰਸ ਪੰਜਾਬੀ ਅਤੇ ਅੰਗ੍ਰੇਜ਼ੀ ਭਾਸ਼ਾਵਾਂ ਦੇ ਸਾਹਿਤ ਨਾਲ ਹੀ ਸੰਬੰਧਤ ਨੇ। ਅੰਗ੍ਰੇਜ਼ੀ ਅਤੇ ਪੰਜਾਬੀ ਭਾਸ਼ਾ ਦੀ ਬਣਤਰ ਨਾਲ ਸਬੰਧਤ ਕੋਰਸ ਸਿਰਫ਼ 10-10 ਨੰਬਰਾਂ ਦਾ ਹੀ ਹੈ, ਕਿਉਂਕਿ ਉਚ ਪਦਵੀਆਂ 'ਤੇ ਬੈਠੇ ਸਾਡੇ ਵਿਦਿਅਕ ਨੀਤੀਵਾਨਾਂ ਨੂੰ ਸਾਹਿਤ ਅਤੇ ਭਾਸ਼ਾ ਦੀ ਪੜ੍ਹਾਈ ਵਿਚ ਕੋਈ ਮੂਲ ਅੰਤਰ ਨਜ਼ਰ ਨਹੀਂ ਆਉਂਦਾ। ਅੰਗ੍ਰੇਜ਼ੀ ਅਤੇ ਪੰਜਾਬੀ ਭਾਸ਼ਾ ਦੀ ਬਣਤਰ ਸੰਬੰਧੀ ਜੋ ਪ੍ਰਸ਼ਨ ਪੁਛੇ ਵੀ ਜਾਂਦੇ ਨੇ ਉਹ ਆਪਣੀ ਮਿਸਾਲ ਆਪ ਹੀ ਹੁੰਦੇ ਨੇ। ਮਿਸਾਲ ਵਜੋਂ ਇਸ ਸਾਲ ਬੀ. ਏ. ਪਾਰਟ ਇਕ ਵਿਚ ਪੰਜਾਬੀ ਭਾਸ਼ਾ ਦੀ ਬਣਤਰ ਨਾਲ ਸੰਬੰਧਤ ਜੋ ਪ੍ਰਸ਼ਨ ਪੁਛਿਆ ਗਿਆ ਉਹ ਇੰਜ ਸੀ :—

"ਹੇਠ ਲਿਖੇ ਵਾਕਾਂ ਵਿਚੋਂ ਕੇਵਲ ਛੇ ਸ਼ੁਧ ਕਰ ਕੇ ਲਿਖੋ :—(ਦਿਤੇ ਗਏ ਦਸ ਵਾਕਾਂ ਵਿਚੋਂ ਛੇ ਵਾਕ ਇਹ ਨੇ) (1) ਸੂਲਾਂ ਉਗਦੀਆਂ ਦੇ ਮੂੰਹ ਤੇਜ਼ ਹੁੰਦੇ ਨੇ। (2) ਇੱਲ੍ਹ ਦਾ ਨਾਂ ਕੁੱਕੜ ਨਾ ਆਉਣਾ। (3) ਉਹ ਕਿੰਨਾਂ ਸੋਹਣਾ ਦ੍ਰਿਸ਼ ਹੈ। (4) ਕਾਸ਼ ਮੈਂ ਅਮੀਰ ਹੁੰਦਾ। (5) ਉਸ ਨੇ ਸੇਬ ਨੂੰ ਚਾਕੂ ਨਾਲ ਕਟਿਆ। (6) ਜਿਸ ਮੁੰਡੇ ਨੇ ਇਨਾਮ ਜਿਤਿਆ ਹੈ ਉਹ ਮੇਰਾ ਭਰਾ ਹੈ। ਮੇਰੀ ਜਾਚੇ ਇਹ ਛੇ ਦੇ ਛੇ ਵਾਕ ਬਣਤਰ ਦੇ ਪੱਖ ਤੋਂ ਸ਼ੁਧ ਨੇ। ਇਨ੍ਹਾਂ ਦਾ ਹੋਰ ਕੀ ਸ਼ੁਧ ਕਰਨਾ ਸੀ—ਸਮਝ ਨਹੀਂ ਆ ਸਕੀ। ਇਸ ਦੇ ਨਾਲ ਹੀ ਵੇਖਣ ਵਾਲੀ ਗਲ ਇਹ ਵੀ ਹੈ ਕਿ ਸਾਰੇ ਦੇ ਸਾਰੇ ਵਾਕ ਬਣਤਰ ਦੇ ਪੱਖ ਤੋਂ ਸਾਧਾਰਨ ਵਾਕ ਨੇ, ਇਕ ਵੀ ਸੰਯੁਕਤ ਵਾਕ ਨਹੀਂ ਦਿਤਾ ਗਿਆ। ਮਾਤ-ਭਾਸ਼ਾ ਦੀ ਪੜ੍ਹਾਈ ਦੇ ਪੱਧਰ ਨੂੰ ਮੁਖ ਰਖਦਿਆਂ ਹੋਇਆ ਇਹ ਵਾਕ ਸੱਤਵੀਂ ਜਾਂ ਅੱਠਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਨੂੰ ਪੁੱਛੇ ਜਾਂਦੇ ਤਾਂ ਠੀਕ ਸੀ ਨਾ ਕਿ ਬੀ.ਏ. ਦੇ ਵਿਦਿਆਰਥੀਆਂ ਨੂੰ। ਹੋਰ ਤਾਂ ਹੋਰ ਪੰਜਾਬੀ ਯੂਨੀਵਰਸਿਟੀ ਵਲੋਂ ਛਾਪੇ ਗਏ ਇਨ੍ਹਾਂ ਪੇਪਰਾਂ ਵਿਚ 'ਕੱਟਿਆ' ਅਤੇ 'ਜਿੱਤਿਆ' ਸ਼ਬਦਾਂ ਦੇ ਸ਼ਬਦ ਜੋੜ ਵੀ ਗਲਤ ਨੇ। ਇਥੇ ਇਹ ਸਾਰਾ ਕੁਝ ਕਹਿਣ ਦਾ ਭਾਵ ਸਿਰਫ ਇਹੋ ਹੀ ਹੈ ਕਿ ਭਾਸ਼ਾ ਦੀ ਮਹੱਤਤਾ ਨੂੰ ਮੁਖ ਰਖਦਿਆਂ ਹੋਇਆਂ ਇਸ ਨੂੰ ਭਾਸ਼ਾ ਦੇ ਤੌਰ 'ਤੇ ਹੀ ਵਧੇਰੇ ਵਿਗਿਆਨਕ ਢੰਗ ਨਾਲ ਪੜ੍ਹਾਉਣ ਦੀ ਲੋੜ ਹੈ, ਨਾ ਕਿ ਇਸ ਦੇ ਸਾਹਿਤ ਦੀ। ਅਜਿਹਾ ਕਰਨ ਨਾਲ ਅੰਗ੍ਰੇਜ਼ੀ ਨੂੰ ਮਾਧਿਅਮ ਦੇ ਤੌਰ 'ਤੇ ਵਰਤਣ ਦੀ ਨਾ ਤਾਂ ਲੋੜ ਹੀ ਮਹਿਸੂਸ ਹੋਵੇਗੀ ਅਤੇ ਨਾ ਹੀ ਪੰਜਾਬੀ ਨੂੰ ਸਿਖਿਆ ਦਾ ਮਾਧਿਅਮ ਬਣਾ ਕੇ ਅਸੀਂ ਕੁਝ ਗੁਆ ਹੀ ਰਹੇ ਹੋਵਾਂਗੇ।

III. ਮਾਧਿਅਮ ਪ੍ਰੀਵਰਤਨ ਵਿਚ ਭਾਸ਼ਾ-ਵਿਗਿਆਨ ਅਤੇ ਭਾਸ਼ਾ-ਵਿਗਿਆਨੀ ਨੇ ਇਕ ਵਿਸ਼ੇਸ਼ ਭਾਂਤ ਦਾ ਰੋਲ ਅਦਾ ਕਰਨਾ ਹੁੰਦਾ ਹੈ। ਅਸਲ ਵਿਚ ਜੇ ਇਹ ਕਹਿ ਲਿਆ ਜਾਵੇ ਕਿ ਮਾਧਿਅਮ ਪ੍ਰੀਵਰਤਨ ਦੀ ਸਮੱਸਿਆ ਭਾਸ਼ਾਈ ਸਮੱਸਿਆ ਦੇ ਨਾਲ ਨਾਲ ਭਾਸ਼ਾ ਵਿਗਿਆਨੀ ਦੀ ਸਮੱਸਿਆ ਵੀ ਹੈ ਤਾਂ ਇਹ ਅਤਿ-ਕਥਨੀ ਨਹੀਂ ਹੋਵੇਗੀ। ਇਕ ਪਾਸੇ ਸਾਡੇ ਸਾਰੇ ਅਰਧ-ਉਨਤ ਦੇਸ਼ਾਂ ਦੇ ਵਿਗਿਆਨੀਆਂ ਦਾ ਆਮ ਕਰਕੇ, ਅਤੇ ਪੱਛਮੀ ਦੇਸ਼ਾਂ ਤੋਂ ਵਿਦਿਆ ਪ੍ਰਾਪਤ ਕਰ ਚੁਕੇ ਵਿਦਵਾਨ ਲੋਕਾਂ ਦਾ ਖ਼ਾਸ ਕਰਕੇ, ਦੁਖਾਂਤ ਇਹ ਹੈ ਕਿ ਉਹ ਹਾਲੀ ਤਕ ਇਹੋ ਗਲ ਸਮਝਣ ਤੋਂ ਨਾਬਰ ਨੇ ਕਿ ਜਿਸ ਦੇਸ਼ ਜਾਂ ਪ੍ਰਾਂਤ ਦੇ ਲੋਕਾਂ ਦੇ ਖ਼ੂਨ ਪਸੀਨੇ ਦੀ ਕਮਾਈ 'ਚੋਂ ਹਜ਼ਾਰਾਂ ਰੁਪਏ ਉਹ ਬੈਠੇ ਖਾ ਰਹੇ ਨੇ, ਉਨ੍ਹਾਂ ਲੋਕਾਂ ਦੇ ਜੀਵਨ ਦੀਆਂ ਲੋੜਾਂ ਕੀ ਨੇ ਅਤੇ ਉਨ੍ਹਾਂ ਲੋੜਾਂ ਨੂੰ ਪੂਰਿਆਂ ਕਰਨ ਵਿਚ ਉਹ ਕਿਵੇਂ ਸਹਾਈ ਹੋ ਸਕਦੇ

ਨੇ ? ਵਖ ਵਖ ਖੇਤਰਾਂ ਵਿਚ ਕੰਮ ਕਰ ਰਹੇ ਅਜਿਹੇ ਬਹੁਤ ਸਾਰੇ ਵਿਦਵਾਨ ਤਾਂ ਆਪਣੇ ਵਿਸ਼ਿਆਂ ਨਾਲ ਸੰਬੰਧਤ ਪ੍ਰਚਲਤ ਸਿਧਾਂਤਾਂ ਨੂੰ ਵਧੇਰੇ ਨਿਪੁੰਨ ਬਣਾਉਣ ਦੇ ਖਿਆਲ ਨਾਲ ਤੇਲੀ ਦੇ ਬਲਦ ਵਾਂਗੂ ਕੋਹਲੂ ਦੇ ਆਲੇ ਦੁਆਲੇ ਹੀ ਘੁੰਮੀ ਜਾਂਦੇ ਨੇ। ਉਹ ਜਾਂ ਤਾਂ ਆਪਣੇ ਸਮਾਜ ਦੀਆਂ ਮੁਢਲੀਆਂ ਲੋੜਾਂ ਤੋਂ ਹੀ ਅਨਜਾਣ ਨੇ ਜਾਂ ਫਿਰ ਜਾਣ ਬਝ ਕੇ ਅਨਜਾਣ ਬਣਨਾ ਚਾਹੁੰਦੇ ਨੇ ਅਤੇ ਜਾਂ ਫਿਰ ਉਨ੍ਹਾਂ ਵਿਚ ਆਪਣੇ ਸਿਧਾਂਤਾਂ ਨੂੰ ਅਮਲੀ ਰੂਪ ਵਿਚ ਵਰਤ ਕੇ ਆਪਣੇ ਸਮਾਜ ਅਤੇ ਆਪਣੇ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਦੀ ਸਮਰਥਾ ਹੀ ਨਹੀਂ।

ਸਾਡੇ ਬਹੁਤ ਸਾਰੇ ਭਾਸ਼ਾ-ਵਿਗਿਆਨੀ ਹਾਲੀ ਤਕ ਅਜਿਹੇ ਹੀ ਮਾਨਸਿਕ ਦਵੰਦ ਦਾ ਸ਼ਿਕਾਰ ਨੇ। ਭਾਰਤ ਵਿਚ ਭਾਸ਼ਾਈ ਆਧਾਰ 'ਤੇ ਭਾਸ਼ਾਈ-ਪ੍ਰਾਂਤਾਂ ਦੀ ਸਥਾਪਨਾ ਤੋਂ ਬ਼ਾਅਦ ਭਾਸ਼ਾ-ਵਿਗਿਆਨੀਆਂ ਸਿਰ ਪਈ ਜ਼ੁੰਮੇਵਾਰੀ ਨਿਬਾਹੁਣ ਵਿਚ ਉਹ ਬਿਲਕੁਲ ਅਸਫ਼ਲ ਰਹੇ ਤਾਂ ਨਹੀਂ ਕਹੇ ਜਾ ਸਕਦੇ, ਪਰ ਤਾਂ ਵੀ ਉਨ੍ਹਾਂ ਨੇ (ਕੁਝ ਇਕ ਪ੍ਰਾਂਤਾਂ ਵਿਚ ਕੰਮ ਕਰ ਰਹੇ ਭਾਸ਼ਾ ਵਿਗਿਆਨੀਆਂ ਨੂੰ ਛੱਡ ਕੇ) ਉਸ ਦ੍ਰਿੜ੍ਹਤਾ ਨਾਲ ਇਲਾਕਾਈ ਭਾਸ਼ਾਵਾਂ ਦੀ ਉਨਤੀ ਲਈ ਕੰਮ ਨਹੀਂ ਕੀਤਾ ਜਿਸ ਦੀ ਕਿ ਉਨ੍ਹਾਂ ਪਾਸੋਂ ਆਸ ਕੀਤੀ ਜਾਂਦੀ ਸੀ। ਇਥੇ ਅਜਿਹੀ ਭਾਸ਼ਾਈ ਉਨਤੀ ਤੋਂ ਭਾਵ ਮਾਧਿਅਮ ਪ੍ਰੀਵਰਤਨ ਵਿਚ ਸਹਾਈ ਹੋਣ ਵਾਲੇ ਉਨ੍ਹਾਂ ਸਾਰੇ ਪੱਖਾਂ, ਜਿਵੇਂ ਕਿ ਤਕਨੀਕੀ ਸ਼ਬਦਾਵਲੀ ਦੀ ਤਿਆਰੀ, ਲੁੜੀਂਦੀਆਂ ਪੁਸਤਕਾਂ ਦੀ ਤਿਆਰੀ ਵਿਚ ਸਹਾਈ ਹੋਣਾ, ਦੂਜੀਆਂ ਭਾਸ਼ਾਵਾਂ ਤੋਂ ਇਲਾਕਾਈ ਭਾਸ਼ਾਵਾਂ ਵਿਚ ਅਨੁਵਾਦ ਕਰਨੇ ਜਾਂ ਕਰਵਾਉਣੇ, ਵਖ ਵਖ ਵਿਸ਼ਿਆਂ ਨਾਲ ਸੰਬੰਧਤ ਡਿਕਸ਼ਨਰੀਆਂ ਤਿਆਰ ਕਰਨ ਆਦਿ ਤੋਂ ਹੈ। ਅਜਿਹੇ ਸਮੇਂ ਜਦੋਂ ਕਿ ਪੰਜਾਬੀ ਭਾਸ਼ਾ ਨੂੰ ਹਰ ਪੱਧਰ 'ਤੇ ਸਿਖਿਆ ਦਾ ਮਾਧਿਅਮ ਬਣਾਇਆ ਜਾ ਰਿਹਾ ਹੈ ਤਾਂ ਪੰਜਾਬੀ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਕੰਮ ਕਰ ਰਹੇ ਭਾਸ਼ਾ-ਵਿਗਿਆਨੀ ਪੰਜਾਬੀ ਭਾਸ਼ਾ ਦੀ ਬਣਤਰ ਦੇ ਵਖ ਵਖ ਪਖਾਂ ਤੋਂ ਜਾਣੂ ਹੋਣ ਦੇ ਨਾਤੇ ਧੁਨੀ-ਵਿਉਂਤ, ਸ਼ਬਦ-ਵਿਉਂਤ, ਵਾਕ-ਵਿਉਂਤ ਅਤੇ ਅਰਥ-ਵਿਉਂਤ ਦੇ ਪੱਧਰ 'ਤੇ ਮਾਧਿਅਮ ਪ੍ਰੀਵਰਤਨ ਵਿਚ ਤਕਨੀਕੀ ਸ਼ਬਦਾਵਲੀ ਘੜ੍ਹਨ, ਅਨੁਵਾਦ ਕਰਨ, ਪੁਸਤਕਾਂ ਰਚਣ ਆਦਿ ਕਾਰਜਾਂ ਵਿਚ ਕਾਫੀ ਸਹਾਈ ਹੋ ਸਕਦੇ ਨੇ। ਪਰ ਅਫ਼ਸੋਸ ਦੀ ਗੱਲ ਤਾਂ ਇਹ ਹੈ ਕਿ ਸਾਡੇ ਵਿਸ਼ਵ-ਵਿਦਿਆਲਿਆਂ ਵਿਚ ਭਾਸ਼ਾ ਵਿਗਿਆਨ ਵਿਭਾਗਾਂ ਵਿਚ ਵੀ ਪੰਜਾਬੀ ਭਾਸ਼ਾ ਨੂੰ ਖੋਜ ਦਾ ਵਿਸ਼ਾ ਬਣਾਉਣ ਦੀ ਥਾਂ ਸਿੱਧੇ ਜਾਂ ਟੇਢੇ ਢੰਗ ਨਾਲ ਖੋਜ ਸਾਹਿਤਕ ਖੇਤਰ ਵਿਚ ਹੀ ਕਰਵਾਈ ਜਾਂਦੀ ਹੈ, ਜਿਸ ਦੇ ਸਿੱਟੇ ਵਜੋਂ ਪੰਜਾਬੀ ਭਾਸ਼ਾ ਦੇ ਖੇਤਰ ਵਿਚ ਖੋਜ ਨਾਮ-ਮਾਤਰ ਹੀ ਹੋਣ ਦੇ ਬਰਾਬਰ ਹੈ। ਮਾਧਿਅਮ ਪ੍ਰੀਵਰਤਨ ਦੇ ਕੰਮ ਵਿਚ ਅਜਿਹੀ ਰੁਚੀ ਅਵੱਸ਼ ਹਾਨੀਕਾਰਕ ਹੈ।

IV. ਬਹੁਤੀ ਵਾਰ ਮਾਧਿਅਮ ਪ੍ਰੀਵਰਤਨ ਦਾ ਭਾਵ ਮੁਖ ਰੂਪ ਵਿਚ ਤਕਨੀਕੀ ਸ਼ਬਦਾਵਲੀ ਘੜਨ ਜਾਂ ਪੁਸਤਕਾਂ ਅਨੁਵਾਦ ਕਰਨ ਆਦਿ ਹੀ ਸਮਝ ਲਿਆ ਜਾਂਦਾ ਹੈ। ਪਰ ਸਥਿਤੀ ਇਸ ਤੋਂ ਉਲਟ ਹੁੰਦੀ ਹੈ। ਇਹ ਸਮਝ ਲੈਣਾ ਕਿ ਤਕਨੀਕੀ ਸ਼ਬਦਾਵਲੀ ਦੀ ਤਿਆਰੀ ਨਾਲ ਹੀ ਮਾਧਿਅਮ ਪ੍ਰੀਵਰਤਨ ਆਸਾਨੀ ਨਾਲ ਹੋਂਦ ਵਿਚ ਆ ਜਾਏਗਾ, ਬਹੁਤਾ ਠੀਕ ਨਹੀਂ। ਆਮ ਤੌਰ 'ਤੇ ਤਕਨੀਕੀ ਸ਼ਬਦ ਕਿਸੇ ਇਕ ਵਾਕੰਸ਼ ਜਾਂ ਵਿਚਾਰਾਂ ਦੀ ਲੜੀ ਦੀ ਥਾਂ ਵਰਤਿਆ ਜਾਂਦਾ ਹੈ ਅਤੇ ਇਸ ਦੇ ਅਰਥਾਂ ਦਾ ਘੇਰਾ ਕਿਸੇ ਪ੍ਰੀਭਾਸ਼ਾ ਰਾਹੀਂ ਸੀਮਤ ਅਤੇ ਨੀਯਤ ਕੀਤਾ ਜਾਂਦਾ ਹੈ ਤਾਂ ਜੋ ਉਸ ਸ਼ਬਦ ਨੂੰ ਬਾਅਦ ਵਿਚ ਵਿਸ਼ੇਸ਼ ਅਰਥਾਂ ਵਿਚ ਵਰਤਿਆ ਜਾ ਸਕੇ। ਤਕਨੀਕੀ ਸ਼ਬਦਾਵਲੀ ਆਪਣੇ ਆਪ ਵਿਚ ਨਾ ਤਾਂ ਵਿਗਿਆਨ ਦਾ ਆਰੰਭ ਹੀ ਹੁੰਦਾ ਹੈ ਅਤੇ ਨਾ ਅੰਤ। ਇਸ ਲਈ ਭਾਸ਼ਾਈ ਖੇਤਰ ਵਿਚ ਹਰ ਭਾਂਤ ਦੇ ਵਿਗਿਆਨ ਲਈ ਇਕ ਵਿਸ਼ੇਸ਼ ਭਾਂਤ ਦੀ ਭਾਸ਼ਾ ਸਿਰਜਣੀ ਪੈਂਦੀ ਹੈ, ਨਾ ਸਿਰਫ਼ ਤਕਨੀਕੀ



ਸ਼ਬਦਾਵਲੀ ਹੀ। ਭਾਸ਼ਾ ਦਾ ਇਕ ਉਦੇਸ਼ ਵਿਗਿਆਨ ਦੇ ਖੇਤਰ ਵਿਚ ਵਿਗਿਆਨਕ ਵਾਰਤਾਲਾਪ ਸਥਾਪਤ ਕਰਨਾ ਹੁੰਦਾ ਹੈ ਅਤੇ ਅਜਿਹੇ ਵਿਗਿਆਨਕ ਵਾਰਤਾਲਾਪ ਲਈ ਲੁੜੀਂਦੀ ਸ਼ਬਦਾਵਲੀ ਵਖ ਵਖ ਸੋਮਿਆਂ ਤੋਂ ਪ੍ਰਾਪਤ ਕਰਨ ਦੀ ਸ਼ਕਤੀ ਭਾਸ਼ਾ ਦੇ ਆਪਣੇ ਜੁੱਸੇ ਵਿਚ ਹੀ ਲੁਕੀ ਹੋਈ ਹੁੰਦੀ ਹੈ। ਵਿਗਿਆਨਕ ਵਾਰਤਾਲਾਪ ਦੀ ਉਤਪਤੀ ਲਈ ਸਾਹਿਤਕ ਭਾਸ਼ਾ ਤੋਂ ਵਖਰੀ ਭਾਂਤ ਦਾ ਭਾਸ਼ਾਈ ਸਭਿਆਚਾਰ ਸਿਰਜਣਾ ਪੈਂਦਾ ਹੈ ਜਿਥੇ ਹਰ ਇਕ ਸ਼ਬਦ ਵਿਚਾਰਾਂ ਨੂੰ ਸੰਜਮ, ਇਕਸਾਰਤਾ ਅਤੇ ਮੁਖ ਰੂਪ ਵਿਚ ਪ੍ਰਗਟ ਕਰਨ ਦੀ ਸਮਰਥਾ ਪੈਦਾ ਕਰਦਾ ਹੈ। ਵਿਗਿਆਨਕ ਵਾਰਤਾਲਾਪ ਦੀ ਭਾਸ਼ਾਂ ਸ਼ੈਲੀ ਦੇ ਪੱਖ ਤੋਂ ਅਧਿਕ ਅਵਿਅਕਤ ਅਤੇ ਕਰਮਵਾਚੀ ਹੁੰਦੀ ਹੈ।

ਸ਼ੁਰੂ ਵਿਚ ਸਮਝਿਆ ਇਹੋ ਹੀ ਗਿਆ ਸੀ ਕਿ ਸਿਰਫ਼ ਤਕਨੀਕੀ ਸ਼ਬਦਾਵਲੀ ਘੜਨ ਨਾਲ ਹੀ ਭਾਰਤੀ ਭਾਸ਼ਾਵਾਂ ਆਸਾਨੀ ਨਾਲ ਸਿਖਿਆ ਦਾ ਮਾਧਿਅਮ ਬਣ ਸਕਣਗੀਆਂ। ਇਸੇ ਹੀ ਵਿਚਾਰ ਅਧੀਨ ਭਾਰਤ ਸਰਕਾਰ ਨੇ 'ਵਿਗਿਆਨ ਅਤੇ ਤਕਨੀਕੀ ਸ਼ਬਦਾਵਲੀ ਕਮਿਸ਼ਨ' ਵੀ ਕਾਇਮ ਕੀਤਾ ਸੀ ਜਿਸ ਵਲੋਂ ਵਖ ਵਖ ਵਿਗਿਆਨਕ ਖੇਤਰਾਂ ਨਾਲ ਸੰਬੰਧਿਤ ਤਕਨੀਕੀ ਸ਼ਬਦਾਵਲੀ ਦੀ ਤਿਆਰੀ ਲਈ ਹੇਠ ਲਿਖੇ ਨਿਯਮ ਮਿਥੇ ਗਏ ਸਨ :—

(ੳ) ਅੰਤਰ-ਰਾਸ਼ਟਰੀ ਪੱਧਰ 'ਤੇ ਵਰਤੀ ਜਾਣ ਵਾਲੀ ਵਿਗਿਆਨਕ ਅਤੇ ਤਕਨੀਕੀ ਸ਼ਬਦਾਵਲੀ ਜਿਉਂ ਦੀ ਤਿਉਂ ਹੀ ਅਪਣਾ ਲਈ ਜਾਵੇ;

(ਅ) ਜਿਨ੍ਹਾਂ ਤਕਨੀਕੀ ਸ਼ਬਦਾਂ ਦੀ ਵਰਤੋਂ ਅੰਤਰ-ਰਾਸ਼ਟਰੀ ਪੱਧਰ 'ਤੇ ਨਹੀਂ ਹੁੰਦੀ, ਉਨ੍ਹਾਂ ਲਈ ਆਪਣੀ ਬੋਲੀ ਵਿਚੋਂ ਨਿੱਤ ਵਰਤੋਂ ਦੇ ਸ਼ਬਦ ਅਪਣਾ ਲਏ ਜਾਣ, ਪਰ ਅਜਿਹਾ ਕਰਨ ਸਮੇਂ ਸਰਲਤਾ ਅਤੇ ਸਪਸ਼ਟਤਾ ਨੂੰ ਮੁਖ ਰਖਿਆ ਜਾਵੇ;

(ੲ) ਚਿਨ੍ਹਾਂ, ਫਾਰਮੂਲਿਆਂ, ਪ੍ਰਤੀਕਾਂ ਅਤੇ ਅੰਕ-ਪਧਤੀ ਨੂੰ ਬਿਨਾਂ ਕਿਸੇ ਅਦਲਾ-ਬਦਲੀ ਦੇ, ਅੰਤਰ-ਰਾਸ਼ਟਰੀ ਰੂਪ ਵਿਚ ਹੀ ਅਪਣਾਇਆ ਜਾਵੇ;

(ਸ) ਜਿਥੋਂ ਤਕ ਸੰਭਵ ਹੋਵੇ, ਅੰਤਰ-ਰਾਸ਼ਟਰੀ ਸ਼ਬਦਾਵਲੀ ਦਾ ਲਿਪੀ-ਅੰਤਰ ਕਰਨ ਸਮੇਂ ਉਚਾਰਨ ਜਿਉਂ ਦਾ ਤਿਉਂ ਰਖਿਆ ਜਾਵੇ;

(ਹ) ਯੋਗਿਕ ਸ਼ਬਦਾਂ ਦੀ ਸਿਰਜਨਾ ਆਪਣੀ ਬੋਲੀ ਦੀ ਮੂਲ ਪ੍ਰਕਿਰਤੀ ਅਨੁਸਾਰ ਕੀਤੀ ਜਾਵੇ।

ਵਿਗਿਆਨ ਅਤੇ ਤਕਨੀਕੀ ਸ਼ਬਦਾਵਲੀ ਕਮਿਸ਼ਨ ਦੀ ਨਿਯੁਕਤੀ ਸਮੇਂ ਇਹ ਸੋਚਿਆ ਗਿਆ ਸੀ ਕਿ ਇਲਾਕਾਈ ਭਾਸ਼ਾਵਾਂ ਬਹੁਤ ਕਰਕੇ ਵਿਗਿਆਨ ਅਤੇ ਅਧਿਐਨ ਦੇ ਦੂਸਰੇ ਖੇਤਰਾਂ ਵਿਚ ਲੁੜੀਂਦੀ ਸ਼ਬਦਾਵਲੀ ਕਮਿਸ਼ਨ ਵਲੋਂ ਤਿਆਰ ਕਰਵਾਈ ਸ਼ਬਦਾਵਲੀ ਵਿਚੋਂ ਹੀ ਅਪਣਾ ਲੈਣਗੀਆਂ। ਇਹ ਉਦੇਸ਼ ਸਲਾਹੁਣਯੋਗ ਉਦੇਸ਼ ਸੀ ਜੇ ਇਹ ਸਿਰੇ ਚੜ੍ਹ ਸਕਦਾ ਤਾਂ ! ਪਰੰਤੂ ਇਸ ਕਮਿਸ਼ਨ ਵਲੋਂ ਤਿਆਰ ਕਰਵਾਈ ਬਹੁਤ ਸਾਰੀ ਸ਼ਬਦਾਵਲੀ ਨੂੰ ਸਮਝਣ ਲਈ ਕਈ ਵਾਰ ਮੁੜ ਅੰਗ੍ਰੇਜ਼ੀ ਵਿਚ ਅਨੁਵਾਦ ਕਰਨਾ ਪੈਂਦਾ ਹੈ। ਇਸ ਲਈ ਇਹ ਸ਼ਬਦਾਵਲੀ ਬਹੁਤੀ ਪ੍ਰਚਲਤ ਨਹੀਂ ਹੋ ਸਕੀ।

ਇਸੇ ਹੀ ਕਮਿਸ਼ਨ ਵਲੋਂ ਮਿੱਥੇ ਗਏ ਨਿਯਮਾਂ ਅਨੁਸਾਰ ਭਾਸ਼ਾ ਵਿਭਾਗ, ਪੰਜਾਬ ਵੀ ਲਗਭਗ ਡੇਢ ਦਰਜਨ ਵਿਸ਼ਿਆਂ ਨਾਲ ਸੰਬੰਧਤ ਤਕਨੀਕੀ ਸ਼ਬਦਾਵਲੀ ਦੇ ਸੰਗ੍ਰਹਿ ਤਿਆਰ ਕਰਵਾ ਚੁਕਿਆ ਹੈ। ਭਾਵੇਂ ਇਸ ਵਿਭਾਗ ਵਲੋਂ ਤਿਆਰ ਕੀਤੇ ਸ਼ਬਦਾਵਲੀ ਦੇ ਇਨ੍ਹਾਂ ਸੰਗ੍ਰਿਹਾਂ ਵਿਚ ਬਹੁਤ ਸਾਰੀਆਂ ਊਣਤਾਈਆਂ ਵੇਖਣ ਵਿਚ ਆਉਂਦੀਆਂ ਨੇ, ਪਰ ਤਾਂ ਵੀ ਸਮੁੱਚੇ ਤੌਰ 'ਤੇ ਵਿਭਾਗ ਦਾ ਇਹ ਯਤਨ ਕਾਫੀ ਸ਼ਲਾਘਾਯੋਗ ਹੈ। ਬਹੁਤ ਸਾਰੇ ਵਿਗਿਆਨਿਕ ਖੇਤਰਾਂ ਵਿਚ ਵਿਭਾਗ ਵਲੋਂ ਤਿਆਰ ਕੀਤੀ ਗਈ ਤਕਨੀਕੀ ਸ਼ਬਦਾਵਲੀ ਪੰਜਾਬੀ ਮਾਧਿਅਮ ਲਾਗੂ ਕਰਨ ਵਿਚ ਅਵਸ਼ ਸਹਾਈ ਹੋਈ ਹੈ ਅਤੇ ਹੋ ਸਕਦੀ

ਹੈ। ਲੋੜ ਇਸੇ ਸ਼ਬਦਾਵਲੀ ਵਿਚ ਵਧੇਰੇ ਇਕਸਾਰਤਾ, ਸੰਜਮ ਅਤੇ ਸ਼ੁਧਤਾਈ ਲਿਆਉਣ ਦੀ ਹੈ ਜਿਸ ਨੂੰ ਪੂਰਿਆਂ ਕਰਨ ਲਈ ਹੁਣ ਇਹ ਕੰਮ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਪੰਜਾਬ ਨੇ ਆਪਣੇ ਹੱਥਾਂ ਵਿਚ ਲੈ ਲਿਆ ਹੈ।

ਮਾਧਿਅਮ ਪ੍ਰੀਵਰਤਨ ਦੇ ਖੇਤਰ ਵਿਚ ਬਹੁਤ ਸਾਰੇ ਵਿਦਵਾਨਾਂ ਨੇ ਵਖ ਵਖ ਵਿਸ਼ਿਆਂ ਨਾਲ ਸਬੰਧਿਤ ਪੁਸਤਕਾਂ ਦਾ ਅਨੁਵਾਦ ਵੀ ਕੀਤਾ ਹੈ ਅਤੇ ਕੁਝ ਇਕ ਨੇ ਮੌਲਕ ਰੂਪ ਵਿਚ ਪੁਸਤਕਾਂ ਵੀ ਲਿਖੀਆਂ ਨੇ। ਅਜਿਹੀਆਂ ਪੁਸਤਕਾਂ ਦੀ ਗਿਣਤੀ ਕਰਨਾ ਕੋਈ ਸੌਖਾ ਕੰਮ ਨਹੀਂ। ਇਸ ਲਈ ਇਸ ਪਰਚੇ ਵਿਚ ਭਾਸ਼ਾਈ ਵਿਸ਼ਲੇਸ਼ਨ ਲਈ ਸਿਰਫ ਤਿੰਨ ਪੁਸਤਕਾਂ ਨੂੰ ਹੀ ਆਧਾਰ ਬਣਾਇਆ ਗਿਆ ਹੈ। ਇਨ੍ਹਾਂ ਵਿਚੋਂ ਇਕ ਪੁਸਤਕ 'ਭਾਰਤ ਦਾ ਆਰਥਕ ਭੂਗੋਲ' ਡਾਕਟਰ ਜੀ. ਬੀ. ਸਿੰਘ ਅਤੇ ਸ. ਤਰਲੋਚਨ ਸਿੰਘ ਨੇ ਲਿਖੀ ਹੈ, ਜੋ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਛਾਪੀ ਗਈ ਹੈ। ਦੂਜੀ ਪੁਸਤਕ 'ਰਾਜਨੀਤਕ ਸਿਧਾਂਤ' ਸ੍ਰੀ ਰਾਵਿੰਦਰ ਨਾਥ ਦੁਗਲ ਦੀ ਲਿਖੀ ਹੋਈ ਹੈ ਜਿਸ ਦੇ ਪਰਕਾਸ਼ਕ 'ਰਾਜ ਪਬਲਿਸ਼ਰਜ਼' ਜਲੰਧਰ ਵਾਲੇ ਨੇ। ਤੀਸਰੀ ਪੁਸਤਕ 'ਇੰਡੀਅਨ ਹਿਸਟਰੀ ਰੀਫਰੈਸ਼ਰ (Indian History Refresher) ਮਲਹੋਤਰਾ ਬੁਕ ਡਿਪੋ, ਜਾਲੰਧਰ ਵਾਲਿਆਂ ਦੀ ਛਾਪੀ ਹੋਈ ਹੈ। ਇਸ ਦੇ ਕਰਤਾ ਪ੍ਰੋਫੈਸਰ ਮਾਨ ਅਤੇ ਐਸ. ਬੀ. ਮਲਿਕ ਨੇ। ਇਹ ਪੁਸਤਕ ਪ੍ਰੀ-ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਨੀਯਤ ਕੀਤੀ ਹੋਈ ਹੈ।

ਇਨ੍ਹਾਂ ਪੁਸਤਕਾਂ ਵਿਚੋਂ ਡਾਕਟਰ ਜੀ.ਬੀ. ਸਿੰਘ ਦੀ ਪੁਸਤਕ (ਵਿਦਿਆਰਥੀਆਂ ਅਤੇ ਸੰਬੰਧਿਤ ਅਧਿਆਪਕਾਂ ਅਨੁਸਾਰ) ਵਿਸ਼ੇ-ਵਸਤੂ ਦੇ ਪੱਖ ਅਤੇ ਭਾਸ਼ਾ ਦੇ ਪੱਖ ਤੋਂ ਇਕ ਵਧੀਆ ਪੁਸਤਕ ਮੰਨੀ ਜਾਂਦੀ ਹੈ। ਸ੍ਰੀ ਰਾਵਿੰਦਰ ਨਾਥ ਦੁਗਲ ਵਾਲੀ ਪੁਸਤਕ ਆਮ ਬਾਜ਼ਾਰੂ ਪੁਸਤਕਾਂ ਦਾ ਹੀ ਇਕ ਨਮੂਨਾ ਹੈ, ਜੋ ਬਾਕੀ ਪੁਸਤਕਾਂ ਵਾਂਗ ਵਿਦਿਆਰਥੀਆਂ ਵਿਚ ਆਮ ਪ੍ਰਚਲਤ ਹੈ ਅਤੇ ਇਹੋ ਸਥਿਤੀ 'ਇੰਡੀਅਨ ਹਿਸਟਰੀ ਰੀਫਰੈਸ਼ਰ' ਦੀ ਹੈ। ਇਨ੍ਹਾਂ ਪੁਸਤਕਾਂ ਵਿਚੋਂ ਸ੍ਰੀ ਰਾਵਿੰਦਰ ਨਾਥ ਦੁਗਲ ਵਾਲੀ ਪੁਸਤਕ ਵਿਚ ਤਕਨੀਕੀ ਸ਼ਬਦਾਵਲੀ ਮੁਖ ਰੂਪ 'ਵਿਚ ਭਾਸ਼ਾ ਵਿਭਾਗ, ਪੰਜਾਬ ਵਾਲੀ ਹੀ ਵਰਤੀ ਗਈ ਹੈ, ਜਦੋਂ ਕਿ ਡਾਕਟਰ ਜੀ.ਬੀ. ਸਿੰਘ ਨੇ ਲੋੜ ਅਨੁਸਾਰ ਨਵੀਂ ਸ਼ਬਦਾਵਲੀ ਆਪ ਵੀ ਘੜੀ ਹੈ। ਇੰਡੀਅਨ ਹਿਸਟਰੀ ਰੀਫਰੈਸ਼ਰ ਵਿਚ ਤਕਨੀਕੀ ਸ਼ਬਦਾਵਲੀ ਨਾਂ ਦੀ ਕੋਈ ਚੀਜ਼ ਨਜ਼ਰ ਨਹੀਂ ਆਉਂਦੀ। ਇਸ ਪੁਸਤਕ ਵਿਚ ਆਪ-ਹੁਦਰੇਪਨ ਤੋਂ ਕੰਮ ਲਿਆ ਗਿਆ ਹੈ।

ਡਾ: ਜੀ. ਬੀ. ਸਿੰਘ ਨੇ ਆਪਣੀ ਪੁਸਤਕ ਵਿਚ ਭੂਗੋਲਿਕ ਕਾਲ ਦੀ ਵੰਡ ਕਰਦਿਆਂ (Archean Era) ਆਰਕੀਅਨ ਇਰਾ, (Cainozoic Era) ਕੈਨੋਜ਼ੋਇਕ ਇਰਾ, ਅਤੇ (Cretaceous Era) ਕ੍ਰੇਟੇਸ਼ਿਸ ਇਰਾ ਨੂੰ ਆਰਕੀਅਨ ਯੁਗ, ਕੈਨੋਜ਼ੋਇਕ ਯੁਗ ਅਤੇ ਕ੍ਰੇਟੇਸ਼ਿਸ ਯੁਗ ਕਿਹਾ ਹੈ। ਭਾਸ਼ਾ ਵਿਭਾਗ ਵਾਲੇ ਤਕਨੀਕੀ ਸ਼ਬਦਾਵਲੀ ਸੰਗ੍ਰਹਿ ਵਿਚ ਕੈਨੋਜ਼ੋਇਕ ਇਰਾ ਦਾ ਪੰਜਾਬੀ ਰੂਪ 'ਨਵਜੀਵ ਮਹਾਕਲਪ' ਵੀ ਦਿਤਾ ਹੋਇਆ ਹੈ, ਪਰ ਕ੍ਰੇਟੇਸ਼ਿਸ ਯੁਗ ਇਸ ਸੰਗ੍ਰਹਿ ਵਿਚ ਸ਼ਾਮਲ ਨਹੀਂ ਕੀਤਾ ਗਿਆ। ਇੰਜ ਹੀ ਵਿਭਾਗ ਦੇ ਸੰਗ੍ਰਹਿ ਵਿਚ Reserved forest ਤੇ Protected forest ਸ਼ਾਮਲ ਨਹੀਂ ਕੀਤੇ ਗਏ। ਡਾ: ਜੀ. ਬੀ. ਸਿੰਘ ਨੇ ਕ੍ਰਮਵਾਰ ਇਨ੍ਹਾਂ ਨੂੰ 'ਸੁਰਖਿਅਤ ਵਣ' ਅਤੇ 'ਰਾਖਵੇਂ ਵਣ' ਦਾ ਨਾਂ ਦਿਤਾ ਹੈ, ਜਦੋਂ ਕਿ ਕਿਸੇ ਹੋਰ ਭਾਸ਼ਾ ਵਿਭਾਗ ਦੇ ਸੰਗ੍ਰਹਿਾਂ ਵਿਚ Reserved ਦਾ ਸਾਵਾਂ ਪੰਜਾਬੀ ਰੂਪ 'ਰਾਖਵੇਂ' ਦਿਤਾ ਹੋਇਆ ਹੈ। ਇੰਜ ਭਾਸ਼ਾ ਵਿਭਾਗ ਅਤੇ ਡਾ: ਜੀ. ਬੀ. ਸਿੰਘ ਦੀ ਤਕਨੀਕੀ ਸ਼ਬਦਾਵਲੀ ਵਿਚ ਇਕਸਾਰਤਾ ਨਹੀਂ ਜਿਸ ਦਾ ਵਿਗਿਆਨਕ ਖੇਤਰ ਵਿਚ ਇਕਸਾਰ ਹੋਣਾ ਬਹੁਤ ਜ਼ਰੂਰੀ ਹੈ। ਇਸੇ ਹੀ ਪੁਸਤਕ ਵਿਚ ਕੁਝ ਇਕ ਹੋਰ ਅੰਗ੍ਰੇਜ਼ੀ



ਸ਼ਬਦਾਂ ਦੇ ਸਾਵੇਂ ਪੰਜਾਬੀ ਰੂਪ ਵੀ ਘੜੇ ਗਏ ਨੇ ਜਿਵੇਂ ਕਿ

(ੳ) ਇਨ੍ਹਾਂ ਪਰਬਤਾਂ ਦੇ ਮੋੜਾਂ ਦਾ ਅਧਿਅਨ ਕਰ ਕੇ ਖਿਸਕਾ (drift) ਤੇ ਦਬਾਅ ਦੀ ਦਿਸ਼ਾ ਦਾ ਅਨੁਮਾਨ ਲਾਇਆ ਜਾ ਸਕਦਾ ਹੈ (1976, ਪੰਨਾ 7)

(ਅ) ਇਸ ਦਾ ਬਹੁਤਾ ਭਾਗ ਨਿਰੁਖਾ (deforested) ਕਰ ਲਿਆ ਗਿਆ ਜਿਥੇ ਹੁਣ ਫਲਾਂ ਦਾ ਉਤਪਾਦਨ ਕੀਤਾ ਜਾਂਦਾ ਹੈ (1976, ਪੰਨਾ 12) ਇਥੇ drift ਦਾ ਪੰਜਾਬੀ ਰਪ 'ਖਿਸਕਾ' ਅਤੇ deforested ਦਾ 'ਨਿਰੁਖਾ' ਘੜਿਆ ਗਿਆ ਹੈ। ਭਾਸ਼ਾ ਵਿਭਾਗ ਵਲੋਂ drift theory ਦਾ ਪੰਜਾਬੀ ਅਨੁਵਾਦ ਵਿਸਥਾਪਨ ਸਿਧਾਂਤ ਅਤੇ deforestation ਦਾ ਅਨੁਵਾਦ 'ਵਣ-ਕਟਾਈ' ਅਤੇ ਵਣ-ਨਾਸ਼ ਕੀਤਾ ਗਿਆ ਹੈ। ਪਰ ਡਾ: ਜੀ. ਬੀ. ਸਿੰਘ ਨੇ deforested ਨੂੰ 'ਨਿਰੁਖਾ' ਉਲਥਾਇਆ ਹੈ। ਡਰ ਤੋਂ ਨਿਡਰ, ਸੰਗ ਤੋਂ ਨਿਸੰਗ, ਗੁਣ ਤੋਂ ਨਿਗੁਣ, ਦੋਸ਼ ਤੋਂ ਨਿਦੋਸ਼, ਲਜ ਤੋਂ ਨਿਲਜ ਆਦਿ ਦੇ ਆਧਾਰ 'ਤੇ ਰੁਖ ਨਾਲ 'ਨਿ' ਅਗੇਤਰ ਜੋੜ ਕੇ 'ਨਿਰੁਖ' ਬਣਾਇਆ ਗਿਆ ਹੈ। ਪੰਜਾਬੀ ਸ਼ਬਦ ਉਤਪਤੀ ਦੇ ਨਿਯਮਾਂ ਅਨੁਸਾਰ 'ਨਿਰੁਖਾ' ਸ਼ਬਦ ਪੂਰਨ ਪ੍ਰਮਾਣਿਤ ਰੂਪ ਹੈ ਪਰ 'ਨਿਰੁਖਾ' ਸ਼ਬਦ ਦੀ ਵਾਕ ਵਿਚ ਵਰਤੋਂ ਪੂਰੇ ਪ੍ਰਸੰਗ ਅਤੇ ਸੰਦਰਭ ਨੂੰ ਸਪਸ਼ਟ ਨਹੀਂ ਕਰਦੀ। ਜਾਪਦਾ ਇਉਂ ਹੈ ਕਿ ਕਰਤਾ ਵਲੋਂ ਅੰਗ੍ਰੇਜ਼ੀ ਸ਼ਬਦ forest ਅਤੇ deforested ਦਾ ਸਿੱਧਾ ਪੰਜਾਬੀ ਅਨੁਵਾਦ ਹੀ ਕੀਤਾ ਗਿਆ ਹੈ। ਇਸ ਨੂੰ ਵਾਕ ਦੇ ਸੰਦਰਭ ਵਿਚ ਰਖ ਕੇ ਘੋਖਣ ਦੀ ਖੇਚਲ ਨਹੀਂ ਕੀਤੀ। 'ਧਰਤੀ ਦੇ ਕਿਸ ਭਾਗ ਨੂੰ 'ਨਿਰੁਖ' ਕਰ ਲਿਆ ਗਿਆ ਹੈ' ਅਤੇ 'ਧਰਤੀ ਦੇ ਕਿਸੇ ਭਾਗ ਚੋਂ ਵਣ-ਨਾਸ਼ ਕਰ ਦਿਤਾ ਗਿਆ ਹੈ' ਦੇ ਅਰਥਾਂ ਵਿਚ ਸਪਸ਼ਟ ਅੰਤਰ ਹੈ। ਧਰਤੀ ਦੇ ਕਿਸੇ ਭਾਗ' ਨੂੰ ਨਿਰੁਖਾ ਕਰਨ ਅਤੇ ਧਰਤੀ ਦੇ ਕਿਸੇ ਭਾਗ 'ਚੋਂ ਵਣ-ਕਟਣ ਨੂੰ ਇਕੋ ਨਹੀਂ ਮੰਨਿਆ ਜਾ ਸਕਦਾ। ਜੋ ਸੰਬੰਧ ਅੰਗ੍ਰੇਜ਼ੀ ਵਿਚ forest ਅਤੇ trees ਦਾ ਹੈ ਉਹੋ ਸਬੰਧ ਹੀ ਪੰਜਾਬੀ ਵਿਚ 'ਵਣ' ਅਤੇ 'ਰੁਖਾਂ' ਦਾ ਹੈ। 'ਰੁਖ' 'ਵਣ' ਦਾ ਭਾਗ ਹੁੰਦੇ ਨੇ, ਵਣ ਨਹੀਂ। ਇਥੇ 'ਨਿਰੁਖਾ' ਦੀ ਥਾਂ ਜੇ 'ਨਿਵਣਾਂ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਤਾਂ ਸ਼ਾਇਦ ਇਹ ਲੁੜੀਂਦੇ ਅਰਥਾਂ ਨੂੰ ਵਧੇਰੇ ਸਪਸ਼ਟ ਕਰ ਸਕਦਾ। ਆਮ ਹਾਲਤਾਂ ਵਿਚ ਕਿਸੇ ਵੀ ਤਕਨੀਕੀ ਸ਼ਬਦ ਦੇ ਅਰਥਾਂ ਦਾ ਘੇਰਾ ਉਸ ਸ਼ਬਦ ਦੀ ਬਣਤਰ 'ਤੇ ਆਧਾਰਤ ਹੀ ਨਹੀਂ ਹੁੰਦਾ ਸਗੋਂ ਇਸ ਗੱਲ 'ਤੇ ਵੀ ਹੁੰਦਾ ਹੈ ਕਿ ਉਸ ਦੀ ਵਰਤੋਂ ਕਿਸ ਪ੍ਰਸੰਗ ਜਾਂ ਵਾਰਤਾਲਾਪ ਵਿਚ ਵਾਰ ਵਾਰ ਕਿਸ ਤਰ੍ਹਾਂ ਕੀਤੀ ਜਾਂਦੀ ਹੈ। ਅਤੇ ਆਮ ਕਰਕੇ ਇਕ ਸ਼ਬਦ ਦੂਜੇ ਸ਼ਬਦ ਦੀ ਥਾਂ ਇੰਨ ਬਿੰਨ ਅਰਥਾਂ ਵਿਚ ਵਰਤਿਆ ਨਹੀਂ ਜਾ ਸਕਦਾ। ਤਕਨੀਕੀ ਸ਼ਬਦਾਂ ਦੀ ਘਾੜਤ ਧਾਤੂਆਂ ਨਾਲ ਅਗੇਤਰ ਜਾਂ ਪਛੇਤਰ ਲਾ ਕੇ ਕੀਤੀ ਜਾਂਦੀ ਹੈ ਅਤੇ ਕਈ ਵਾਰ ਸਾਧਾਰਨ ਸ਼ਬਦਾਂ ਨੂੰ ਵਿਸ਼ੇਸ਼ ਅਰਥ ਦੇ ਕੇ ਵਿਗਿਆਨਕ ਵਾਰਤਾਲਾਪ ਵਿਚ ਵਰਤ ਲਏ ਜਾਂਦੇ ਨੇ। ਅਜ ਭਾਸ਼ਾ ਵਿਗਿਆਨ ਅਤੇ ਰਾਜਨੀਤਕ ਵਿਗਿਆਨ ਆਦਿ ਦੇ ਖੇਤਰਾਂ ਵਿਚ ਬੱਲ, ਸੁਰ, ਦਬਾਅ, ਗਲਬਾਤ, ਗਠਜੋੜ, ਦਲ, ਦਲ-ਬਦਲੀ, 'ਬਣਤਰ' ਵਰਗੇ ਸਾਧਾਰਨ ਸ਼ਬਦ ਵਿਸ਼ੇਸ਼ ਅਰਥਾਂ ਵਿਚ ਵਰਤੇ ਜਾਂਦੇ ਨੇ।

ਤਕਨੀਕੀ ਸ਼ਬਦਾਵਲੀ ਅਤੇ ਉਸ ਦੀ ਵਰਤੋਂ ਤੋਂ ਬਗ਼ੈਰ ਕਿਸੇ ਵੀ ਲੇਖਕ ਦੀ ਵਾਕ-ਬਣਤਰ ਬਾਰੇ ਆਮ ਤੌਰ 'ਤੇ ਬਹੁਤੇ ਸੰਦੇਹ ਨਾਲ ਨਹੀਂ ਵੇਖਿਆ ਜਾਂਦਾ। ਪਰ ਸਾਡੀਆਂ ਇਨ੍ਹਾਂ ਪੁਸਤਕਾਂ ਵਿਚ ਬਹੁਤ ਸਾਰੇ ਵਾਕਾਂ ਦੀ ਬਣਤਰ ਵਿਚ ਵਿਆਕਰਨਕ ਪੱਖ ਤੋਂ ਕਈ ਊਣਤਾਈਆਂ ਵੀ ਨਜ਼ਰ ਆਉਂਦੀਆਂ ਨੇ। ਮਿਸਾਲ ਵਜੋਂ ਇਹ ਵਾਕ ਵੇਖੋ: "ਨਦੀ ਤਟਾਂ ਦੇ ਵਿਸ਼ੇਸ਼ ਰੁਖ ਟਾਹਲੀ, ਬਬੂਲ, ਜਾਮਨ, ਇਮਲੀ ਆਦਿ ਹਨ। ਮੈਦਾਨੀ ਭਾਗਾਂ ਨੂੰ ਇਹ ਬਾਲਣ ਦੇਂਦੇ ਹਨ" (1976, ਪੰਨਾ 49)। ਅਸਲ ਵਿਚ ਇਹ ਬਾਲਣ ਦੇਂਦੇ ਨਹੀਂ, ਸਗੋਂ ਇਨ੍ਹਾਂ ਤੋਂ ਮੈਦਾਨੀ ਭਾਗਾਂ ਨੂੰ ਬਾਲਣ

ਮਿਲਦਾ ਹੈ। 'ਰੁਖ ਬਾਲਣ ਦੇਂਦੇ ਹਨ', ਪੰਜਾਬੀ ਮੁਹਾਵਰਾ ਨਹੀਂ। ਇੰਜ ਹੀ ਇੰਡੀਅਨ ਹਿਸਟਰੀ ਰੀਫਰੈਂਸ਼ਰ ਵਿਚ ਪੰਨਾ 15 'ਤੇ ਦਿਤਾ ਇਹ ਪੈਰਾ ਵੇਖਿਆ ਜਾ ਸਕਦਾ ਹੈ : "ਬਾਬਰ ਇਕ ਯੋਗ ਸ਼ਾਸਨ-ਪ੍ਰਬੰਧਕ ਨਹੀਂ ਸੀ। ਉਸ ਨੇ ਲੋਧੀ ਸੁਲਤਾਨਾਂ ਦੀ ਅਸ਼ੁੱਧ ਸ਼ਾਸਨ-ਪ੍ਰਣਾਲੀ ਨੂੰ ਹੀ ਆਪਣੇ ਸ਼ਾਸਨ-ਪ੍ਰਬੰਧ ਦਾ ਆਧਾਰ ਬਣਾਇਆ। ਉਸ ਨੇ ਨਿਆਂ ਅਤੇ ਲਗਾਨ-ਪ੍ਰਣਾਲੀ ਦੇ ਸੁਧਾਰ ਦੇ ਵਲ ਵੀ ਕੋਈ ਧਿਆਨ ਨਾ ਦਿਤਾ। ਆਪਣੀ ਉਦਾਰਤਾ ਦੇ ਕਾਰਨ ਉਸ ਨੇ ਨਵੇਂ ਬਣਵਾਏ ਸਾਮਰਾਜ ਦੀ ਆਰਥਿਕ ਹਾਲਤ ਨੂੰ ਕਮਜ਼ੋਰ ਕਰ ਦਿਤਾ। ਉਸ ਨੇ ਆਪਣੇ ਸਾਮਰਾਜ ਨੂੰ ਜਗੀਰਦਾਰਾਂ ਵਿਚ ਵੰਡ ਦਿਤਾ ਅਤੇ ਉਨ੍ਹਾਂ ਨੂੰ ਆਪਣੇ ਅਧਿਕਾਰ-ਖੇਤਰ ਵਿਚ ਸ਼ਾਸਨ ਸਬੰਧੀ ਕਾਫ਼ੀ ਸ਼ਕਤੀਆਂ ਦਿਤੀਆਂ ਗਈਆਂ।" ਪੰਨਾ 193 'ਤੇ ਦਿਤੇ ਇਹ ਵਾਕ ਵੀ ਵੇਖੋ : "ਸਰਕਾਰ ਨੇ ਦਿਆਲ ਸਿੰਘ ਨੂੰ ਪ੍ਰੇਰ ਕੇ ਮਿਸ਼ਨਰੀ ਦੇ ਕੰਮ ਲਈ ਅੰਮ੍ਰਿਤਸਰ ਵਿਚ ਇਕ ਬਾਗ਼ ਅਤੇ ਮਜੀਠੇ ਵਿਚ ਇਕ ਗਿਰਜਾਘਰ ਖੋਲ੍ਹ ਦਿਤਾ, ਪਰ ਜੋ ਅੰਗਰੇਜ਼ੀ ਸਰਕਾਰ ਨੂੰ ਉਮੀਦ ਸੀ, ਉਨੀ ਛੇਤੀ ਈਸਾਈ ਧਰਮ ਨਾ ਫੈਲ ਸਕਿਆ।" ਇਨ੍ਹਾਂ ਦੋਹਾਂ ਪੈਰਿਆਂ ਵਿਚ ਤਕਰੀਬਨ ਹਰ ਵਾਕ ਦੀ ਵਾਕ ਬਣਤਰ ਕਿਸੇ ਨਾ ਕਿਸੇ ਪੱਖੋਂ ਅਸ਼ੁੱਧ ਹੈ। ਇਥੇ ਇਹ ਗੱਲ ਵੀ ਨੋਟ ਕਰਨੀ ਚਾਹੀਦੀ ਹੈ ਕਿ ਭਾਸ਼ਾ ਦੀ ਪੜ੍ਹਾਈ ਸਿਰਫ਼ ਭਾਸ਼ਾ ਦੇ ਅਧਿਆਪਕ ਨੇ ਹੀ ਨਹੀਂ ਕਰਵਾਉਣੀ, ਸਗੋਂ ਵਿਦਿਆਰਥੀ ਹਰ ਵਿਸ਼ੇ ਨੂੰ ਪੜ੍ਹਦੇ ਸਮੇਂ ਆਪਣੀ ਭਾਸ਼ਾਈ ਪਕੜ ਨੂੰ ਵੀ ਪਕਿਆਂ ਕਰਦਾ ਰਹਿੰਦਾ ਹੈ। ਜੇ ਪੰਜਾਬੀ ਮਾਧਿਅਮ ਦੀਆਂ ਸਾਰੀਆਂ ਪੁਸਤਕਾਂ ਦਾ ਭਾਸ਼ਾਈ ਰੂਪ ਇਸ ਭਾਂਤ ਦਾ ਹੀ ਹੋਵੇ ਤਾਂ ਵਿਦਿਆਰਥੀ ਦੀ ਕੀ ਦਸ਼ਾ ਹੋਵੇਗੀ, ਇਸ ਦਾ ਅੰਦਾਜ਼ਾ ਲਾਉਣਾ ਕਠਿਨ ਨਹੀਂ।

V. ਇਕ ਭਾਸ਼ਾ ਤੋਂ ਦੂਜੀ ਭਾਸ਼ਾ ਵਿਚ ਅਨੁਵਾਦ ਕਰਨ ਸਮੇਂ ਹਰ ਵਿਦਵਾਨ ਨੂੰ ਇਕ ਖਾਸ ਕਿਸਮ ਦੀ ਔਕੜ ਦਾ ਸਾਹਮਣਾ ਕਰਨਾ ਪੈਂਦਾ ਹੈ। ਕੁਝ ਇਕ ਵਿਦਵਾਨਾਂ ਦਾ ਵਿਚਾਰ ਹੈ ਕਿ ਇਕ ਭਾਸ਼ਾ ਤੋਂ ਦੂਜੀ ਭਾਸ਼ਾ ਵਿਚ ਅਨੁਵਾਦ ਕਰਨਾ ਸੰਭਵ ਨਹੀਂ ਕਿਉਂਕਿ ਦੋ ਭਾਸ਼ਾਵਾਂ ਵਿਚ ਵਰਤੀ ਜਾਣ ਵਾਲੀ ਸ਼ਬਦਾਵਲੀ ਦੇ ਅਰਥਾਂ ਦੀ ਸੀਮਾਂ ਵਖਰੇ ਵਖਰੇ ਸਭਿਆਚਾਰ ਨਾਲ ਸੰਬੰਧਤ ਹੋਣ ਦੇ ਨਾਤੇ ਵਖੋ ਵਖਰੀ ਹੁੰਦੀ ਹੈ। ਇਸ ਲਈ ਕਿਸੇ ਇਕ ਭਾਸ਼ਾ ਵਿਚ ਵਰਤੇ ਗਏ ਸ਼ਬਦ ਦਾ ਇਨ-ਬਿਨ ਸਾਵਾਂ ਰੂਪ ਦੂਜੀ ਭਾਸ਼ਾ ਵਿਚ ਮਿਲਣਾ ਸੰਭਵ ਨਹੀਂ ਹੁੰਦਾ। ਇਸ ਦੇ ਨਾਲ ਹਰ ਇਕ ਭਾਸ਼ਾ ਦੇ ਭਾਸ਼ਾਈ ਲਛਣ ਦੂਜੀ ਭਾਸ਼ਾ ਦੇ ਭਾਸ਼ਾਈ ਲਛਣਾਂ ਨਾਲੋਂ ਵੱਖਰੇ ਵੀ ਹੁੰਦੇ ਨੇ। ਮਿਸਾਲ ਵਜੋਂ ਅੰਗ੍ਰੇਜ਼ੀ ਵਿਚ ਬਹੁਤ ਸਾਰੇ ਨਾਵਾਂ ਨੂੰ ਕਿਰਿਆ ਰੂਪ ਵਿਚ ਆਮ ਵਰਤ ਲਿਆ ਜਾਂਦਾ ਹੈ ਜੋ ਸ਼ਾਇਦ ਪੰਜਾਬੀ ਭਾਸ਼ਾ ਦਾ ਲਛਣ ਨਹੀਂ। Forest 'ਵਣ' ਤੋਂ deforested ਵਣ-ਕਟਿਆ ਅਤੇ afforested ਵਣ-ਲਾਇਆ ਘੜੇ ਜਾਂਦੇ ਨੇ, ਪਰ ਪੰਜਾਬੀ ਵਿਚ ਹਾਲੀਂ ਤਕ ਧਰਤੀ ਨੂੰ 'ਨਿਰੁਖ' ਬਨਾਉਣ ਜਾਂ 'ਸਰੁਖਾ' ਕਰਨ ਦੇ ਮਨੋਭਾਵ ਪ੍ਰਚਲਤ ਨਹੀਂ। ਭਵਿਖ ਵਿਚ ਅਜਿਹੀ ਸਿਰਜਣਾ ਦੀ ਸੰਭਾਵਨਾ ਹੋ ਸਕਦੀ ਹੈ ਜੋ ਵਿਗਿਆਨਕ ਭਾਸ਼ਾ ਸਿਰਜਣ ਵਿਚ ਅਵਸ਼ ਸਹਾਈ ਹੋ ਸਕਦੀ ਹੈ। ਜਦੋਂ ਕਿਸੀ ਇਕ ਭਾਸ਼ਾ ਤੋਂ ਦੂਜੀ ਭਾਸ਼ਾ ਵਿਚ ਕੋਈ ਅਨੁਵਾਦ ਕਰਦੇ ਹਾਂ ਤਾਂ ਸਾਨੂੰ ਕਈ ਵਾਰ ਇਕ ਭਾਸ਼ਾ ਵਿਚ ਵਰਤੇ ਗਏ ਇਕ ਸ਼ਬਦ ਦੇ ਵਖ ਵਖ ਪ੍ਰਸੰਗਾਂ ਨੂੰ ਮੁਖ ਰਖਦਿਆਂ ਹੋਇਆਂ ਦੂਜੀ ਭਾਸ਼ਾ ਵਿਚ ਉਸ ਦੇ ਮੁਕਾਬਲੇ ਵਿਚ ਦੋ ਜਾਂ ਦੋ ਤੋਂ ਵਧ ਸ਼ਬਦਾਂ ਦੀ ਵਰਤੋਂ ਲੁੜੀਂਦੇ ਅਰਥਾਂ ਨੂੰ ਮੁਖ ਰਖਦਿਆਂ ਹੋਇਆਂ ਕਰਨੀ ਪੈਂਦੀ ਹੈ। ਮਿਸਾਲ ਵਜੋਂ path of the electron in an atom ਅਤੇ path of the free electron ਵਿਚ path ਦਾ ਅਨੁਵਾਦ 'ਮਾਰਗ', 'ਪਥ' ਜਾਂ 'ਰਸਤਾ' ਕਰਨਾ 'ਮੱਖੀ' ਤੇ ਮੱਖੀ ਮਾਰਨ ਵਾਲੀ ਗੱਲ ਹੋਵੇਗੀ, ਕਿਉਂਕਿ path of the electron in an atom



ਅਤੇ path of the free electron ਵਿਚ path ਦੋ ਵਖੋ ਵਖਰੀਆਂ ਸਥਿਤੀਆਂ ਨੂੰ ਪ੍ਰਗਟਾਉਂਦਾ ਹੈ। ਪਹਿਲੇ ਵਾਕ ਵਿਚ electron ਐਟਮ ਵਿਚ ਇਕ ਮਾਰਗ ਜਾਂ ਰਸਤੇ 'ਤੇ ਚਲਦਾ ਹੈ ਪਰ ਦੂਜੇ ਵਾਕ ਦਾ ਪ੍ਰਸੰਗ ਇਹ ਹੈ ਕਿ ਫਰੀ ਇਲੈਕਟ੍ਰਾਨ (Free electron) ਜਦੋਂ ਚਲਦਾ ਹੈ ਤਾਂ ਉਹ ਵੇਖਿਆ ਨਹੀਂ ਜਾ ਸਕਦਾ, ਸਗੋਂ ਉਸ ਦੇ (foot steps) ਪੈਰਾਂ ਦੇ ਨਿਸ਼ਾਨ ਫਿਲਮ ਰਾਹੀਂ ਦੇਖੇ ਜਾ ਸਕਦੇ ਨੇ। ਇਸ ਸੰਦਰਭ ਨੂੰ ਮੁਖ ਰਖਦਿਆਂ ਹੋਇਆਂ ਜੇ path of the free electron ਦਾ ਪੰਜਾਬੀ ਅਨੁਵਾਦ 'ਫਰੀ ਇਲੈਕਟ੍ਰਾਨ' (Free electron) ਦਾ 'ਮਾਰਗ' ਕੀਤਾ ਜਾਵੇ ਤਾਂ ਇਹ ਠੀਕ ਅਰਥ ਸਪਸ਼ਟ ਨਹੀਂ ਕਰੇਗਾ। ਇਸ ਲਈ path of the free electron ਨੂੰ ਜੇ 'ਫ਼ਰੀ ਇਲੈਕਟ੍ਰਾਨ ਦੀ ਪੈੜ' ਕਿਹਾ ਜਾਵੇ ਤਾਂ ਵਧੇਰੇ ਠੀਕ ਜਾਪੇਗਾ। ਪੰਜਾਬੀ ਵਿਚ ਪੈੜ, ਪਗਡੰਡੀ, ਅਤੇ ਪੱਥ ਜਾਂ ਮਾਰਗ ਦੇ ਵਖੋ ਵਖਰੇ ਅਰਥ ਨੇ ਅਤੇ ਇਹ ਸ਼ਬਦ ਵਖੋ ਵਖਰੇ ਮਨੋਭਾਵਾਂ ਨੂੰ ਰੂਪਮਾਨ ਕਰਦੇ ਨੇ। ਇਕ ਸ਼ਬਦ ਦੂਜੇ ਦੀ ਥਾਂ ਨਹੀਂ ਵਰਤਿਆ ਜਾ ਸਕਦਾ। ਇਹ ਸਾਰਾ ਕੁਝ ਕਹਿਣ ਤੋਂ ਭਾਵ ਇਹ ਹੈ ਕਿ ਅੰਗ੍ਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਕਰਨ ਸਮੇਂ ਸਿਰਫ਼ ਤਕਨੀਕੀ ਸ਼ਬਦਾਵਲੀ ਦੇ ਅੰਗ੍ਰੇਜ਼ੀ-ਪੰਜਾਬੀ ਰੂਪਾਂ ਨੂੰ ਸਾਹਮਣੇ ਰਖ ਕੇ ਕੰਮ ਨਹੀਂ ਸਾਰਿਆ ਜਾ ਸਕਦਾ। ਅਜਿਹਾ ਕਰਨ ਨਾਲ ਅਸੀਂ ਸਪਸ਼ਟਤਾ ਅਤੇ ਸਰਲਤਾ ਦੋਵੇਂ ਗੁਆ ਬੈਠਾਂਗੇ।

ਇਥੇ 'ਰਾਜ ਪਬਲਿਸ਼ਰਜ਼' ਵਲੋਂ ਛਾਪੀ ਪੁਸਤਕ 'ਰਾਜਨੀਤਕ ਸਿਧਾਂਤ' (Political Theory) ਵਿਚੋਂ ਕੁਝ ਉਦਾਹਰਨਾਂ ਦਿਤੀਆਂ ਗਈਆਂ ਨੇ। ਇਹ ਪੁਸਤਕ ਕਹਿਣ ਨੂੰ ਤਾਂ ਮੌਲਕ ਹੈ ਪਰ ਅਸਲ ਵਿਚ ਇਹ ਹੈ ਇਕ ਅਨੁਵਾਦ ਹੀ। ਇਸ ਵਿਚ ਮੱਖੀ 'ਤੇ ਮੱਖੀ ਮਾਰੀ ਗਈ ਹੈ। ਮਿਸਾਲ ਵਜੋਂ (ੳ) 'The science of politics is one science that is deposited in the stream of history like the grains of gold in the sands of river' ਦਾ ਪੰਜਾਬੀ ਅਨੁਵਾਦ "ਰਾਜਨੀਤੀ ਦਾ ਵਿਗਿਆਨ ਇਤਿਹਾਸ ਰੂਪੀ ਨਦੀ ਦੀ ਧਾਰਾ ਵਿਚ ਉਸੇ ਤਰ੍ਹਾਂ ਸੰਚਿਤ ਹੈ ਜਿਸ ਤਰ੍ਹਾਂ ਨਦੀ ਦੀ ਰੇਤ ਵਿਚ ਸੋਨ-ਕਣ" ਕੀਤਾ ਹੋਇਆ ਹੈ (1978, ਪੰਨਾ 18)। ਇੰਜ ਹੀ (ਅ) "Philosophy is the direct experience or vision of absolute truth." ਦਾ ਅਨੁਵਾਦ "ਦਰਸ਼ਨ ਸ਼ਾਸਤਰ ਪੂਰਣ ਸਚਾਈ, ਸਿੱਧਾ ਅਨੁਭਵ ਜਾਂ ਦਰਸ਼ਨ ਹੈ" ਕੀਤਾ ਗਿਆ ਹੈ (1978, ਪੰਨਾ 22)। ਇਸ ਦੇ ਨਾਲ ਹੀ (ੲ) History without political science has no fruit and political science without history has no root" ਦਾ ਪੰਜਾਬੀ ਅਨੁਵਾਦ "ਰਾਜਨੀਤੀ ਸ਼ਾਸਤਰ ਤੋਂ ਬਿਨਾਂ ਇਤਿਹਾਸ ਦਾ ਕੋਈ ਫਲ ਨਹੀਂ, ਇਤਿਹਾਸ ਤੋਂ ਬਿਨਾਂ ਰਾਜਨੀਤੀ ਸ਼ਾਸਤਰ ਦੀ ਕੋਈ ਜੜ੍ਹ ਨਹੀਂ" ਦਿਤਾ ਗਿਆ ਹੈ (1978, ਪੰਨਾ 38)।

Study of Government ਦਾ ਉਲਥਾ 'ਸਰਕਾਰ ਦਾ ਅਧਿਐਨ', Study of State ਦਾ 'ਰਾਜ ਦਾ ਅਧਿਐਨ' ਅਤੇ Study of Leadership ਦਾ 'ਅਗਵਾਈ ਦਾ ਅਧਿਐਨ' ਕੀਤਾ ਹੈ। ਭਾਸ਼ਾ ਵਿਭਾਗ ਵਲੋਂ ਰਾਜਨੀਤਕ ਵਿਗਿਆਨ ਨਾਲ ਸੰਬੰਧਤ ਸ਼ਬਦਾਵਲੀ ਸੰਗ੍ਰਹਿ ਵਿਚ 'Government', 'State', ਅਤੇ 'Leadership' ਦਾ ਕ੍ਰਮਵਾਰ ਪੰਜਾਬੀ ਅਨੁਵਾਦ 'ਸਰਕਾਰ', 'ਰਾਜ' ਅਤੇ 'ਅਗਵਾਈ' ਕੀਤਾ ਹੋਇਆ ਹੈ। ਸ੍ਰੀ ਰਾਵਿੰਦਰ ਨਾਥ ਦੁਗਲ ਨੇ ਅੰਗ੍ਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਕਰਦਿਆਂ ਕਿਸੇ ਕਿਸਮ ਦੇ ਪ੍ਰਸੰਗ ਨੂੰ ਨਾ ਸਮਝਦਿਆਂ ਹੋਇਆ ਤਕਨੀਕੀ ਸ਼ਬਦਾਵਲੀ ਸੰਗ੍ਰਹਿ ਸਾਹਮਣੇ ਰਖ ਕੇ ਮੱਖੀ 'ਤੇ ਮੱਖੀ ਹੀ ਮਾਰੀ ਹੈ, ਅਨੁਵਾਦ ਨਹੀਂ ਕੀਤਾ। ਇੰਜ ਹੀ ਇੰਡੀਅਨ ਹਿਸਟਰੀ ਰੀਫਰੈਂਸ਼ਰ ਵਿਚ 'Pay and promotion' ਦਾ ਅਨੁਵਾਦ 'ਤਨਖਾਹ ਤੇ ਪਦਵੀਆਂ' ਅਤੇ

Charity institutions ਦਾ 'ਦਾਨ ਤੇ ਲੰਗਰ' ਕੀਤਾ ਹੋਇਆ ਹੈ।

ਆਮ ਤੌਰ 'ਤੇ ਸਮਝਿਆ ਇਹ ਜਾਂਦਾ ਹੈ ਕਿ ਅਨੁਵਾਦ ਦਾ ਕੰਮ ਹਰ ਕੋਈ ਕਰ ਸਕਦਾ ਹੈ, ਜੋ ਠੀਕ ਨਹੀਂ। ਇਕ ਭਾਸ਼ਾ ਤੋਂ ਦੂਜੀ ਭਾਸ਼ਾ ਵਿਚ ਅਨੁਵਾਦ ਕਰਨਾ ਹਰ ਲੰਡੀ-ਬੁੱਚੀ ਦੇ ਵਸ ਦਾ ਰੋਗ ਨਹੀਂ ਹੁੰਦਾ। ਠੀਕ ਅਨੁਵਾਦ ਉਹ ਵਿਦਵਾਨ ਹੀ ਕਰ ਸਕਦੇ ਨੇ ਜਿਨ੍ਹਾਂ ਦੀ ਆਪਣੇ ਵਿਸ਼ੇ ਅਤੇ ਭਾਸ਼ਾ 'ਤੇ ਪੂਰੀ ਪਕੜ ਹੁੰਦੀ ਹੈ ਅਤੇ ਨਾਲ ਹੀ ਜਿਨ੍ਹਾਂ ਵਿਚ ਮੌਲਕ ਰਚਨਾ ਕਰਨ ਦੀ ਸਮਰਥਾ ਵੀ ਹੁੰਦੀ ਹੈ। ਭਾਵੇਂ ਮਾਧਿਅਮ ਪ੍ਰੀਵਰਤਨ ਕਰਨ ਸਮੇਂ ਅਨੁਵਾਦ ਬਹੁਤ ਹਦ ਤਕ ਸਹਾਈ ਜ਼ਰੂਰ ਹੋ ਸਕਦੇ ਨੇ, ਪਰ ਨਿਰੋਲ ਅਨੁਵਾਦਾਂ 'ਤੇ ਨਿਰਭਰ ਕਰਨਾ ਬਹੁਤ ਵੱਡੀ ਭੁਲ ਹੋਵੇਗੀ। ਅਨੁਵਾਦ ਕਰਦੇ ਸਮੇਂ ਆਪਣੀ ਭਾਸ਼ਾ ਦੇ ਰੋਜ਼ਾਨਾ ਜੀਵਨ ਵਿਚ ਵਰਤੋਂ ਵਿਚ ਆਉਣ ਵਾਲੇ ਸ਼ਬਦਾਂ ਨੂੰ ਵਿਸ਼ੇਸ਼ ਅਰਥਾਂ ਨਾਲ ਜੋੜ ਕੇ ਵਰਤੋਂ ਕੀਤੀ ਜਾ ਸਕਦੀ ਹੈ। ਹੁੰਦਾ ਇਹ ਹੈ ਕਿ ਅਸੀਂ ਸਾਧਾਰਨ ਸ਼ਬਦਾਂ ਨੂੰ, ਜੋ ਇਕ ਖ਼ਾਸ ਪ੍ਰਸੰਗ ਵਿਚ ਵਰਤੇ ਜਾ ਸਕਦੇ ਨੇ, ਅਖੋਂ ਓਹਲੇ ਕਰ ਦਿੰਦੇ ਹਾਂ ਅਤੇ ਬੇਲੋੜੇ ਸੰਸਕ੍ਰਿਤ ਸ਼ਬਦਾਂ ਦੇ ਪਿਛੇ ਦੌੜੇ ਫਿਰਦੇ ਹਾਂ। ਜਿਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਅਜਿਹੀ ਸ਼ਬਦਾਵਲੀ ਚਗਾ ਅਸਰ ਪਾਉਣ ਦੀ ਥਾਂ ਬੁਰਾ ਅਸਰ ਪਾਉਂਦੀ ਹੈ।

**VI.** ਪੰਜਾਬੀ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਸਮੇਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਸਾਡਾ ਬਹੁਤਾ ਜ਼ੋਰ ਅਨੁਵਾਦ ਉਪਰ ਹੀ ਹੁੰਦਾ ਹੈ। ਭਾਵੇਂ ਸ਼ੁਰੂ ਵਿਚ ਅਨੁਵਾਦਾਂ ਤੋਂ ਬਗ਼ੈਰ ਕੰਮ ਨਹੀਂ ਚਲਾਇਆ ਜਾ ਸਕਦਾ, ਪਰ ਤਾ ਵੀ ਮੌਲਕ ਪੁਸਤਕਾਂ ਦੀ ਤਿਆਰੀ ਤੋਂ ਬਿਨਾਂ ਮਾਧਿਅਮ ਪ੍ਰੀਵਰਤਨ ਸਫਲ ਢੰਗ ਨਾਲ ਲਾਗੂ ਨਹੀਂ ਕੀਤਾ ਜਾ ਸਕਦਾ। ਸਮਾਜਕ ਵਿਗਿਆਨ ਦੇ ਖੇਤਰ ਵਿਚ ਪੁਸਤਕਾਂ ਲਿਖਣ ਸਮੇਂ ਮੁਖ ਰੂਪ ਵਿਚ ਆਪਣੀ ਸਮਾਜਕ, ਧਾਰਮਕ, ਅਤੇ ਆਰਥਿਕ ਪਿਠ-ਭੂਮੀ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਹੀ ਪੁਸਤਕਾਂ ਦੀ ਰਚਨਾ ਕੀਤੀ ਜਾਣੀ ਚਾਹੀਦੀ ਹੈ। ਅਜਿਹੀਆਂ ਪੁਸਤਕਾਂ ਮੁਖ ਰੂਪ ਵਿਚ ਵਖ ਵਖ ਵਿਸ਼ੇ ਪੜ੍ਹਾ ਰਹੇ ਕਾਲਜ ਅਤੇ ਯੂਨੀਵਰਸਿਟੀ ਅਧਿਆਪਕਾਂ ਨੂੰ ਹੀ ਲਿਖਣੀਆ ਚਾਹੀਦੀਆਂ ਨੇ ਤਾਂ ਜੋ ਅਜਿਹੀਆਂ ਪੁਸਤਕਾਂ ਦਾ ਜਨਮ ਕਲਾਸ ਵਿਚ ਬੈਠੇ ਵਿਦਿਆਰਥੀਆ ਅਤੇ ਸੰਬੰਧਤ ਅਧਿਆਪਕਾਂ ਦੇ ਨਿਤ ਦੇ ਤਜਰਬੇ ਵਿਚੋਂ ਹੀ ਹੋਵੇ। ਇਸ ਦੇ ਨਾਲ ਹੀ ਕਾਲਿਜ ਅਤੇ ਯੂਨੀਵਰਸਿਟੀ ਪੱਧਰ 'ਤੇ ਪੜ੍ਹਾਈਆਂ ਜਾਣ ਵਾਲੀਆਂ ਪੁਸਤਕਾਂ ਵਿਚ ਮਨੋਭਾਵਾਂ ਨੂੰ ਇਕ ਅਜਿਹਾ ਰੂਪ ਦੇ ਕੇ ਪੇਸ਼ ਕਰਨ ਦੀ ਲੋੜ ਹੁੰਦੀ ਹੈ ਕਿ ਉਹ ਵਿਦਿਆਰਥੀ ਦੀ ਸੋਚਣੀ ਦਾ ਇਕ ਭਾਗ ਹੀ ਜਾਪੇ।

**VII.** ਪੰਜਾਬੀ ਨੂੰ ਸਿਖਿਆ ਦਾ ਸਫਲ ਮਾਧਿਅਮ ਬਣਾਉਣ ਲਈ ਇਹ ਜ਼ਰੂਰੀ ਹੈ ਕਿ ਪ੍ਰਚਲਤ ਤਕਨੀਕੀ ਸ਼ਬਦਾਵਲੀ ਸੰਗ੍ਰਹਿਾਂ ਦੀ ਸਮੇਂ ਸਮੇਂ ਸਿਰ ਲੁੜੀਂਦੀ ਸੁਧਾਈ ਕੀਤੀ ਜਾਵੇ। ਇਸ ਦੇ ਨਾਲ ਹੀ ਵਿਸ਼ੇਸ਼ ਲੋੜ ਵਖ ਵਖ ਵਿਸ਼ਿਆਂ ਨਾਲ ਸੰਬੰਧਤ ਡਿਕਸ਼ਨਰੀਆਂ ਤਿਆਰ ਕਰਨ ਦੀ ਹੈ ਤਾਂ ਜੋ ਵਿਦਿਆਰਥੀ ਅਤੇ ਅਧਿਆਪਕ ਲੋੜ ਸਮੇਂ ਇਨ੍ਹਾਂ ਦੀ ਵਰਤੋਂ ਕਰ ਸਕਣ। ਸ਼ਬਦ-ਜੋੜਾਂ ਵਿਚ ਇਕਸਾਰਤਾ ਲਿਆਉਣ ਦੀ ਵੀ ਬਹੁਤ ਲੋੜ ਹੈ। ਸ਼ਬਦਾਂ ਨੂੰ ਟਕਸਾਲੀ ਰੂਪ ਦੇਣ ਲਈ ਅਜਿਹਾ ਕਰਨਾ ਬਹੁਤ ਜ਼ਰੂਰੀ ਹੈ। ਸਾਡੀਆਂ ਆਮ ਪੁਸਤਕਾਂ ਵਿਚ ਇਕੋ ਹੀ ਸ਼ਬਦ ਦੇ ਇਕੋ ਸਮੇਂ ਵੱਖ ਵੱਖ ਸ਼ਬਦ-ਜੋੜ ਦਿਤੇ ਮਿਲਦੇ ਹਨ। ਮਿਸਾਲ ਵਜੋਂ ਇੰਡੀਅਨ ਹਿਸਟਰੀ ਰਿਫਰੈਸ਼ਰ ਵਿਚ ਕਾਰਣ ਅਤੇ ਕਾਰਨ ਇਕੋ ਹੀ ਪੰਨੇ 'ਤੇ ਦਿਤੇ ਹੋਏ ਨੇ। ਪੰਜਾਬੀ ਯੂਨੀਵਰਸਿਟੀ ਦੇ ਪ੍ਰੀ-ਯੂਨੀਵਰਸਿਟੀ ਦੇ ਇਤਿਹਾਸ ਦੇ ਪਰਚੇ ਵਿਚ ਕਾਰਣ ਸ਼ਬਦ ਦੀ ਵਰਤੋਂ ਕੀਤੀ ਹੋਈ ਹੈ: "ਭਾਰਤ ਦੇ ਰਾਸ਼ਟਰੀ ਅੰਦੋਲਨ ਦੀ ਉਤਪਤੀ ਅਤੇ ਵਿਕਾਸ ਦੇ ਕੀ ਕਾਰਣ ਸਨ।'

ਇਹ ਸਭ ਕੁਝ ਕਰਨ ਦੇ ਬਾਵਜੂਦ ਉਚ-ਪੱਧਰ ਦੀ ਸਿਖਿਆ ਪੰਜਾਬੀ ਮਾਧਿਅਮ ਰਾਹੀਂ ਦੇਣੀ



ਜੇ ਅਸੰਭਵ ਨਹੀਂ ਤਾਂ ਕਠਨ ਜ਼ਰੂਰ ਹੋਵੇਗੀ ਜੇ ਇਸ ਮਕਸਦ ਲਈ ਇਕ ਵਿਸ਼ੇਸ਼ ਭਾਂਤ ਦੇ ਭਾਸ਼ਾਈ ਸਭਿਆਚਾਰ ਦੀ ਸਿਰਜਣਾ ਕਰਨ ਵਲ ਕਦਮ ਨਹੀਂ ਪੁਟਾਂਗੇ ਜਿਸ ਵਿਚ ਵਿਗਿਆਨਕ ਵਾਰਤਾਲਾਪ ਕਰਨੀ ਆਸਾਨੀ ਨਾਲ ਸੰਭਵ ਹੋ ਸਕੇ। ਭਾਸ਼ਾਈ ਸਭਿਆਚਾਰ ਦੀ ਉਸਾਰੀ ਭਾਸ਼ਾਈ ਸੰਜਮ, ਇਕਸਾਰਤਾ ਅਤੇ ਸ਼ੁਧਤਾਈ ਨੂੰ ਮੁਖ ਰਖਦਿਆਂ ਹੀ ਹੋ ਸਕਦੀ ਹੈ। ਇਸ ਦੇ ਨਾਲ ਹੀ ਅਜਿਹੇ ਭਾਸ਼ਾਈ ਸਭਿਆਚਾਰ ਨੂੰ ਸਮੁੱਚੇ ਪੰਜਾਬੀ ਸਭਿਆਚਾਰ ਵਿਚ ਰਲਾਉਣ ਲਈ ਜਾਂ ਉਸ ਦਾ ਇਕ ਅਟੁਟ ਅੰਗ ਬਣਾਉਣ ਲਈ ਸਮਾਚਾਰ ਪੱਤਰ, ਰੇਡੀਓ ਅਤੇ ਟੈਲੀਵੀਜ਼ਨ ਆਦਿ ਇਕ ਅਹਿਮ ਰੋਲ ਅਦਾ ਕਰ ਸਕਦੇ ਨੇ, ਅਤੇ ਅਜਿਹਾ ਤਾਂ ਹੀ ਹੋ ਸਕਦਾ ਹੈ ਜੇ ਇਨ੍ਹਾਂ ਦੇ ਪ੍ਰਬੰਧਕ ਅਤੇ ਹੋਰ ਕੰਮ ਕਰਨ ਵਾਲੇ ਲੋਕ ਇਸ ਭਾਂਤ ਦੀ ਲੋੜ ਤੋਂ ਸੁਚੇਤ ਹੋਣ। ਪਰ ਰੇਡੀਓ, ਟੈਲੀਵੀਜ਼ਨ ਅਤੇ ਅਖ਼ਬਾਰਾਂ ਪੰਜਾਬੀ ਭਾਸ਼ਾ ਦੇ ਰੂਪ ਵਿਚ ਇਕਸਾਰਤਾ ਲਿਆਉਣ ਅਤੇ ਪੰਜਾਬੀ ਮੁਹਾਵਰੇ ਨੂੰ ਪ੍ਰਚਲਤ ਕਰਨ ਦੀ ਥਾਂ ਇਸ ਦੀ ਨੁਹਾਰ ਵਿਗਾੜਨ ਵਿਚ ਜੁਟੇ ਜਾਪਦੇ ਨੇ। ਇਸ ਸੰਬੰਧ ਵਿਚ ਇਥੇ ਇਕ ਦੋ ਉਦਾਹਰਨਾਂ ਹੀ ਦਿਤੀਆਂ ਜਾਣਗੀਆਂ। ਬਹੁਤੀ ਵਾਰੀ ਰੇਡੀਓ ਅਤੇ ਟੈਲੀਵੀਜ਼ਨ ਤੋਂ ਵਾਦ-ਵਿਵਾਦ ਜਾਂ ਵਾਰਤਾਲਾਪ ਪੇਸ਼ ਕਰਨ ਸਮੇਂ ਜਿਸ ਕਿਸਮ ਦੀ ਪੰਜਾਬੀ ਦੀ ਵਰਤੋਂ ਕੀਤੀ ਜਾਂਦੀ ਹੈ ਉਹ ਸਿੱਧਾ ਅੰਗ੍ਰੇਜ਼ੀ ਤੋਂ ਕੀਤਾ ਪੰਜਾਬਾ ਅਨੁਵਾਦ ਹੀ ਹੁੰਦਾ ਹੈ। ਮਿਸਾਲ ਵਜੋਂ ਜਾਲੰਧਰ ਰੇਡੀਓ ਤੋਂ ਪੇਸ਼ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਵਿਚ (ਵਿਸ਼ੇਸ਼ ਕਰਕੇ ਬਚਿਆਂ ਦੇ ਪ੍ਰੋਗਰਾਮਾਂ ਵਿਚ) ਅਜਿਹੇ ਪੰਜਾਬੀ ਵਾਕ ਆਮ ਸੁਣਨ ਵਿਚ ਆਉਣਗੇ ਜਿਵੇਂ ਕਿ ਦਾਣੇ ਚਬਣ ਦੀ ਥਾਂ 'ਦਾਨੇ ਖਾਨੇ', ਨਾਸ਼ਤਾ ਖਾਣ ਦੀ ਥਾਂ 'ਨਾਸ਼ਤਾ ਲੈਨਾ', 'ਅੰਡੇ ਖਾ ਸਕਦੇ ਨੇ' ਦੀ ਥਾਂ 'ਅੰਡੇ ਲੈ ਸਕਦੇ ਨੇ' ਆਦਿ। ਇੰਜ ਹੀ ਇਕ ਵਾਰਤਾਲਾਪ ਵਿਚ ਇਹ ਕਿਹਾ ਜਾ ਰਿਹਾ ਸੀ ਕਿ ਦਸੋ 'ਵੀਟੋ ਦੇਣ ਦਾ ਹਕ ਕਿਸ ਕਿਸ ਦੇਸ਼ ਨੂੰ ਹੈ'। 'ਵੀਟੋ ਦੇਣਾ' ਪੰਜਾਬੀ ਰੂਪ ਹੈ ਜਾਂ 'ਵੀਟੋ ਕਰਨਾ'? ਅਜਿਹੀਆਂ ਅਨੇਕਾਂ ਮਿਸਾਲਾਂ ਦਿਤੀਆਂ ਜਾ ਸਕਦੀਆਂ ਨੇ।

ਇੰਜ ਹੀ ਕੁਝ ਦਿਨ ਪਹਿਲੋਂ ਪਟਿਆਲੇ ਵਿਚ ਇਕ ਪੰਜਾਬੀ ਅਖਬਾਰ ਦੇ ਸੰਪਾਦਕ ਨੂੰ ਉਸ ਵਲੋਂ ਪੰਜਾਬੀ ਅਤੇ ਪੰਜਾਬੀ ਸਭਿਆਚਾਰ ਦੀ ਉਨਤੀ ਲਈ ਕੀਤੀਆਂ ਗਈਆਂ ਸੇਵਾਵਾਂ ਨੂੰ ਮੁਖ ਰਖ ਕੇ ਸਨਮਾਨਿਆ ਗਿਆ। ਉਸੇ ਹੀ ਅਖ਼ਬਾਰ ਦੇ ਪਹਿਲੇ ਸਫੇ 'ਤੇ ਉਪਰੋਕਤ ਖਬਰ ਦੇ ਨਾਲ ਇਹ ਖਬਰ ਵੀ ਛਾਪੀ ਗਈ ਸੀ, "ਸ: ਗੁਰਦਸ਼ਨ ਸਿੰਘ ਐਮ.ਐਲ.ਏ. ਵਲੋਂ ਸ੍ਰੀਮਤੀ ਗਾਂਧੀ ਦਾ ਜਹਾਜ਼ ਖ੍ਰਾਬ ਕ੍ਰਨ ਦੀ ਨਖੇਧੀ"। ਪਹਿਲਾਂ ਤਾਂ ਇਹ ਉਪਰੋਕਤ ਖਬਰ ਪੜ੍ਹ ਕੇ ਇਹ ਸਮਝਣਾ ਮੁਸ਼ਕਲ ਹੋ ਜਾਂਦਾ ਹੈ ਕਿ ਕੀ ਸ: ਗੁਰਦਰਸ਼ਨ ਸਿੰਘ ਐਮ.ਐਲ.ਏ. ਨੇ ਸ੍ਰੀਮਤੀ ਗਾਂਧੀ ਦਾ ਜਹਾਜ਼ ਖਰਾਬ ਕੀਤਾ ਤੇ ਕਿਸੇ ਹੋਰ ਨੇ ਉਸ ਦੀ ਨਿਖੇਧੀ ਕੀਤੀ, ਜਾਂ ਜਹਾਜ਼ ਕਿਸੇ ਹੋਰ ਨੇ ਖਰਾਬ ਕੀਤਾ ਤੇ ਨਿਖੇਧੀ ਸ: ਗੁਦਰਸ਼ਨ ਸਿੰਘ ਨੇ ਕੀਤੀ। ਇਸ ਦੇ ਨਾਲ ਹੀ 'ਖਰਾਬ' ਅਤੇ 'ਕਰਨ' ਨੂੰ ਕਰਮਵਾਰ 'ਖ੍ਰਾਬ' ਅਤੇ 'ਕ੍ਰਨ' ਲਿਖ ਕੇ ਜੋ ਪੰਜਾਬੀ ਭਾਸ਼ਾ ਦੇ ਖੇਤਰ ਵਿਚ ਸ਼ਬਦ-ਜੋੜਾਂ ਦੀ ਸੇਵਾ ਕੀਤੀ ਹੈ, ਉਹ ਆਪਣੀ ਮਿਸਾਲ ਆਪ ਹੀ ਹੈ। ਇੰਜ ਹੀ ਉਸੇ ਸਫੇ 'ਤੇ 'ਸ੍ਰਦਾਰ' ਵੀ ਹੈ ਅਤੇ 'ਸਰਦਾਰ' ਵੀ। ਦੋਹਾਂ ਵਿਚੋਂ ਕਿਸ ਸ਼ਬਦ-ਜੋੜ ਨੂੰ ਮਾਨਤਾ ਦਿਤੀ ਜਾਵੇ, ਇਹ ਵੀ ਦਸਣਾ ਮੁਸ਼ਕਲ ਹੈ। ਇਥੇ ਇਹ ਮਿਸਾਲਾਂ ਦੇਣ ਤੋਂ ਭਾਵ ਕਿਸੇ ਨੂੰ ਨਿੰਦਣਾ ਨਹੀਂ, ਸਗੋਂ ਸੰਬੰਧਤ ਅਧਿਕਾਰੀਆਂ ਨੂੰ ਇਸ ਪੱਖ ਤੋਂ ਸੁਚੇਤ ਕਰਨ ਤੋਂ ਹੀ ਹੈ।

ਵਿਗਿਆਨ ਦੇ ਖੇਤਰ ਵਿਚ ਪੰਜਾਬੀ ਮਾਧਿਅਮ ਲਾਗੂ ਕਰਨ ਸਮੇਂ ਵਿਗਿਆਨਕ ਵਾਰਤਾਲਾਪ ਲਈ ਜਿਸ ਭਾਂਤ ਦੀ ਭਾਸ਼ਾ ਸਿਰਜਣ ਦਾ ਪਿਛੇ ਜ਼ਿਕਰ ਕੀਤਾ ਗਿਆ ਹੈ, ਉਹ ਤਾਂ ਹੀ ਹੋਂਦ ਵਿਚ ਆ

ਸਕਦੀ ਹੈ ਜੇ ਪੰਜਾਬੀ ਨੂੰ ਅਮਲੀ ਰੂਪ ਵਿਚ ਵਰਤੋਂ ਵਿਚ ਲਿਆਂਦਾ ਜਾਵੇ। ਕਿਸੇ ਵੀ ਭਾਸ਼ਾ ਨੂੰ ਗਿਆਨ ਪ੍ਰਾਪਤੀ ਦਾ ਮਾਧਿਅਮ ਬਣਾਉਣ ਦਾ ਇਕੋ ਇਕ ਢੰਗ ਜੀਵਨ ਦੇ ਹਰ ਪੱਖ ਵਿਚ ਉਸ ਦੀ ਵਰਤੋਂ ਹੀ ਹੈ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਜੇ ਪੰਜਾਬੀ ਨੂੰ ਮਾਤਾ-ਭਾਸ਼ਾ ਦੇ ਨਾਤੇ ਉਚ ਸਿਖਿਆ ਦਾ ਮਾਧਿਅਮ ਬਣਾਉਣਾ ਹੈ ਤਾਂ ਪੰਜਾਬੀ ਨੂੰ ਘਟੋ ਘਟ ਐਮ. ਫਿਲ. ਪੱਧਰ ਤਕ ਵਿਗਿਆਨ ਦੇ ਖੇਤਰ ਵਿਚ ਪੰਜਾਬ ਦੇ ਸਾਰੇ ਵਿਸ਼ਵ-ਵਿਦਿਆਲਿਆਂ ਵਿਚ ਖੋਜ ਦਾ ਮਾਧਿਅਮ ਬਣਾਉਣਾ ਜ਼ਰੂਰੀ ਹੈ। ਅਜਿਹਾ ਕਰਨ ਨਾਲ ਵਿਗਿਆਨ ਨਾਲ ਸੰਬੰਧਤ ਹਰ ਖੇਤਰ ਵਿਚ ਤਕਨੀਕੀ ਸ਼ਬਦਾਵਲੀ ਦੀ ਉਪਜ ਦੇ ਨਾਲ ਵਿਗਿਆਨਕ ਵਾਰਤਾਲਾਪ ਲਈ ਲੁੜੀਂਦੀ ਭਾਸ਼ਾ ਦੀ ਸਿਰਜਣਾ ਵੀ ਹੋ ਸਕੇਗੀ। ਇਸ ਤੋਂ ਬਿਨਾਂ ਸਾਡੇ ਪਾਸ ਹੋਰ ਕੋਈ ਚਾਰਾ ਨਹੀਂ। ਅਜ ਵੀ ਕੁਝ ਇਕ ਵਿਦਵਾਨ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਭਿਆਚਾਰ ਦੀ ਤਰੱਕੀ ਦੇ ਨਾਂ ਥੱਲੇ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਭਿਆਚਾਰ ਨਾਲ ਸਬੰਧਤ ਹਰ ਭਾਂਤ ਦੀ ਖੋਜ ਅੰਗ੍ਰੇਜ਼ੀ ਮਾਧਿਅਮ ਰਾਹੀਂ ਕਰ ਕੇ ਜਾਂ ਕਰਵਾ ਕੇ ਪੰਜਾਬੀ ਭਾਸ਼ਾ ਦੀ ਉੱਨਤੀ ਲਈ ਕੰਮ ਕਰਨ ਦਾ ਪ੍ਰਭਾਵ ਪਾਉਣ ਦਾ ਯਤਨ ਕਰ ਰਹੇ ਨੇ। ਅਜਿਹੇ ਵਿਦਵਾਨਾਂ ਦਾ ਇਹ ਰਵੱਈਆ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਮਾਜ ਦੀ ਉੱਨਤੀ ਲਈ ਕਿਸੇ ਵੀ ਤਰ੍ਹਾਂ ਲਾਭਦਾਇਕ ਨਹੀਂ, ਹਾਨੀਕਾਰਕ ਜ਼ਰੂਰ ਹੈ।

ਇਸ ਦੇ ਨਾਲ ਹੀ ਪੰਜਾਬੀ ਮਾਧਿਅਮ ਨੂੰ ਸਫਲਤਾ ਨਾਲ ਲਾਗੂ ਕਰਨ ਲਈ ਨੌਕਰਸ਼ਾਹੀ ਵਲੋਂ ਅਤੇ ਕੁਝ ਇਕ ਅਦਾਰਿਆਂ ਵਲੋਂ ਬਹੁਤ ਹੀ ਗੰਭੀਰ ਅਤੇ ਸੁਚੱਜੇ ਢੰਗ ਨਾਲ ਕੀਤੀ ਜਾ ਰਹੀ ਵਿਰੋਧਤਾ ਦਾ ਟਾਕਰਾ ਕਰਨ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਸਾਰੇ ਸਰਕਾਰੀ ਅਤੇ ਅਰਧ-ਸਰਕਾਰੀ ਅਦਾਰਿਆਂ ਵਿਚ ਨੌਕਰੀਆਂ ਦੇਣ ਸਮੇਂ ਪਹਿਲ ਪੰਜਾਬੀ ਮਾਧਿਅਮ ਰਾਹੀਂ ਵਿਦਿਆ ਪ੍ਰਾਪਤ ਕਰ ਚੁਕੇ ਉਮੀਦਵਾਰਾਂ ਨੂੰ ਦਿਤੀ ਜਾਵੇ, ਤਾਂ ਜੋ ਪੰਜਾਬੀ ਮਾਧਿਅਮ ਰਾਹੀਂ ਵਿਦਿਆ ਪ੍ਰਾਪਤ ਕਰ ਰਹੇ ਜਾਂ ਕਰ ਚੁਕੇ ਉਮੀਦਵਾਰਾਂ ਵਿਚ ਉਤਸ਼ਾਹ ਅਤੇ ਸਵੈਮਾਨ ਪੈਦਾ ਕੀਤਾ ਜਾ ਸਕੇ।


## ਗੁਰਬਾਣੀ ਦਾ ਸੱਚ

ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵੱਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਹਿ ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ ਬਹਾਦਰ ਦੀ ਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਹਨ। ਸਫ਼ੇ 200, ਸੁੰਦਰ ਦਿੱਖ, ਮੁਲ : 15 ਰੁਪੈ, (ਪੇਪਰ ਬੈਕ); 25 ਰੁਪੈ (ਡੀਲਕਸ)

## ਸਿੱਖ ਲਹਿਰ

**ਕਿਸ਼ਨ ਸਿੰਘ**

ਸਿੱਖ-ਲਹਿਰ ਦੇ ਇਤਿਹਾਸ, ਉਸ ਦੇ ਜਮਾਤੀ ਪੈਂਤੜੇ ਅਤੇ ਅਸਲੇ ਨੂੰ ਸਮਝਣ ਲਈ ਇਕ ਅਦੁੱਤੀ ਪੁਸਤਕ। ਸਫ਼ੇ 210; ਮੁੱਲ : 10 ਰੁ:, ਪੱਕੀ ਜਿਲਦ। ਇਸ ਪੁਸਤਕ ਲਈ ਸੇਧ ਨੂੰ ਲਿਖੋ।




## ਪੱਛਮੀ ਆਲੋਚਨਾ-ਪ੍ਰਣਾਲੀਆਂ ਅਤੇ ਪੰਜਾਬੀ ਆਲੋਚਨਾ-੭

ਡਾ. ਰਵਿੰਦਰ ਸਿੰਘ ਰਵੀ

(ਲੜੀ ਜੋੜਨ ਲਈ ਵੇਖੋ ਸੇਧ, ਦਸੰਬਰ 1980 ਅੰਕ, ਸਫ਼ੇ 39-48)

ਅਮਰੀਕਾ ਦੇ 'ਨਵੀਨ ਆਲੋਚਨਾ' ਸਕੂਲ ਨਾਲ ਸੰਬੰਧਤ ਮੁੱਖ ਆਲੋਚਕਾਂ ਦੇ ਕਾਵਿ-ਸਿਧਾਂਤਾਂ ਨਾਲ ਵਿਸਤਾਰ-ਸਾਹਿਤ ਜਾਣ-ਪਛਾਣ ਕਰਨ ਤੋਂ ਬਾਅਦ ਉਨ੍ਹਾਂ ਦਾ ਆਲੋਚਨਾਤਮਕ ਮੁੱਲਾਂਕਣ ਕਰਨਾ ਜ਼ਰੂਰੀ ਹੈ। ਇਸ ਨਾਲ ਇਕ ਤਾਂ ਇਨ੍ਹਾਂ ਸਿਧਾਂਤਾਂ ਦੇ ਅਸਲੇ ਨੂੰ ਸਮਝਿਆ ਜਾ ਸਕੇਗਾ ਅਤੇ ਦੂਸਰੇ, ਇਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਕਮਜ਼ੋਰੀਆਂ ਦੀ ਰੋਸ਼ਨੀ ਵਿਚ ਪੰਜਾਬੀ-ਸਾਹਿਤ ਲਈ ਸਾਰਥਕ ਆਲੋਚਨਾ-ਮਾਡਲ ਦੀ ਉਸਾਰੀ ਬਾਰੇ ਵੀ ਸੇਧ ਪ੍ਰਾਪਤ ਕੀਤੀ ਜਾ ਸਕੇਗੀ। ਇਨ੍ਹਾਂ ਆਲੋਚਕਾਂ ਜਾਂ ਉਨ੍ਹਾਂ ਦੇ ਵੱਖ ਵੱਖ ਕਾਵਿ-ਸਿਧਾਂਤਾਂ ਦਾ ਇਕ ਇਕ ਕਰ ਕੇ ਵਖਰਾ ਵਖਰਾ ਆਲੋਚਨਾਤਮਕ ਮੁੱਲਾਂਕਣ ਕਰਨ ਦੀ ਜ਼ਰੂਰਤ ਨਹੀਂ, ਕਿਉਂਕਿ ਇਨ੍ਹਾਂ ਆਲੋਚਕਾਂ ਦੇ ਸਮੁੱਚੇ ਦ੍ਰਿਸ਼ਟੀਕੋਣ ਅਤੇ ਉਨ੍ਹਾਂ ਦੇ ਕਾਵਿ-ਸਿਧਾਂਤਾਂ ਦੇ ਬੁਨਿਆਦੀ ਆਧਾਰਾਂ ਵਿਚ ਮੁਕੰਮਲ ਸਾਂਝ ਹੈ, ਭਾਵੇਂ ਵੇਖਣ ਨੂੰ ਇਨ੍ਹਾਂ ਦੀ ਤਕਨੀਕੀ ਸ਼ਬਦਾਵਲੀ ਅਤੇ ਸੰਕਲਪਾਂ ਵਿਚ ਅੰਤਰ ਪ੍ਰਤੀਤ ਹੁੰਦਾ ਹੈ। ਇਨ੍ਹਾਂ ਕਾਵਿ-ਸਿਧਾਂਤਾਂ ਅਤੇ ਆਲੋਚਕਾਂ ਦੇ ਜਿਹੜੇ ਨੁਕਤੇ ਵਖਰੇ ਤੌਰ 'ਤੇ ਆਲੋਚਨਾਤਮਕ ਮੁੱਲਾਂਕਣ ਦੀ ਮੰਗ ਕਰਦੇ ਵੀ ਹਨ, ਉਹ ਵੀ ਕੋਈ ਬੁਨਿਆਦੀ ਨੁਕਤੇ ਨਹੀਂ ਹਨ; ਉਹ ਕੇਵਲ ਪ੍ਰਸੰਗ ਅਨੁਸਾਰ ਹੀ ਆਪਣਾ ਮਹੱਤਵ ਰਖਦੇ ਹਨ। ਇਸ ਲਈ ਇਨ੍ਹਾਂ ਦਾ ਇਕੱਲੇ ਇਕੱਲੇ ਰੂਪ ਵਿਚ ਆਲੋਚਨਾਤਮਕ ਮੁੱਲਾਂਕਣ ਬੁਨਿਆਦੀ ਮਸਲਿਆਂ ਦੇ ਪੱਧਰ 'ਤੇ ਦੋਹਰਾਉ ਦਾ ਕਾਰਨ ਹੀ ਬਣੇਗਾ ਜਿਸ ਕਰਕੇ ਇਨ੍ਹਾਂ ਸਾਰੇ ਆਲੋਚਕਾਂ ਅਤੇ ਉਨ੍ਹਾਂ ਦੇ ਆਲੋਚਨਾ-ਸਿਧਾਂਤਾਂ ਦੇ ਸੰਕਲਪਾਂ ਦਾ ਇਕੱਠਾ ਸਮੁੱਚਾ ਮੁੱਲਾਂਕਣ ਹੀ ਉਚਿਤ ਪ੍ਰਤੀਤ ਹੁੰਦਾ ਹੈ। ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਇਸ ਆਲੋਚਨਾ-ਪ੍ਰਣਾਲੀ ਦਾ ਅਜਿਹਾ ਕ੍ਰੀਟੀਕ ਪੇਸ਼ ਕਰਨ ਤੋਂ ਪਹਿਲਾਂ ਸੰਖੇਪ ਵਿਚ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਇਸ ਪ੍ਰਣਾਲੀ ਦੇ ਸਮੁੱਚੇ ਰੂਪ ਵਿਚ ਸਾਂਝੇ ਲੱਛਣ ਕੀ ਹਨ? ਹੁਣ ਤਕ ਪਰੰਪਰਾਗਤ ਆਲੋਚਕਾਂ ਨੇ ਇਸ ਪ੍ਰਣਾਲੀ ਦੇ ਕਿਹੜੇ ਮੁੱਖ ਪਛਾਣ-ਚਿੰਨ੍ਹ ਨਿਸ਼ਚਿਤ ਕੀਤੇ ਹਨ? ਅਤੇ ਪਰੰਪਰਾਗਤ ਪੱਧਰ 'ਤੇ ਇਸ ਦੀਆਂ ਕਿਹੜੀਆਂ ਪ੍ਰਾਪਤੀਆਂ ਅਤੇ ਕਮਜ਼ੋਰੀਆਂ ਨੂੰ ਸਮਝਿਆ ਅਤੇ ਉਜਾਗਰ ਕੀਤਾ ਗਿਆ ਹੈ?

ਜਿਥੋਂ ਤਕ ਸਮੁੱਚੇ ਰੂਪ ਵਿਚ ਇਸ ਪ੍ਰਣਾਲੀ ਦੇ ਸਾਂਝੇ ਲੱਛਣਾਂ ਦਾ ਸੰਬੰਧ ਹੈ,ਆਦਰਸ਼ਵਾਦੀ ਵਿਸ਼ਵ ਤੇ ਜੀਵਨ-ਦ੍ਰਿਸ਼ਟੀਕੋਣ ਅਪਣਾਉਣਾ ਸਾਹਿਤ ਨੂੰ ਧੁਨੀਆਂ ਅਤੇ ਅਰਥਾਂ ਦੀਆਂ ਅਜਿਹੀਆਂ ਸੰਰਚਨਾਵਾਂ

ਦੀ ਕਲਾ ਮੰਨਣਾ ਜਿਹੜੀਆਂ ਅੰਤਿਮ ਰੂਪ ਵਿਚ ਕੇਵਲ ਅਸਤਿਤਵ-ਸ਼ਾਸਤ੍ਰੀ (Ontological) ਹੀ ਹਨ, ਸਾਹਿਤ ਨੂੰ ਹਰ ਪ੍ਰਕਾਰ ਦੇ ਪ੍ਰਸੰਗ ਤੋਂ ਮੁਕਤ ਸਵੀਕਾਰ ਕਰਨਾ, ਕਵੀ ਦੀ ਜੀਵਨੀ, ਇਤਿਹਾਸ, ਮਨੋਵਿਗਿਆਨ ਆਦਿ ਦਾ ਇਕ ਅੰਗ ਮਾਤਰ ਸਮਝਣ ਦੀ ਥਾਂ ਕਵਿਤਾ ਨੂੰ ਕੇਵਲ ਕਵਿਤਾ ਵਜੋਂ ਇਕ ਸੁਤੰਤਰ ਇਕਾਈ ਮੰਨਣ ਉਤੇ ਜ਼ੋਰ ਦੇਣਾ, ਕਾਵਿ ਵਿਚ ਭਾਸ਼ਾ ਦੇ ਕਾਰਜਸ਼ੀਲ ਹੋਣ ਦੀ ਵਿਧੀ ਗ੍ਰਹਿਣ ਕਰਦਿਆ ਕਾਵਿ-ਭਾਸ਼ਾ ਦੇ ਸੁਭਾਅ ਦਾ ਨਿਖੇੜਾ ਕਰਨਾ, ਕਾਵਿ-ਭਾਸ਼ਾ ਅਤੇ ਵਿਗਿਆਨ ਦੀ ਭਾਸ਼ਾ ਦੇ ਅੰਤਰ ਨੂੰ ਉਘਾੜਨਾ, ਕੇਵਲ ਛਪੇ ਸ਼ਬਦਾਂ ਅਰਥਾਤ ਕਿਰਤ ਦੇ ਪਾਠ (Text) ਨੂੰ ਹੀ ਆਲੋਚਨਾ ਅਤੇ ਵਿਆਖਿਆ ਦਾ ਆਧਾਰ ਬਣਾਉਣਾ, ਕਵੀ ਅਤੇ ਕਾਵਿ ਦੇ ਪ੍ਰੇਰਨਾ ਜਾਂ ਉਦਗਮ ਸ੍ਰੋਤਾਂ ਦੀ ਥਾਂ ਕੇਵਲ ਕਵਿਤਾ ਅਤੇ ਉਸ ਦੇ ਪਾਠਗਤ/ਰੂਪਗਤ ਅਧਿਐਨ 'ਤੇ ਜ਼ੋਰ ਦੇਣਾ, ਕਲਾ ਨੂੰ ਧਰਮ, ਵਿਗਿਆਨ ਅਤੇ ਨੈਤਿਕਤਾ ਨਾਲੋਂ ਨਿਖੇੜਨਾ (ਇਵੋਰ ਵਿੰਟਰਜ਼ ਤੋਂ ਛੁੱਟ), ਕਾਵਿ ਤੋਂ ਪ੍ਰਾਪਤ ਗਿਆਨ ਨੂੰ ਵਿਗਿਆਨ ਤੋਂ ਪ੍ਰਾਪਤ ਹੋਣ ਵਾਲੇ ਗਿਆਨ ਨਾਲੋਂ ਵੱਖਰੀ ਅਤੇ ਉੱਤਮ ਵੰਨਗੀ ਮੰਨਣਾ, ਕਵਿਤਾ ਜਾਂ ਸਾਹਿਤਕ ਕਿਰਤ ਨੂੰ ਆਪਣੇ ਆਪ ਵਿਚ ਇਕ ਸੁਤੰਤਰ, ਸੰਪੂਰਨ, ਸਵੈ-ਨਿਰਭਰ ਸੰਰਚਨਾ ਵਜੋਂ ਗ੍ਰਹਿਣ ਕਰਨਾ, ਕਿਸੇ ਇਕੋ ਤੱਤ ਨੂੰ ਅੰਤਿਮ ਮੰਨਦਿਆਂ ਕਾਵਿ ਦੇ ਸਮੁੱਚੇ ਵਿਗਿਆਨ ਨੂੰ ਕੇਵਲ ਉਸੇ ਤੱਤ ਉਤੇ ਆਧਾਰਿਤ ਕਰਨਾ, ਕਾਵਿ-ਕਿਰਤ ਦੇ ਸਰਲ ਅਰਥ ਅਤੇ ਅਸਲ ਅਰਥ ਦਾ ਨਿਖੇੜਾ ਕਰਦਿਆਂ ਸਰਲ ਅਰਥ ਨੂੰ ਬਿਲਕੁਲ ਬੇਲੋੜਾ ਕਹਿ ਕੇ ਉਸ ਨੂੰ ਅਧਿਐਨ ਜਾਂ ਆਲੋਚਨਾ ਦਾ ਵਿਸ਼ਾ ਹੀ ਨਾ ਸਮਝਣਾ, ਤਕਨੀਕ ਦੀਆਂ ਨਿੱਕੀਆਂ ਨਿੱਕੀਆਂ ਸੂਖਮਤਾਵਾਂ ਦੇ ਵਿਸਤ੍ਰਿਤ ਅਧਿਐਨ ਉਤੇ ਜ਼ੋਰ ਦੇਣਾ, ਸਹਜਾਤਮਕ ਅਤੇ ਵਿਵਹਾਰਕ ਵਿਚ ਅੰਤਰ ਕਰਨਾ, ਲੇਖਕ ਦੀ ਸਮੁੱਚੀ ਦ੍ਰਿਸ਼ਟੀ, ਪ੍ਰਾਪਤੀ, ਸਥਾਨ ਅਤੇ ਯੋਗਦਾਨ ਨੂੰ ਅਧਿਐਨ ਦਾ ਆਧਾਰ ਨਾ ਬਣਾਉਣਾ, ਕਿਰਤ ਦੇ ਪਾਠ ਦੇ ਅਧਿਐਨ ਨੂੰ ਹੀ ਆਲੋਚਨਾ ਦਾ ਇਕੋ ਇਕ ਸੰਵਿਧਾਨਕ ਕਾਰਜ ਮਿਥਣਾ, ਸਾਹਿਤਕ ਆਲੋਚਨਾ ਨੂੰ ਸਾਹਿਤ ਦੇ ਸੋਮਿਆਂ, ਸਮਾਜਕ-ਇਤਿਹਾਸਕ ਪਿਛੋਕੜ ਅਤੇ ਇਸ ਦੇ ਰਾਜਨੀਤਕ-ਨੈਤਿਕ ਪ੍ਰਭਾਵਾਂ ਦੇ ਅਧਿਐਨ ਤੋਂ ਵਖਰਾ ਅਤੇ ਸੁਤੰਤਰ ਸਵੀਕਾਰ ਕਰਨਾ, ਨਤੀਜੇ ਵਜੋਂ ਆਲੋਚਨਾ ਨੂੰ 'ਸ਼ੁਧ ਸਾਹਿਤਕ ਆਲੋਚਨਾ' ਰਖਣ ਦਾ ਯਤਨ ਕਰਨਾ, ਆਲੋਚਨਾ ਵਿਚ ਇਤਿਹਾਸਕ-ਨੈਤਿਕ-ਪ੍ਰਭਾਵਵਾਦੀ ਅੰਸ਼ਾਂ ਦਾ ਵਿਰੋਧ ਕਰਨਾ, ਆਲੋਚਨਾ ਨੂੰ ਨਿੱਜਤਾ ਤੋਂ ਵੱਧ ਤੋਂ ਵੱਧ ਮੁਕਤ ਕਰ ਕੇ ਬਾਹਰਮੁਖੀ ਬਣਾਉਣ ਉਤੇ ਜ਼ੋਰ ਦੇਣਾ ਆਦਿ ਨੁਕਤੇ ਇਸ ਪ੍ਰਣਾਲੀ ਦੇ ਕੁਝ ਕੁ ਸਾਂਝੇ ਬੁਨਿਆਦੀ ਲੱਛਣ ਕਹੇ ਜਾ ਸਕਦੇ ਹਨ ।

ਮੁਖ ਪਛਾਣ-ਚਿੰਨ : ਇਸ ਤੋਂ ਇਲਾਵਾ ਬਹੁਤ ਸਾਰੇ ਆਲੋਚਕਾਂ ਨੇ 'ਨਵੀਨ ਆਲੋਚਨਾ' ਨੂੰ ਇਕ ਆਲੋਚਨਾਤਮਕ ਲਹਿਰ, ਪ੍ਰਣਾਲੀ, ਪ੍ਰਵਿਰਤੀ ਜਾਂ ਸਿਧਾਂਤ ਵਜੋਂ ਪਰਿਭਾਸ਼ਾਬੱਧ ਜਾਂ ਇਸ ਦੇ ਮੁੱਖ ਪਛਾਣ-ਚਿੰਨ੍ਹ ਨਿਸ਼ਚਿਤ ਕਰਨ ਦੇ ਆਪੋ ਆਪਣੇ ਯਤਨਾਂ ਵਿਚ ਇਸ ਪ੍ਰਣਾਲੀ ਦੇ ਵੱਖ ਵੱਖ ਪਹਿਲੂਆਂ ਉਤੇ ਜ਼ੋਰ ਦਿਤਾ ਹੈ । W. J. Ong 'ਨਵੀਨ ਆਲੋਚਨਾ' ਨੂੰ ਯਥਾਰਥ ਅਤੇ ਮਨੁਖੀ ਅਨੁਭਵ ਬਾਰੇ ਉਸ ਕਾਰਤੇਜ਼ੀਅਨ-ਕਾਨਤੀਅਨ ਪਹੁੰਚ ਵਿਰੁਧ ਪ੍ਰਤਿਕਰਮ ਮੰਨਦਾ ਹੈ, ਜਿਹੜੀ ਮਨੁਖੀ ਯਥਾਰਥ ਨੂੰ ਪਦਾਰਥਕ ਅਤੇ ਬੌਧਿਕ ਜਾਂ ਅੰਤਰਪ੍ਰੇਰਨਾਮੂਲਕ ਅਤੇ ਸੰਕਲਪਾਤਮਕਤਾ ਦੇ ਦੋ ਸੁਤੰਤਰ ਟੋਟਿਆਂ ਵਿਚ ਵੰਡ ਕੇ ਵੇਖਣ ਲਈ ਪ੍ਰੇਰਦੀ ਹੈ । ਇਹੋ ਪਹੁੰਚ ਸਾਹਿਤ ਦੇ ਖੇਤਰ ਵਿਚ ਰੂਪ ਅਤੇ ਵਸਤੂ ਨੂੰ ਦੋ ਵੱਖ ਵੱਖ ਖੰਡਾਂ ਵਿਚ ਵੰਡ ਕੇ ਵੇਖਣ ਦਾ ਕਾਰਨ ਬਣਦੀ ਹੈ ।[1] William J. Handy ਅਨੁਸਾਰ ਇਨ੍ਹਾਂ ਆਲੋਚਕਾਂ ਦਾ ਪਛਾਣ-ਚਿੰਨ੍ਹ ਉਨ੍ਹਾਂ ਦੇ ਕਾਵਿ-ਸਿਧਾਂਤਾਂ ਵਿਚਲੇ ਇਸ ਸਾਂਝੇ ਨੁਕਤੇ ਵਿਚ ਹੈ ਕਿ ਸਾਹਿਤ ਤੋਂ ਪ੍ਰਾਪਤ ਹੋਣ ਵਾਲਾ ਗਿਆਨ, ਗਿਆਨ ਦੀ ਇਕ ਵਿਲੱਖਣ ਅਤੇ ਸੁਤੰਤਰ ਵੰਨਗੀ ਹੈ । ਇਹ ਗਿਆਨ, ਵਿਗਿਆਨ ਦੇ ਅਸਥੂਲ ਅਤੇ ਆਂਸ਼ਕ ਗਿਆਨ ਦੇ ਮੁਕਾਬਲੇ



ਵਿਚ ਸਥੂਲ ਅਤੇ ਸੰਪੂਰਨ ਹੁੰਦਾ ਹੈ ਜਿਸ ਨੂੰ ਗ੍ਰਹਿਣ ਜਾਂ ਪ੍ਰਗਟ ਕਰਨ ਲਈ ਵਿਗਿਆਨ ਅਸਮਰਥ ਰਹਿੰਦਾ ਹੈ ।[2] R. W. Stallman ਅਨੁਸਾਰ ਆਧੁਨਿਕ ਸੰਵੇਦਨਾ ਵਿਚਲੇ ਵਿਗਠਨ ਵਲ ਚਿੰਤਾ 'ਨਵੀਨ ਆਲੋਚਨਾ' ਦੀ ਵਿਲੱਖਣਤਾ ਦਾ ਪ੍ਰਮੁਖ ਤੱਤ ਹੈ । ਆਧੁਨਿਕ ਦੌਰ ਵਿਚ ਵਿਗਿਆਨਕ ਅਤੇ ਸੁਹਜਾਤਮਕ ਬੋਧ ਵਿਚ ਨਿਰੰਤਰ ਵਧ ਰਹੇ ਪਾੜੇ ਦਾ ਕਈ ਤਰੀਕਿਆਂ ਨਾਲ ਵਿਰੋਧ ਅਤੇ ਇਸ ਵਿਰੋਧ ਦੇ ਪ੍ਰਗਟਾਅ ਨੂੰ ਨਵੀਨ ਆਲੋਚਕਾਂ ਨੇ ਆਪਣਾ ਪ੍ਰਮੁਖ ਆਧਾਰ ਬਣਾਇਆ ਹੈ ।[3] David Daiches ਨੇ 'ਨਵੀਨ ਆਲੋਚਨਾ' ਨੂੰ ਇਕ ਅਜਿਹੀ ਅਮਰੀਕਨ ਘਟਨਾ ਮੰਨਿਆ ਹੈ ਜਿਹੜੀ ਇਸ ਯੁਗ ਵਿਚ ਮਿੱਥ ਅਤੇ ਪ੍ਰੀਤਕ ਵਲ ਜ਼ਬਰਦਸਤ ਰੁਚੀ ਕਾਰਨ ਵਾਪਰੀ ਹੈ । ਇਸ ਨੇ ਅਜਿਹੇ ਵਿਸ਼ੇਸ਼ ਪੰਡਤਊਪਣੇ ਵਾਲੇ ਤਕਨੀਕੀ ਸ਼ਬਦ-ਆਡੰਬਰ ਦੀ ਸਿਰਜਨਾ ਕੀਤੀ ਜਿਹੜਾ ਇਸ ਦੇ ਪ੍ਰਭਾਵ ਨੂੰ ਕਾਫੀ ਸੀਮਿਤ ਕਰ ਦੇਣ ਦਾ ਕਾਰਨ ਬਣਿਆ ।[4] Walter Sutton ਨੇ ਕਿਰਤ ਦੇ ਕੇਵਲ ਪਾਠਗਤ ਵਿਸ਼ਲੇਸ਼ਣ (Textual Analysis) ਦੀ ਪ੍ਰਵਿਰਤੀ ਅਤੇ ਇਨ੍ਹਾਂ ਆਲੋਚਕਾਂ ਦੇ ਰੂੜ੍ਹੀਵਾਦੀ ਸਾਹਿਤਕ, ਸਮਾਜਕ, ਰਾਜਨੀਤਕ ਵਿਚਾਰਾਂ ਨੂੰ ਇਸ ਪ੍ਰਣਾਲੀ ਦਾ ਉੱਭਰਵਾਂ ਲੱਛਣ ਸਵੀਕਾਰ ਕੀਤਾ ਹੈ ।[5] John Holloway 'ਨਵੀਨ ਆਲੋਚਨਾ' ਦੇ ਮੁੱਖ ਪਛਾਣ-ਚਿੰਨ੍ਹ, ਸਾਧਾਰਨ ਅਤੇ ਨਿੱਕੇ ਨਿੱਕੇ ਨੁਕਤਿਆਂ ਨੂੰ ਅਸਾਧਾਰਨ ਅਤੇ ਗੁੰਝਲਦਾਰ ਬਣਾ ਕੇ ਪੇਸ਼ ਕਰਨ, ਕਾਵਿਕ-ਬਣਤਰ ਦੀ ਵਿਆਖਿਆ 'ਤੇ ਜ਼ੋਰ ਦੇਣ, ਆਲੋਚਨਾ ਦੀ ਡਰਾਉਣੀ ਅਤੇ ਗੂੜ੍ਹ ਸ਼ਬਦਾਵਲੀ ਦੀ ਕਾਢ, ਕਾਵਿ ਦੇ ਕਿਸੇ ਇਕੋ ਤੱਤ ਨੂੰ ਮੁੱਖ ਮੰਨਣ ਅਤੇ ਸਿਧਾਂਤਕ ਕੱਟੜਤਾ ਦੀ ਰੁਚੀ ਨੂੰ ਸਵੀਕਾਰ ਕਰਦਾ ਹੈ ।[6] Terence Hawks ਲਈ, ਕਲਾ-ਕਿਰਤਾਂ, ਵਿਸ਼ੇਸ਼ ਕਰਕੇ ਸਾਹਿਤਕ ਕਿਰਤਾਂ, ਨੂੰ ਮੂਲੋਂ ਸੁਤੰਤਰ ਮੰਨਣਾ, ਇਨ੍ਹਾਂ ਦੇ ਅਧਿਐਨ ਜਾਂ ਵਿਸ਼ਲੇਸ਼ਣ ਨੂੰ ਸਾਹਿਤਕ ਕਿਰਤ ਤੋਂ ਬਾਹਰਲੇ ਪ੍ਰਸੰਗਾਂ ਜਾਂ ਮਿਆਰਾਂ ਤੋਂ ਮੁਕਤ ਕਰਨਾ ਅਤੇ ਕੇਵਲ ਕਿਰਤ ਦੇ ਪਾਠ ਤਕ ਸੀਮਤ ਰਹਿਣ ਨੂੰ ਹੀ ਆਲੋਚਨਾ ਦਾ ਮੁੱਖ ਕਰਤੱਵ ਮੰਨਣਾ ਇਸ ਪ੍ਰਣਾਲੀ ਦੇ ਉਭਰਵੇਂ ਲੱਛਣ ਹਨ ।[7] EWA M. Thompson ਅਨੁਸਾਰ ਸਾਹਿਤਕ ਰਚਨਾ 'ਤੇ ਹੀ ਧਿਆਨ ਕੇਂਦ੍ਰਿਤ ਕਰਨਾ ਅਤੇ ਉਸ ਦੇ ਪਾਠ ਦੀ ਵਿਆਖਿਆ ਨੂੰ ਹੀ ਆਲੋਚਨਾ ਮੰਨਣਾ, ਸ਼ਾਬਦਿਕ ਤੱਥਾਂ ਅਤੇ ਉਨ੍ਹਾਂ ਦੀ ਉਦੇਸ਼ਪੂਰਨਤਾ ਦਾ ਸਰਵੇਖਣ ਇਸ ਆਲੋਚਨਾ ਪ੍ਰਣਾਲੀ ਦੇ ਬੁਨਿਆਦੀ ਆਧਾਰ ਹਨ ।[8] Richard Foster ਨੇ ਇਨ੍ਹਾਂ ਆਲੋਚਕਾਂ ਦੇ ਸਮੁੱਚੇ ਪ੍ਰਤਿਕਰਮਾਂ, ਝੁਕਾਵਾਂ ਅਤੇ ਇਨ੍ਹਾਂ ਦੀ ਚੇਤਨਾ ਦੇ ਸੁਭਾ ਦਾ ਨਿਖੇੜਾ ਕਰਦਿਆਂ ਇਨ੍ਹਾਂ ਨੂੰ ਨਵ-ਰੋਮਾਂਸਵਾਦੀ ਕਹਿ ਕੇ ਪਰਿਭਾਸ਼ਾ-ਬੱਧ ਕੀਤਾ ਹੈ ।[9]

ਪ੍ਰਾਪਤੀਆਂ ਬਾਰੇ : 'ਨਵੀਨ ਆਲੋਚਨਾ' ਦੇ ਵਿਭਿੰਨ ਪਛਾਣ-ਚਿੰਨ੍ਹਾਂ ਵਾਂਗ ਹੀ ਵਿਦਵਾਨਾਂ ਦੁਆਰਾ ਪਰੰਪਰਾਗਤ ਰੂਪ ਵਿਚ ਇਸ ਦੀਆਂ ਪ੍ਰਾਪਤੀਆਂ ਨੂੰ ਵੀ ਵੱਖ ਵੱਖ ਪਹਿਲੂਆਂ ਤੋਂ ਵੇਖਿਆ ਗਿਆ ਹੈ । R.P. Blackmur ਲਈ ਵਿਸ਼ਲੇਸ਼ਣ ਦੀ ਸੂਖਮਤਾ, ਵਿਆਖਿਆ ਵਿਚ ਪ੍ਰਵੀਣਤਾ ਅਤੇ ਬਹੁ-ਪਾਸਾਰੀ ਵਿਸਤਾਰ ਵਿਚ ਵਿਸ਼ੇਸ਼ੱਗਤਾ ਇਸ ਆਲੋਚਨਾ ਦੀ ਵਿਸ਼ੇਸ਼ ਪ੍ਰਾਪਤੀ ਹੈ ।[10] J. P. Pritchard ਲਈ 'ਨਵੀਨ ਆਲੋਚਨਾ' ਇਸ ਸਦੀ ਦੀਆਂ ਸਮੁੱਚੀਆਂ ਆਲੋਚਨਾ-ਪ੍ਰਣਾਲੀਆਂ ਵਿਚੋਂ ਸਭ ਤੋਂ ਵੱਧ ਮਹੱਤਵਪੂਰਨ ਅਤੇ ਵਿਲੱਖਣ ਹੈ ।[11] EWA M. Thompson ਅਨੁਸਾਰ ਅਜਿਹੀ ਆਲੋਚਨਾ ਨਜ਼ਮ ਬਾਰੇ ਸਾਡੀ ਸਪਸ਼ਟਤਾ ਨੂੰ ਹੋਰ ਤਿੱਖਿਆਂ, ਸਾਡੀ ਸੂਝ-ਸਮਝ ਨੂੰ ਬਿਹਤਰ ਅਤੇ, ਇਉਂ, ਸਾਹਿਤਕ ਕਿਰਤ ਦੀਆਂ ਕੁਝ ਪਰਤਾਂ ਬਾਰੇ ਸਾਡੀ ਜਾਣਕਾਰੀ ਨੂੰ ਪਕੇਰਿਆਂ ਕਰਨ ਵਿਚ ਮਹੱਤਵਪੂਰਨ ਰੋਲ ਅਦਾ ਕਰਦੀ ਹੈ ।[12] David Miller ਦੇ ਵਿਚਾਰ ਵਿਚ ਕਿਰਤ ਦੇ ਪਾਠ ਵੱਲ ਵਫ਼ਾਦਾਰੀ, ਇਕ ਨਜ਼ਮ ਦੀ ਸਮੁੱਚਤਾ, ਉਸ ਦੀ ਬਿੰਬਾਵਲੀ ਵਿਚ ਡੂੰਘੀ ਦਿਲਚਸਪੀ ਅਤੇ ਕਾਵਿ ਦੇ ਇਤਿਹਾਸਵਾਦ ਨਾ ਹੋਣ ਉਤੇ ਜ਼ੋਰ ਦੇਣ ਦੇ ਨਾਲ ਨਾਲ 'ਨਵੀਨ ਆਲੋਚਨਾ' ਕਵੀ ਦੁਆਰਾ ਕਲਾਤਮਕ ਰੂਪ

ਵਿਚ ਸੰਗਠਿਤ ਕੀਤੇ ਜਾਣ ਵਾਲੇ ਉੱਤੇਜਕ ਤੱਤਾਂ ਨੂੰ ਅਤਿ ਸੂਖਮ ਵਿਸਤਾਰ ਵਿਚ ਵੇਖਣ ਦੇ ਸਮਰਥ ਹੋਈ । ਉਨ੍ਹਾਂ ਦੇ ਅਜਿਹੇ ਬੋਧ ਅਤੇ ਵਿਦੱਵਤਾ ਨੇ ਸਾਡੇ ਯੁਗ ਲਈ ਕਵਿਤਾ 'ਕਿਵੇਂ' ਅਤੇ 'ਕਿਹੜ' ਅਰਥ ਪ੍ਰਗਟ ਕਰਦੀ ਹੈ, ਬਾਰੇ ਸਾਡੀ ਸੂਝ-ਸਮਝ ਨੂੰ ਬਦਲ ਦਿਤਾ ਹੈ ।[13] ਇਕ ਹੋਰ ਵਿਦਵਾਨ Rene-Wellek ਅਨੁਸਾਰ ਕੁਝ ਕਮਜ਼ੋਰੀਆਂ ਦੇ ਬਾਵਜੂਦ ਵੀ 'ਨਵੀਨ ਆਲੋਚਨਾ' ਦੀ ਲਹਿਰ ਨੇ ਅਮਰੀਕਨ ਆਲੋਚਨਾ ਵਿਚ ਜਾਗਰੁਕਤਾ ਅਤੇ ਸੂਖਮਤਾ ਦੀ ਪੱਧਰ ਨੂੰ ਉਚਿਆਂ ਕੀਤਾ, ਬਿੰਬਾਂ ਅਤੇ ਪ੍ਰਤੀਕਾਂ ਦੇ ਵਿਸ਼ਲੇਸ਼ਣ ਲਈ ਨਵੀਆਂ ਮੌਲਿਕ ਵਿਧੀਆਂ ਨੂੰ ਵਿਕਸਿਤ ਕੀਤਾ, ਰੋਮਾਂਟਕ ਪਰੰਪਰਾ ਦੇ ਵਿਰੋਧੀ ਸੁਹਜ-ਸੁਆਦ ਦੇ ਬੋਧ ਦੀ ਵਿਆਖਿਆ ਕੀਤੀ ਅਤੇ ਵਿਗਿਆਨ-ਭਾਰੂ ਇਸ ਯੁਗ ਵਿਚ ਕਾਵਿ ਦੇ ਮਹੱਤਵ ਦੀ ਸਥਾਪਨਾ ਕਰਦਿਆਂ ਇਸ ਨੇ ਇਕ ਸਮੁੱਚੀ ਪੀੜ੍ਹੀ ਨੂੰ ਪੜ੍ਹਨਾ ਸਿਖਾਇਆ ।[14] Richard-Foster ਅਨੁਸਾਰ ਇਸ ਪ੍ਰਣਾਲੀ ਦੀ ਮੁਖ ਪ੍ਰਾਪਤੀ ਸਾਹਿਤ ਦੇ ਹਿਤ ਲਈ ਅਸਾਹਿਤਕ ਅਤੇ ਅਣਆਲੋਚਨਾਤਮਕ ਅਕਾਦਮਿਕਤਾਵਾਦ ਵਿਰੁੱਧ ਉਨ੍ਹਾਂ ਦੇ ਵਿਦ੍ਰੋਹ ਦੀ ਸਫਲਤਾ ਵਿਚ ਹੈ । ਇਸ ਨੇ ਸਾਡੇ ਲਈ ਅਜਿਹੀ ਆਲੋਚਨਾਤਮਕ ਭਾਸ਼ਾ ਸਿਰਜੀ ਹੈ ਜਿਸ ਨਾਲ ਇਕਸੁਰ ਅਤੇ ਸਾਰਥਕ ਸਾਹਿਤਕ ਸੰਸਕ੍ਰਿਤੀ ਨੂੰ ਸੰਭਾਲਿਆ ਜਾ ਸਕੇ ਅਤੇ ਉਸ ਦੀ ਵਿਆਖਿਆ ਕੀਤੀ ਜਾ ਸਕੇ ।[15]

ਕਮਜ਼ੋਰੀਆਂ ਤੇ ਘਾਟਾਂ ਬਾਰੇ : ਪ੍ਰਾਪਤੀਆ ਵਾਂਗ ਹੀ ਇਸ ਪ੍ਰਣਾਲੀ ਦੀਆਂ ਕਮਜ਼ੋਰੀਆਂ ਅਤੇ ਘਾਟਾਂ ਬਾਰੇ ਵੀ ਵਿਦਵਾਨਾਂ ਨੇ ਪਰੰਪਰਾਗਤ ਰੂਪ ਵਿਚ ਹੀ ਇਸ ਦੇ ਵਖ ਵਖ ਪੱਖਾਂ ਨੂੰ ਚਰਚਾ ਦਾ ਆਧਾਰ ਬਣਾਇਆ ਹੈ । R P. Blackmur ਅਨੁਸਾਰ (ਜਿਹੜਾ ਖੁਦ ਇਸ ਪ੍ਰਣਾਲੀ ਦਾ ਉੱਘਾ ਆਲੋਚਕ ਹੈ) ਇਹ ਵਿਧੀ ਕੇਵਲ ਕੁਝ ਕੁ ਚੋਣਵੀਂ ਪੁਰਾਤਨ ਕਵਿਤਾ ਲਈ ਹੀ ਢੁਕਵੀਂ ਹੈ ਜਿਸ ਰਾਹੀਂ ਇਸ ਦੇ ਵਿਸ਼ੇਸ਼ ਪੱਖਾਂ 'ਤੇ ਰੌਸ਼ਨੀ ਪਾਈ ਜਾ ਸਕਦੀ ਹੈ । ਪਰੰਤੂ ਜੇ ਇਸ ਆਲੋਚਨਾ-ਪ੍ਰਣਾਲੀ ਨੂੰ ਸਮੁੱਚੀ ਪੁਰਾਤਨ ਕਵਿਤਾ 'ਤੇ ਲਾਗੂ ਕੀਤਾ ਜਾਏ ਤਾਂ ਗਲਤ ਨਿਰਣੇ ਹੀ ਪ੍ਰਾਪਤ ਹੋਣਗੇ । ਇਸੇ ਕਰਕੇ ਇਹ ਦਾਂਤੇ, ਚਾਸਰ, ਗੇਟੇ, ਰਾਸੀਨ ਆਦਿ ਲੇਖਕਾਂ ਦੇ ਅਧਿਐਨ ਲਈ ਮੂਲੋਂ ਬੇਲੋੜੀ ਸਿੱਧ ਹੁੰਦੀ ਹੈ ।[16] ਅਮਰੀਕਾ ਦੀ 'ਸ਼ਿਕਾਗੋ ਆਲੋਚਨਾ' ਨਾਲ ਸੰਬੰਧਿਤ ਆਲੋਚਕਾਂ ਨੇ 'ਨਵੀਨ ਆਲੋਚਨਾ' ਨੂੰ ਕਾਵਿ ਪ੍ਰਤਿ ਕਈ ਹੋਰ ਸਾਰਥਕ ਪਹੁੰਚਾਂ ਨੂੰ ਤਿਆਗ ਕੇ ਕਾਵਿ ਦੀ ਹੋਂਦ-ਵਿਧੀ ਦੇ ਕੇਵਲ ਕਿਸੇ ਇਕ ਪਹਿਲੂ (ਬੁਣਤਰ, ਵਿਰੋਧਾਭਾਸ, ਤਣਾਉ ਆਦਿ) ਨੂੰ ਹੀ ਇਕੋ ਇਕ ਆਲੋਚਨਾਤਮਕ ਸੰਕਲਪ ਬਣਾ ਲੈਣ ਦੀ ਪ੍ਰਵ੍ਰਿਤੀ ਕਾਰਨ ਇਸ ਪ੍ਰਣਾਲੀ ਨੂੰ ਇਕਤੱਤਵਾਦੀ (Monist), ਪੂਰਵ ਸਿੱਧ, (aprioristic) ਅਤੇ ਪ੍ਰਤਿਮਾਨਕ (Normative) ਕਿਹਾ ਹੈ ਜਿਹੜੀ ਕਾਵਿ ਨੂੰ ਇਕ ਗੁੰਦਵੀਂ ਇਕਾਈ ਵਜੋਂ ਸਮਝਣ ਲਈ ਅਢੁਕਵੀਂ ਹੈ ।[17] John Holloway ਇਨ੍ਹਾਂ ਆਲੋਚਕਾਂ ਦੀਆਂ ਸੀਮਾਵਾਂ ਦੇ ਮੁੱਖ ਨੁਕਤੇ ਦੋ ਰੁਚੀਆਂ ਵਿਚ ਵੇਖਦਾ ਹੈ । ਇਕ ਤਾਂ ਸਾਹਿਤਕ ਆਲੋਚਨਾ ਵਿਚ ਡਰਾਉਣੀ ਅਤੇ ਗੂੜ੍ਹ ਸ਼ਬਦਾਵਲੀ ਦੀ ਕਾਢ ਅਤੇ ਦੂਸਰੇ ਉਨ੍ਹਾਂ ਦੇ ਆਲੋਚਨਾਤਮਕ ਅਮਲ ਦੀ ਅਪਵਿੱਤਰਤਾ ਜਿਸ ਵਿਚ ਉਹ ਆਪਣੇ ਨਿਜੀ ਉਲਾਰਾਂ ਅਨੁਸਾਰ ਕਿਸੇ ਲੇਖਕ ਦੀ ਸਾਖ ਨੂੰ ਵਧਾ-ਚੜ੍ਹਾ ਕੇ ਸਥਾਪਤ ਕਰਨ ਜਾਂ ਉਸ ਨੂੰ ਬੇਲੋੜੀ ਢਾਹ ਲਾਉਣ ਲਈ ਉਸ ਦੀਆਂ ਪ੍ਰਾਪਤੀਆਂ ਨੂੰ ਘਟਾ ਜਾਂ ਵਧਾ ਕੇ ਵੇਖਦੇ ਹਨ ।[18] Frederick Pottle ਅਨੁਸਾਰ ਇਹ ਆਲੋਚਕ ਮੁਖ ਤੌਰ 'ਤੇ ਕੱਟੜਪੰਥੀ ਅਤੇ ਨਿਰਪੇਖਤਾਵਾਦੀ (absolutists) ਹਨ ਜਿਹੜੇ ਆਪਣੇ ਆਪ ਨੂੰ ਹਰ ਪੱਖੋਂ ਅੱਜ, ਕੱਲ ਅਤੇ ਭਲਕ ਲਈ ਪੂਰੇ ਤੌਰ 'ਤੇ ਸਹੀ ਸਮਝਣ ਦੀ ਖੁਸ਼ਫਹਿਮੀ ਦਾ ਸ਼ਿਕਾਰ ਰਹੇ ਹਨ, ਜਦੋਂ ਕਿ ਉਨ੍ਹਾਂ ਨੇ ਕੇਵਲ ਸਮਕਾਲੀ ਸਾਹਿਤ ਦੇ ਸਾਂਝੇ ਪ੍ਰਮੁਖ ਤੱਤਾਂ ਦਾ ਨਿਖੇੜਾ ਕਰ ਕੇ ਉਨ੍ਹਾਂ ਨੂੰ ਭੂਤਕਾਲ ਦੇ ਸਾਹਿਤ ਦਾ ਮੁਲਾਂਕਣ ਕਰਨ ਲਈ ਮਿਆਰ ਬਣਾ ਲਿਆ ਹੈ ।[19] Alfred Kazin 'ਨਵੀਨ ਆਲੋਚਨਾ' ਪ੍ਰਤਿ



ਸੁਚੇਤ ਕਰਦਿਆਂ ਇਸ ਨੂੰ ਜ਼ਿੰਦਗੀ ਦੇ ਮੁਖ ਸੋਮਿਆਂ ਨਾਲੋਂ ਤੋੜ ਕੇ ਸਾਹਿਤ ਵਿਚੋਂ ਭੈੜੇ ਸਿੱਟੇ ਕਢਦੀ ਅਤੇ ਸੌਂਦਰਯਵਾਦ ਦੀ ਬੀਮਾਰ ਜ਼ਹਿਨੀਅਤ ਕਾਰਨ ਭਟਕਦੀ ਸਮਝਦਾ ਹੈ ।[20] Theodore Spencer ਨੇ ਸਮੁੱਚੇ ਤੌਰ 'ਤੇ ਇਸ ਪ੍ਰਣਾਲੀ ਨੂੰ ਗੂੜ੍ਹ ਰਹੱਸਮਈ ਤਕਨੀਕੀ ਸ਼ਬਦਾਵਲੀ ਦੀ ਕਾਢ, ਆਲੋਚਨਾਤਮਕ ਕਥਨਾਂ ਵਿਚਲੀ ਬਣਾਵਟੀ ਦਾਰਸ਼ਨਿਕਤਾ ਦੀ ਗੰਭੀਰਤਾ 'ਤੇ ਜ਼ੋਰ ਦੇਂਦੀ ਮੂੜ੍ਹਤਾ ਨੂੰ ਗਿਆਨ ਵਜੋਂ ਅਤੇ ਆਮ ਗਿਆਨ ਦੇ ਸਾਧਾਰਨ ਨੁਕਤਿਆਂ ਨੂੰ ਖੋਜ ਦੀਆਂ ਵਿਸ਼ੇਸ਼ ਲੱਭਤਾਂ ਵਜੋਂ ਪੇਸ਼ ਕਰਨ ਦੀ ਰੁਚੀ, ਜਿਥੇ ਕੁਝ ਵੀ ਨਾ ਪ੍ਰਾਪਤ ਹੁੰਦਾ ਹੋਵੇ ਉਥੇ ਵੀ ਪ੍ਰਤੀਕਾਤਮਕਤਾ ਉਤੇ ਬੇਲੋੜਾ ਜ਼ੋਰ ਦੇਣ ਦੀਆਂ ਕਮਜ਼ੋਰੀਆਂ ਦਾ ਸ਼ਿਕਾਰ ਮੰਨਿਆ ਹੈ ।[21] EWA M. Thompson ਦਾ ਵਿਚਾਰ ਹੈ ਕਿ ਅਜਿਹੀ ਆਲੋਚਨਾ ਦੀ ਇਕ ਹੋਰ ਵੱਡੀ ਘਾਟ ਇਸ ਗੱਲ ਵਿਚ ਹੈ ਕਿ ਇਹ ਪ੍ਰਭਾਵਵਾਦੀ ਆਲੋਚਨਾ ਵਾਂਗ ਅੰਤਿਮ ਰੂਪ ਵਿਚ ਆਲੋਚਕ ਦੀ ਵਿਅਕਤੀਗਤ ਸਿਆਣਪ ਤਕ ਹੀ ਸੀਮਿਤ ਰਹਿ ਜਾਂਦੀ ਹੈ । ਸ਼ਬਦਾਂ ਦੇ ਵਿਸ਼ਲੇਸ਼ਣ ਤੋਂ ਬਾਅਦ ਵਿਆਖਿਆ ਜਾਂ ਮੁਲਾਂਕਣ ਦਾ ਪੱਖ ਤਾਂ ਕੇਵਲ ਆਲੋਚਕ ਦੀ ਆਲੋਚਨਾਤਮਕ ਸੂਝ ਜਾਂ ਅੰਤਰ-ਪ੍ਰੇਰਨਾ ਉਤੇ ਹੀ ਨਿਰਭਰ ਹੋ ਜਾਂਦਾ ਹੈ । ਇਉਂ, ਕਿਰਤ ਦੇ ਪਾਠ ਤਕ ਸੀਮਤ ਅਧਿਐਨ ਤਾਂ ਕੇਵਲ ਵਿਗਿਆਨਵਾਦ ਅਤੇ ਪ੍ਰਭਾਵਵਾਦ ਵਿਚਕਾਰ ਸਫਰ ਦੀ ਭਟਕਣ ਮਾਤਰ ਹੈ ।[22] Rene Wellek ਅਨੁਸਾਰ 'ਨਵੀਨ ਆਲੋਚਨਾ' ਬਹੁਤ ਸਾਰੇ ਨੁਕਤਿਆਂ ਬਾਰੇ ਆਪਣੇ ਮੁਢਲੇ ਸੀਮਿਤ ਖੇਤਰ ਤੋਂ ਅੱਗੇ ਨਾ ਵਧ ਸਕਣ ਕਾਰਨ ਜਲਦੀ ਹੀ ਖੋਖਲੀ ਹੋ ਗਈ । ਇਨ੍ਹਾਂ ਆਲੋਚਕਾਂ ਦੁਆਰਾ ਅਧਿਐਨ ਲਈ ਕੀਤੀ ਗਈ ਯੂਰਪੀਅਨ ਲੇਖਕਾਂ ਦੀ ਚੋਣ ਅਤੇ ਇਸ ਪ੍ਰਣਾਲੀ ਦਾ ਇਤਿਹਾਸਕ ਪਰਿਪੇਖ ਬਹੁਤ ਸੋੜਾ ਸੀ । ਸਾਹਿਤ ਦੇ ਇਤਿਹਾਸ ਨੂੰ ਇਸ ਨੇ ਬਿਲਕੁਲ ਤਿਆਗ ਦਿਤਾ ਅਤੇ ਆਧੁਨਿਕ ਭਾਸ਼ਾ-ਵਿਗਿਆਨ ਦੀਆਂ ਨਵੀਆਂ ਪ੍ਰਾਪਤੀਆਂ ਨਾਲ ਸੰਬੰਧ ਨਾ ਜੋੜ ਸਕਣ ਕਾਰਨ ਸ਼ੈਲੀ, ਸ਼ਬਦ-ਵਿਉਂਤ ਅਤੇ ਮੀਟਰ ਆਦਿ ਬਾਰੇ ਇਸ ਪ੍ਰਣਾਲੀ ਦਾ ਅਧਿਐਨ ਬਹੁਤ ਅਧੂਰਾ ਅਤੇ ਸਤੱਹੀ ਹੀ ਰਿਹਾ । ਇਸ ਦੇ ਨਾਲ ਹੀ ਇਸ ਪ੍ਰਣਾਲੀ ਦੇ ਬੁਨਿਆਦੀ ਸੁਹਜ-ਸ਼ਾਸਤ੍ਰ ਦਾ ਪੱਕੇ ਤੌਰ 'ਤੇ ਕੋਈ ਦਾਰਸ਼ਨਿਕ ਆਧਾਰ ਨਾ ਹੋਣ ਕਾਰਨ ਇਹ ਪ੍ਰਣਾਲੀ ਵਿਕਾਸਹੀਨਤਾ ਅਤੇ ਮਕਾਨਕੀ ਅਨੁਕਰਣ ਦੇ ਖਤਰਿਆਂ ਤੋਂ ਬਚ ਨਹੀਂ ਸਕੀ ।[23] Richard Foster ਤਾਂ ਇਨ੍ਹਾਂ ਆਲੋਚਕਾਂ ਦੇ ਵਿਗਿਆਨਕ, ਬਾਹਰਮੁਖੀ ਅਤੇ ਕਲਾਸਿਸਟ ਹੋਣ ਦੇ ਦਾਹਵਿਆਂ ਨੂੰ ਗ਼ਲਤ ਸਿੱਧ ਕਰਦਿਆਂ ਇਨ੍ਹਾਂ ਦੀ ਕਾਵਿ-ਚੇਤਨਾ ਅਤੇ ਸਿਧਾਂਤਾਂ ਨੂੰ ਨਵ-ਰੋਮਾਂਸਵਾਦੀ ਸੁਭਾ ਦੇ ਧਾਰਨੀ ਮੰਨਦਾ ਹੈ । ਉਸ ਅਨੁਸਾਰ ਇਨ੍ਹਾਂ ਵਿਦਵਾਨਾਂ ਦੁਆਰਾ ਕਾਵਿ ਨੂੰ ਵਿਵੇਕ ਜਾਂ ਵਿਗਿਆਨ ਤੋਂ ਅਧਿਕ ਉੱਤਮ ਗਿਆਨ ਪ੍ਰਦਾਨ ਕਰਨ ਵਾਲਾ ਸਵੀਕਾਰ ਕਰਨ, ਕਾਵਿ ਨੂੰ ਪਰਾਭੌਤਿਕ ਅਤੇ ਆਵੇਸ਼ ਦਾ ਰੂਪ ਦੇਣ, ਆਲੋਚਨਾ ਦੀ ਭਾਸ਼ਾ ਨੂੰ ਗੁਹਜ ਸ਼ਬਦਾਵਲੀ ਅਤੇ ਧਰਮ-ਸ਼ਾਸਤ੍ਰ ਜਾਂ ਧਰਮ ਦੀ ਬਿੰਬਾਵਲੀ ਨਾਲ ਓਤਪੋਤ ਕਰ ਦੇਣ, ਵਿਗਿਆਨ ਅਤੇ ਵਿਵੇਕ ਪ੍ਰਤਿ ਭਾਵੁਕ ਪ੍ਰਤਿਕਰਮ ਪੇਸ਼ ਕਰਨ, ਕਈ ਵਾਰ ਕਾਵਿ ਨੂੰ ਕਿਸੇ ਉੱਚ ਯਥਾਰਥ ਨਾਲ ਸੰਪਰਕ ਪ੍ਰਾਪਤ ਕਰਨ ਦੇ ਸਾਧਨ ਮੰਨਣ ਅਤੇ ਬਹੁਤੀ ਵਾਰ ਆਪਣੇ ਸਿਧਾਂਤਾਂ ਵਿਚ ਵਿਵੇਕਮਈ ਹੋਣ ਦੀ ਥਾਂ ਕੇਵਲ ਜੋਸ਼ੀਲੇ ਹੀ ਹੋਣ ਦੀ ਪ੍ਰਕ੍ਰਿਤੀ ਰਖਣ ਕਾਰਨ ਇਹ ਸਾਰੇ ਆਲੋਚਕ ਅਸਲੋਂ ਹੀ ਰੋਮਾਂਟਕ ਚੇਤਨਾ ਦਾ ਸ਼ਿਕਾਰ ਹਨ ਤੇ ਇਹੋ ਇਨ੍ਹਾਂ ਦੀ ਸੀਮਾ ਹੈ ।[24]

Terence Hawks[25] ਇਨ੍ਹਾਂ ਵਿਦਵਾਨਾਂ ਦੁਆਰਾ ਦੱਸੀਆਂ ਉਪਰੋਕਤ ਕਮਜ਼ੋਰੀਆਂ ਅਤੇ ਸੀਮਾਵਾਂ ਤੋਂ ਬਿਲਕੁਲ ਵਖਰੇ ਅਤੇ ਬਹੁਤ ਸਹੀ ਢੰਗ ਨਾਲ ਵਿਚਾਰ ਕਰਦਿਆਂ 'ਨਵੀਨ ਆਲੋਚਨਾ' ਦੀ ਮੁਖ ਸੀਮਾ ਇਸ ਦੇ ਪੂੰਜੀਵਾਦ ਦਾ ਹੀ ਇਕ ਵਿਚਾਰਧਾਰਕ ਪ੍ਰਗਟਾਅ ਹੋਣ ਵਿਚ ਮੰਨਦਾ ਹੈ ਜਿਸ ਕਰਕੇ ਇਹ ਅਸਿੱਧੇ ਤੌਰ 'ਤੇ ਪੂੰਜੀਵਾਦ ਦੁਆਰਾ ਸੰਸਾਰ ਨੂੰ ਵਿਸ਼ੇਸ਼ ਆਰਥਕ ਤਰਤੀਬ ਦੇਣ ਦੇ

ਮਨਸੂਬਿਆਂ ਉਤੇ ਹੀ ਨਿਰਭਰ ਕਰਦੀ ਹੈ । ਪੂੰਜੀਵਾਦ ਅਜਿਹੇ ਸਿਧਾਂਤਾਂ ਰਾਹੀਂ ਪ੍ਰਤੱਖ ਰੂਪ ਵਿਚ ਤਾਂ ਕੁਝ ਹੋਰ ਮਸਲਿਆਂ ਨੂੰ ਮੁਖ਼ਾਤਬ ਹੋਣ ਦਾ ਢੌਂਗ ਰਚਦਾ ਹੈ, ਪਰ ਅਸਲ ਵਿਚ ਉਹ ਆਪਣੇ ਉਪਰੋਕਤ ਮਨਸੂਬਿਆਂ ਨੂੰ ਹੀ ਹੋਰ ਮਜ਼ਬੂਤ ਅਤੇ ਸਥਾਪਤ ਕਰ ਰਿਹਾ ਹੁੰਦਾ ਹੈ । ਇਸੇ ਲਈ 'ਨਵੀਨ ਆਲੋਚਨਾ' ਦੀ ਜਟਿਲਤਾ, ਸੰਤੁਲਨ ਅਤੇ ਤਣਾਉ ਪ੍ਰਤਿ ਹੇਜ ਅਤੇ ਇਨ੍ਹਾਂ ਦੀ ਵਧੀਕ ਪ੍ਰਸ਼ੰਸਾ ਅਸਲ ਵਿਚ ਬੁਰਜੁਆਜ਼ੀ ਰਾਹੀਂ ਯਥਾਰਥ ਨੂੰ ਸਥਿਰ, ਨਿਸ਼ਚਿਤ, ਸਥਾਪਿਤ ਅਤੇ ਪਰਿਵਰਤਨਹੀਨ ਸਿੱਧ ਕਰਨ ਦੀ ਰੁਚੀ ਦੇ ਹੀ ਸੰਕੇਤਕ ਹਨ । ਜਿਵੇਂ ਬੁਰਜੁਆ ਦ੍ਰਿਸ਼ਟੀਕੋਣ ਕਿਸੇ ਵੀ ਸ਼ਕਤੀਸ਼ਾਲੀ, ਨਿਰੰਤਰ ਅਤੇ ਸਿੱਧੇ ਅਮਲ ਜਾਂ ਕਾਰਵਾਈ ਨੂੰ ਪਸੰਦ ਨਹੀਂ ਕਰਦਾ, ਇਵੇਂ ਹੀ 'ਨਵੀਨ ਆਲੋਚਨਾ' ਦੁਆਰਾ ਅਸਪਸ਼ਟਤਾ ਨੂੰ ਅਧਿਕ ਮਹੱਤਵ ਦੇਣਾ ਅਤੇ ਬਹੁ-ਅਰਥੀ ਸੰਰਚਨਾਵਾਂ ਦੀ ਪ੍ਰਸ਼ੰਸਾ ਕਰਨਾ ਕਿਸੇ 'ਸੰਪੂਰਨ ਆਲੋਚਨਾ' ਨੂੰ ਵਿਕਸਿਤ ਕਰਨ ਦੀ ਥਾਂ ਬੁਰਜੁਆ ਸੋਚ ਵਲੋਂ ਇਕਚਿੱਤਤਾ (single mindedness) ਅਤੇ ਪ੍ਰਤਿਬੱਧਤਾ ਵਿਚ ਅਵਿਸ਼ਵਾਸ ਦਾ ਹੀ ਪ੍ਰਗਟਾਵਾ ਹੈ । ਇਹ ਆਲੋਚਨਾ-ਪ੍ਰਣਾਲੀ ਬੁਰਜੁਆ ਵਿਚਾਰਧਾਰਾ ਵਿਚਲੀ ਸੂਖਮਤਾ, 'ਵਿਟ' ਅਤੇ ਸੰਤੁਲਨ ਦੇ ਜਿਹੜੇ ਗੁਣਾਂ ਨੂੰ ਜ਼ਰੂਰਤ ਤੋਂ ਜ਼ਿਆਦਾ ਮਹੱਤਵ ਦੇ ਕੇ ਉਭਾਰਣਾ ਚਾਹੁੰਦੀ ਹੈ ਉਹ ਅਸਲ ਵਿਚ ਪਤਨਸ਼ੀਲ ਕੁਲੀਨ ਵਰਗ (aristocracy) ਦੀਆਂ ਹੀ ਪ੍ਰਵਿਰਤੀਆਂ ਹਨ ਜਿਨ੍ਹਾਂ ਨੂੰ ਖੁਸ਼ਾਮੰਦਪ੍ਰਸਤ (psychophantic) ਮੱਧ-ਸ਼੍ਰੇਣੀ ਪੂਜਦੀ ਹੈ । ਇਨ੍ਹਾਂ ਕਾਰਨਾਂ ਕਰਕੇ ਹੀ ਇਸ ਆਲੋਚਨਾ ਨੇ ਸਾਹਿਤ ਨੂੰ ਸਥੂਲ ਜੀਵਨ, ਲੇਖਕ ਅਤੇ ਪਾਠਕ ਨਾਲੋਂ ਟੁਟੀ ਹੋਈ ਅਤੇ ਅਤਿ ਅਸਥੂਲ ਵਸਤੂ ਬਣਾ ਦਿਤਾ ਹੈ । Serge Doubrovsky ਨੇ ਇਨ੍ਹਾਂ ਕਮਜ਼ੋਰੀਆਂ ਨੂੰ ਰੌਚਕ ਢੰਗ ਨਾਲ ਪ੍ਰਗਟ ਕਰਦਿਆਂ ਕਿਹਾ ਹੈ ਕਿ ਜਿਵੇਂ ਸਾਹਿਤ ਦੇ ਇਤਿਹਾਸਾਂ ਵਿਚ ਆਮ ਤੌਰ 'ਤੇ ਰਚਨਾਵਾਂ ਤੋਂ ਬਿਨਾਂ ਲੇਖਕਾਂ ਦਾ ਅਧਿਐਨ ਹੁੰਦਾ ਹੈ ਉਵੇਂ ਹੀ 'ਨਵੀਨ ਆਲੋਚਨਾ' ਲੇਖਕਾਂ ਤੋਂ ਬਿਨਾਂ ਕੇਵਲ ਰਚਨਾਵਾਂ ਦਾ ਹੀ ਅਧਿਐਨ ਕਰਦੀ ਹੈ ।[26]

ਅਸਲੇ ਦੀ ਘੋਖ : 'ਨਵੀਨ ਆਲੋਚਨਾ' ਦੇ ਪਛਾਣ-ਚਿੰਨ੍ਹਾਂ, ਪ੍ਰਾਪਤੀਆਂ ਅਤੇ ਕਮਜ਼ੋਰੀਆਂ ਬਾਰੇ ਵਿਦਵਾਨਾਂ ਦੁਆਰਾ ਕੀਤਾ ਗਿਆ ਉਪਰੋਕਤ ਕਿਸਮ ਦਾ ਸਾਰਾ ਪਰੰਪਰਾਗਤ ਅਧਿਐਨ ਅਤੇ ਮੁੱਲਾਂਕਣ ਅਧੂਰਾ, ਸਤਹੀ, ਆਂਸ਼ਕ, ਇਕ-ਪੱਖੀ ਅਤੇ ਸੀਮਤ ਹੋਣ ਕਾਰਨ ਸਮੁੱਚੇ ਤੌਰ 'ਤੇ ਅਵਿਗਿਆਨਕ ਹੈ । ਅਸਲ ਵਿਚ ਕਿਸੇ ਵਿਚਾਰਧਾਰਕ ਵਰਤਾਰੇ, ਮਸਲੇ, ਜਾਂ ਪ੍ਰਵਿਰਤੀ ਦੀ ਸਹੀ ਅਤੇ ਸੰਪੂਰਨ ਸਮਝ ਲਈ ਉਸ ਨੂੰ ਉਸ ਦੇ ਅਸਲੇ ਤੋਂ ਘੋਖਣ ਦੀ ਜ਼ਰੂਰਤ ਹੁੰਦੀ ਹੈ । ਸਾਹਿਤਕ ਆਲੋਚਨਾ ਨਿਰੋਲ ਬੌਧਿਕ ਕਲਾਬਾਜ਼ੀਆਂ ਦੀ ਥਾਂ ਆਪਣੇ ਆਪ ਵਿਚ ਪੂਰੀ ਤਰ੍ਹਾਂ ਇਕ ਵਿਚਾਰਧਾਰਕ ਮਸਲਾ ਹੈ । ਇਸੇ ਲਈ ਕਿਸੇ ਵੀ ਆਲੋਚਨਾ-ਪ੍ਰਣਾਲੀ ਦਾ ਅਧਿਐਨ ਉਸ ਦੇ ਅੰਤਰ-ਨਿਹਿਤ ਵਿਸ਼ਵ ਅਤੇ ਜੀਵਨ-ਦ੍ਰਿਸ਼ਟੀਕੋਣ ਦੇ ਨਾਲ ਨਾਲ ਜਮਾਤੀ ਆਧਾਰਾਂ ਤੋਂ ਹੀ ਕੀਤਾ ਜਾ ਸਕਦਾ ਹੈ, ਕਿਉਂਕਿ ਹਰ ਇਕ ਆਲੋਚਨਾ-ਪ੍ਰਣਾਲੀ ਅੰਤਿਮ ਰੂਪ ਵਿਚ ਕਿਸੇ ਨਾ ਕਿਸੇ ਵਿਸ਼ਵ-ਦ੍ਰਿਸ਼ਟੀਕੋਣ ਉਤੇ ਆਧਾਰਿਤ, ਉਸ ਨਾਲ ਜੁੜੀ ਹੋਈ, ਉਸ ਦਾ ਪੱਖ ਪੂਰ ਰਹੀ ਹੁੰਦੀ ਹੈ । ਨਤੀਜੇ ਵਜੋਂ, ਉਹ ਵਿਸ਼ੇਸ਼ ਕਿਸਮ ਦੀਆਂ ਮਨੁਖੀ ਅਤੇ ਵਿਚਾਰਧਾਰਕ ਕੀਮਤਾਂ ਦਾ ਪ੍ਰਗਟਾ ਅਤੇ ਉਨ੍ਹਾਂ ਦੀ ਸਥਾਪਨਾ ਲਈ ਯਤਨਸ਼ੀਲ ਵੀ ਹੁੰਦੀ ਹੈ । ਇਹ ਕੀਮਤਾਂ ਅਗੋਂ ਸਮਾਜਕ ਤੌਰ ਦੇ ਰਾਜਨੀਤਕ-ਆਰਥਕ-ਸੰਘਰਸ਼, ਜਾਂ ਦੂਜੇ ਸ਼ਬਦਾਂ ਵਿਚ, ਜਮਾਤੀ ਲੜਾਈ ਵਿਚ ਅਸਿੱਧੇ ਤੌਰ 'ਤੇ ਆਪਣੀ ਵਿਸ਼ੇਸ਼ ਭੂਮਿਕਾ ਨਿਭਾ ਰਹੀਆਂ ਹੁੰਦੀਆਂ ਹਨ । ਵਿਸ਼ਵ-ਦ੍ਰਿਸ਼ਟੀਕੋਣ, ਮਨੁਖੀ-ਵਿਚਾਰਧਾਰਕ ਕੀਮਤਾਂ ਅਤੇ ਆਰਥਕ-ਰਾਜਨੀਤਕ-ਜਮਾਤੀ ਟੱਕਰ ਅਗੋਂ ਕੇਵਲ ਦੋ ਆਧਾਰਾਂ ਵਿਚ ਹੀ ਵੰਡੀ ਜਾ ਸਕਦੀ ਹੈ । ਇਕ ਪਾਸੇ ਆਦਰਸ਼ਵਾਦੀ ਵਿਸ਼ਵ-ਜੀਵਨ-ਦ੍ਰਿਸ਼ਟੀਕੋਣ, ਇਸ ਦੇ ਅਨੁਸਾਰੀ ਬੁਰਜੁਆ ਮਨੁੱਖੀ ਤੇ ਵਿਚਾਰਧਾਰਕ ਕੀਮਤਾਂ ਅਤੇ ਇਨ੍ਹਾਂ



ਕੀਮਤਾਂ ਰਾਹੀਂ ਬੁਰਜੁਆ ਜਮਾਤੀ-ਹਿੱਤਾਂ ਦੀ ਸਥਾਪਤੀ, ਅਤੇ, ਦੂਸਰੇ ਪਾਸੇ, ਪਦਾਰਥਵਾਦੀ ਜੀਵਨ-ਵਿਸ਼ਵ-ਦ੍ਰਿਸ਼ਟੀਕੋਣ, ਇਸ ਦੇ ਅਨੁਸਾਰੀ ਉਸਾਰੂ ਮਨੁੱਖੀ-ਵਿਚਾਰਧਾਰਕ ਕੀਮਤਾਂ ਅਤੇ ਇਨ੍ਹਾਂ ਕੀਮਤਾਂ 'ਤੇ ਆਧਾਰਤ ਪਰੋਲਤਾਰੀ ਜਮਾਤੀ ਪੈਂਤੜਾ । ਸਮਾਜਕ-ਮਨੁਖੀ ਵਰਤਾਰੇ ਵਿਚ ਇਸੇ ਲਈ ਹਰ ਮਨੁਖੀ ਕਾਰਜ, ਕੀਮਤ ਜਾਂ ਵਿਚਾਰਧਾਰਾ ਦਾ ਕਦੇ ਵੀ ਨਿਰਪੱਖ ਹੋਣਾ ਸੰਭਵ ਨਹੀਂ ਹੁੰਦਾ ਸਗੋਂ ਅਜਿਹਾ ਹਰ ਖੇਤਰ ਸੁਚੇਤ ਜਾਂ ਅਚੇਤ ਤੌਰ 'ਤੇ ਹਰ ਹਾਲਤ ਵਿਚ ਇਨ੍ਹਾਂ ਦੋਹਾਂ ਧਿਰਾਂ ਵਿਚੋਂ ਕਿਸੇ ਇਕ ਨਾਲ ਜੁੜਿਆ ਹੁੰਦਾ ਹੈ । ਇਸੇ ਕਰਕੇ ਸਮਾਜਕ-ਇਤਿਹਾਸਕ ਤੌਰ ਵਿਚ ਹਰ ਇਕ ਸਾਹਿਤਕ ਆਲੋਚਨਾ-ਪ੍ਰਣਾਲੀ ਵੀ ਅੰਤਿਮ ਰੂਪ ਵਿਚ ਵਿਸ਼ਵ-ਦ੍ਰਿਸ਼ਟੀਕੋਣ, ਉਸ ਦੇ ਅਨੁਸਾਰੀ ਜੀਵਨ-ਕੀਮਤਾਂ ਅਤੇ ਜਮਾਤੀ ਪੈਂਤੜੇ ਨਾਲ ਜੁੜੀ ਹੋਣ ਕਰਕੇ ਵਿਚਾਰਧਾਰਕ ਪੱਧਰ 'ਤੇ ਰਾਜਨੀਤਕ-ਆਰਥਕ ਅਤੇ ਜਮਾਤੀ ਲੜਾਈ ਹੀ ਲੜ ਰਹੀ ਹੁੰਦੀ ਹੈ । ਨਤੀਜੇ ਵਜੋਂ ਵਿਸ਼ਵ-ਦ੍ਰਿਸ਼ਟੀਕੋਣ, ਵਿਚਾਰਧਾਰਕ ਅਤੇ ਜਮਾਤੀ ਆਧਾਰਾਂ ਤੋਂ ਬਿਨਾਂ ਕਿਸੇ ਵੀ ਸਾਹਿਤਕ ਆਲੋਚਨਾ-ਪ੍ਰਣਾਲੀ, ਆਲੋਚਕ, ਆਲੋਚਨਾ-ਵਿਧੀ ਦੇ ਅਸਲੇ ਤਕ ਨਹੀਂ ਪਹੁੰਚਿਆ ਜਾ ਸਕਦਾ ।

ਇਸ ਸਿਧਾਂਤਕ ਆਧਾਰ ਤੋਂ ਜੇਕਰ 'ਨਵੀਨ ਆਲੋਚਨਾ' ਦੇ ਪਛਾਣ-ਚਿੰਨ੍ਹਾਂ, ਪ੍ਰਾਪਤੀਆਂ ਅਤੇ ਕਮਜ਼ੋਰੀਆਂ ਦਾ ਅਧਿਐਨ ਕੀਤਾ ਜਾਵੇ ਤਾਂ ਵੱਖਰੀ ਕਿਸਮ ਦੇ ਮਹੱਤਵਪੂਰਣ ਸਿੱਟੇ ਨਿਕਲਦੇ ਹਨ ਜਿਹੜੇ ਇਸ ਪ੍ਰਣਾਲੀ ਦੇ ਵੱਖ ਵੱਖ ਪਹਿਲੂਆਂ ਦੇ ਵੱਖਰੇ ਅਰਥ ਉਜਾਗਰ ਕਰਦੇ ਹਨ । ਇਸ ਦ੍ਰਿਸ਼ਟੀਕੋਣ ਤੋਂ ਇਸ ਦੇ ਪਛਾਣ ਚਿੰਨ੍ਹਾਂ ਦਾ ਪਹਿਲਾ ਸਹੀ ਪਹਿਲੂ ਇਸ ਪ੍ਰਣਾਲੀ ਦੇ ਪਿੱਛੇ ਸੁਚੇਤ ਜਾਂ ਅਚੇਤ ਰੂਪ ਵਿਚ ਕੰਮ ਕਰ ਰਿਹਾ ਸਮੁੱਚਾ ਵਿਸ਼ਵ-ਦ੍ਰਿਸ਼ਟੀਕੋਣ ਜਾਂ ਇਸ ਦਾ ਦਾਰਸ਼ਨਿਕ ਆਧਾਰ ਹੈ ਜਿਹੜਾ ਮੂਲ ਰੂਪ ਵਿਚ ਆਦਰਸ਼ਵਾਦੀ ਹੈ । ਇਹੋ ਆਦਰਸ਼ਵਾਦੀ ਦ੍ਰਿਸ਼ਟੀਕੋਣ ਜਾਂ ਦਾਰਸ਼ਨਿਕ ਆਧਾਰ ਹੀ ਅਸਲ ਵਿਚ ਇਸ ਪ੍ਰਣਾਲੀ ਦੇ ਕਾਵਿ-ਸਿਧਾਂਤਾਂ ਦਾ ਸੁਭਾ ਨਿਰਧਾਰਿਤ ਕਰਦਾ ਹੈ । Rene Wellek[27], ਅਤੇ EWA M. Thompson[28] ਨੇ 'ਨਵੀਨ ਆਲੋਚਨਾ' ਦੇ ਇਸ ਦਾਰਸ਼ਨਿਕ ਆਧਾਰ ਨੂੰ ਸਵੀਕਾਰ ਤਾਂ ਕੀਤਾ ਹੈ ਪਰੰਤੂ ਅਗੋਂ ਇਹ ਆਧਾਰ ਇਸ ਪ੍ਰਣਾਲੀ ਦੇ ਕਾਵਿ-ਸਿਧਾਂਤਾਂ ਦੇ ਸੁਭਾ ਨੂੰ ਕਿਵੇਂ ਸੀਮਤ, ਅਧੂਰੇ ਅਤੇ ਅਵਿਗਿਆਨਕ ਬਣਾਉਂਦੇ ਹਨ, ਇਸ ਪੱਖ ਵਲ ਉਸ ਨੇ ਕੋਈ ਸੰਕੇਤ ਨਹੀਂ ਕੀਤਾ । ਇਸ ਦੀ ਵਿਆਖਿਆ ਅਸੀਂ ਅਗੇ ਚਲ ਕੇ 'ਨਵੀਨ ਆਲੋਚਨਾ' ਦੀਆਂ ਕਮਜ਼ੋਰੀਆਂ ਦੇ ਅਧਿਐਨ ਦੇ ਪ੍ਰਸੰਗ ਵਿਚ ਕਰਾਂਗੇ । ਆਦਰਸ਼ਵਾਦੀ ਆਧਾਰਾਂ ਕਾਰਨ ਹੀ ਇਹ ਪ੍ਰਣਾਲੀ ਸਾਹਿਤ ਦੇ ਖੇਤਰ ਵਿਚ ਬੁਰਜੁਆ ਵਿਚਾਰਧਾਰਾ ਅਤੇ ਕੀਮਤਾਂ ਦੀ ਹੀ ਵਿਆਖਿਆ, ਸਥਾਪਨਾ ਅਤੇ ਪ੍ਰਤਿਨਿਧਤਾ ਕਰਦੀ ਹੈ । Terence Hawks ਨੇ ਇਸ ਪ੍ਰਣਾਲੀ ਨੂੰ ਬੁਰਜੁਆ ਵਿਚਾਰਧਾਰਾ ਦਾ ਪ੍ਰਗਟਾ ਤਾਂ ਮੰਨਿਆ ਹੈ, ਜਿਸਦਾ ਜ਼ਿਕਰ ਵਿਸਥਾਰ ਵਿਚ ਉੱਪਰ ਕੀਤਾ ਜਾ ਚੁਕਾ ਹੈ, ਪਰ ਉਸ ਨੇ ਇਸ ਦੇ ਆਦਰਸ਼ਵਾਦੀ ਆਧਾਰਾਂ ਦਾ ਜ਼ਿਕਰ ਨਹੀਂ ਕੀਤਾ । ਸ਼ਾਬਦਿਕ ਸਿਧਾਂਤਕ ਪ੍ਰਪੰਚ, ਯਥਾਰਥ ਨੂੰ ਸੁਤੰਤਰ ਟੁਕੜਿਆਂ ਵਿਚ ਵੰਡ ਕੇ ਗ੍ਰਹਿਣ ਕਰਨਾ, ਵਿਅਕਤਿਕ ਵਿਲੱਖਣਤਾ ਤੇ ਸੁਤੰਤਰਤਾ ਦੀ ਮਹਿਮਾ ਅਤੇ ਸਥਾਪਨਾ, ਕਲਾ, ਵਿਸ਼ੇਸ਼ ਕਰ ਕੇ ਸਾਹਿਤਕ ਕਿਰਤਾਂ ਨੂੰ ਮਨੁਖ-ਸਮਾਜਕ-ਇਤਿਹਾਸਕ ਪ੍ਰਸੰਗ ਤੋਂ ਬਿਲਕੁਲ ਮੁਕਤ ਕਰਨਾ, ਸਮਾਜਕ ਤੌਰ ਵਿਚ ਕਲਾ ਦੇ ਕਿਸੇ ਉਸਾਰੂ ਰੋਲ ਤੋਂ ਮੁਨਕਰ ਹੋਣਾ ਆਦਿ ਕੇਵਲ ਕੁਝ ਇਕ ਉਹ ਨੁਕਤੇ ਹਨ ਜਿਨ੍ਹਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਪ੍ਰਣਾਲੀ ਸਾਹਿਤ ਦੇ ਖੇਤਰ ਵਿਚ ਇਨ੍ਹਾਂ ਸਿਧਾਂਤਾਂ ਦੇ ਮਾਧਿਅਮ ਰਾਹੀਂ ਬੁਰਜੁਆ ਰੁਚੀਆਂ, ਵਿਚਾਰਧਾਰਾ, ਸੁਹਜ-ਸੁਆਦ, ਅਤੇ ਜੀਵਨ-ਕੀਮਤਾਂ ਦੀ ਹੀ ਪ੍ਰਤਿਨਿਧਤਾ ਕਰਦੀ ਹੈ । ਨਤੀਜੇ ਵਜੋਂ, ਅਸਿੱਧੇ ਰੂਪ ਵਿਚ ਵਿਚਾਰਧਾਰਕ ਸੰਘਰਸ਼ ਦੀ ਪੱਧਰ 'ਤੇ ਇਹ ਪ੍ਰਣਾਲੀ ਬੁਰਜੁਆ ਜਮਾਤੀ ਹਿੱਤਾਂ ਦੀ

ਸਥਾਪਨਾ ਕਰਦੀ ਹੈ ਅਤੇ, ਇਉਂ, ਅਸਲ ਅਰਥਾਂ ਵਿਚ ਇਸ ਦਾ ਮੂਲ ਸੁਭਾ ਜਾਂ ਪਛਾਣ-ਚਿੰਨ੍ਹ ਇਸ ਦਾ ਆਦਰਸ਼ਵਾਦੀ ਵਿਸ਼ਵ-ਦ੍ਰਿਸ਼ਟੀਕੋਣ, ਸਾਹਿਤਕ ਖੇਤਰ ਵਿਚ ਬੁਰਜੂਆ ਕੀਮਤਾਂ ਅਤੇ ਸਾਹਿਤ-ਸ਼ਿਧਾਂਤਾਂ ਦੀ ਸਥਾਪਨਾ ਅਤੇ ਨਤੀਜੇ ਵਜੋਂ ਬੁਰਜੂਆ ਜਮਾਤੀ ਹਿੱਤਾਂ ਦੀ ਪੂਰਤੀ ਵਿਚ ਹੈ।

ਜਿਥੋਂ ਤਕ ਇਸ ਪ੍ਰਣਾਲੀ ਦੀਆਂ ਪ੍ਰਾਪਤੀਆਂ ਦਾ ਸੰਬੰਧ ਹੈ, ਆਪਣੇ ਆਦਰਸ਼ਵਾਦੀ ਆਧਾਰਾਂ ਕਾਰਨ ਹੀ ਇਸ ਦਾ ਸਾਹਿਤ ਦੇ ਕਿਸੇ ਸਮੁਚੇ ਵਿਗਿਆਨ ਨੂੰ ਉਸਾਰਨ ਤੋਂ ਅਸਮਰਥ ਰਹਿਣਾ ਕੁਦਰਤੀ ਸੀ। ਸਾਹਿਤ ਦਾ ਵਿਗਿਆਨ ਵਿਕਸਿਤ ਕਰਨ ਦੇ ਦਾਹਵਿਆਂ ਦੇ ਬਾਵਜੂਦ ਵੀ ਇਹ ਪ੍ਰਣਾਲੀ ਸਾਹਿਤਕ ਕਿਰਤ ਦੀ ਹੋਂਦ-ਵਿਧੀ ਦੇ ਕੁਝ ਇਕ ਮਹੱਤਵਪੂਰਨ ਪਹਿਲੂਆਂ ਦਾ ਸੁਤੰਤਰ ਅਧਿਐਨ ਅਤੇ ਉਨ੍ਹਾਂ ਦੀ ਸਹੀ ਸਮਝ ਵਿਚ ਤਾਂ ਕਿਸੇ ਹੱਦ ਤਕ ਸਫਲ ਹੋਈ ਪਰੰਤੂ ਕੇਵਲ ਕੁਝ ਇਕ ਅੰਗਾਂ ਦੇ ਵਿਗਿਆਨ ਦੀ ਉਸਾਰੀ ਤਕ ਹੀ ਸੀਮਤ ਹੋਣ ਕਾਰਨ ਸਮੁੱਚੇ ਰੂਪ ਵਿਚ ਸਾਹਿਤ ਦਾ ਕੋਈ ਵਿਗਿਆਨ ਸਿਰਜ ਸਕਣਾਂ ਇਸ ਲਈ ਸੰਭਵ ਨਹੀਂ ਸੀ। ਪਰ ਫਿਰ ਵੀ ਆਦਰਸ਼ਵਾਦ ਆਧਾਰਿਤ ਆਪਣੀ ਖੰਡਿਤ ਅਤੇ ਇਕਪਾਸੜ ਦ੍ਰਿਸ਼ਟੀ ਨਾਲ ਇਸ ਪ੍ਰਣਾਲੀ ਨੇ ਸਾਹਿਤਕ ਕਿਰਤ ਦੀ ਹੋਂਦ-ਵਿਧੀ ਦੇ ਜਿਹੜੇ ਪੱਖਾਂ ਦਾ ਸੁਤੰਤਰ ਵਿਗਿਆਨ ਉਸਾਰਨ ਦੀ ਕੋਸ਼ਿਸ਼ ਕੀਤੀ ਉਸ ਤੋਂ ਸਾਹਿਤ ਸੰਬੰਧੀ ਕਿਸੇ ਸੰਪੂਰਨ ਅਤੇ ਸਹੀ ਪਹੁੰਚ ਦੀ ਉਸਾਰੀ ਲਈ ਕੁਝ ਸੇਧ ਜ਼ਰੂਰ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਵਿਚ ਪਹਿਲਾ ਮਹੱਤਵਪੂਰਣ ਨੁਕਤਾ ਹੀ ਸਾਹਿਤ ਦੇ ਵਿਗਿਆਨ ਪ੍ਰਤਿ ਚੇਤਨ ਹੋਣ ਦਾ ਹੈ। ਨਿਰਸੰਦੇਹ ਸਾਹਿਤ ਹੋਰ ਸਾਂਸਕ੍ਰਿਤਕ ਸਿਰਜਨਾਵਾਂ ਵਾਂਗ ਇਕ ਨਿਵੇਕਲੀ ਹੋਂਦ-ਵਿਧੀ ਰਖਦਾ ਹੈ ਜਿਸ ਦੇ ਕੁਝ ਆਪਣੇ ਮੌਲਿਕ ਅਤੇ ਬਾਹਰਮੁਖੀ ਨਿਯਮ ਹਨ। ਇਨ੍ਹਾਂ ਦੇ ਗਿਆਨ ਤੋਂ ਬਿਨਾ ਸਾਹਿਤ ਸੰਬੰਧੀ ਕੋਈ ਵੀ ਬਾਹਰਮੁਖੀ ਅਤੇ ਵਿਗਿਆਨਕ ਅਧਿਐਨ ਸੰਭਵ ਨਹੀਂ। ਇਸ ਲਈ ਸਾਹਿਤ ਦੇ ਅਧਿਐਨ, ਵਿਆਖਿਆ ਅਤੇ ਮੁੱਲਾਂਕਣ ਨੂੰ ਨਿਜੀ ਪ੍ਰਤਿਕਰਮਾਂ ਤੋਂ ਮੁਕਤ ਕਰ ਕੇ ਇਸ ਨੂੰ ਇਸ ਦੇ ਨਿਸ਼ਚਿਤ ਅਤੇ ਸੁਤੰਤਰ ਵਿਗਿਆਨ ਉਤੇ ਆਧਾਰਿਤ ਕਰਨਾ ਜ਼ਰੂਰੀ ਹੈ ਜਿਸ ਲਈ ਸਾਹਿਤ ਦੇ ਵਿਗਿਆਨ ਪ੍ਰਤਿ ਚੇਤਨਤਾ ਅਤੇ ਇਸ ਦੀ ਉਸਾਰੀ ਕਿਸੇ ਵੀ ਆਲੋਚਨਾ ਸਿਧਾਂਤ ਲਈ ਬੁਨਿਆਦੀ ਜ਼ਰੂਰਤ ਹੈ। ਪਰ 'ਨਵੀਨ ਆਲੋਚਨਾ' ਸਾਹਿਤ ਦੇ ਵਿਗਿਆਨ ਦੀ ਜ਼ਰੂਰਤ ਪ੍ਰਤਿ ਚੇਤਨ ਹੋਣ ਦੇ ਬਾਵਜੂਦ ਆਪਣੀ ਆਦਰਸ਼ਵਾਦੀ ਦ੍ਰਿਸ਼ਟੀ ਕਾਰਨ ਅਜਿਹਾ ਵਿਗਿਆਨ ਉਸਾਰਨ ਤੋਂ ਅਸਮਰਥ ਰਹੀ ਹੈ। ਦੂਸਰੇ, ਇਸ ਪ੍ਰਣਾਲੀ ਰਾਹੀਂ ਸਾਹਿਤਕ ਕਿਰਤ ਦੇ ਪਾਠ ਦੇ ਅਧਿਐਨ ਨੂੰ ਦਿਤੀ ਗਈ ਮਹੱਤਾ (ਕੇਵਲ ਇਕ ਵਿਸ਼ੇਸ਼ ਸੀਮਾ ਤਕ ਹੀ) ਪ੍ਰਤਿ ਵੀ ਸੇਧ ਗ੍ਰਹਿਣ ਕੀਤੀ ਜਾਣੀ ਚਾਹੀਦੀ ਹੈ। ਭਾਵੇਂ ਇਹ ਪ੍ਰਣਾਲੀ ਨਿਰੋਲ ਪਾਠ ਦੇ ਅਧਿਐਨ ਨੂੰ ਕੇਂਦਰੀ ਅਤੇ ਅੰਤਿਮ ਮੰਨਣ ਕਰਕੇ ਪਾਠ ਦਾ ਵੀ ਸਹੀ ਅਤੇ ਵਿਗਿਆਨਕ ਅਧਿਐਨ ਕਰਨ ਤੋਂ ਅਸਮਰਥ ਰਹੀ ਹੈ, ਕਿਉਂਕਿ ਪਾਠ (Text) ਅਤੇ ਪ੍ਰਸੰਗ (Context) ਦੇ ਆਪਸੀ ਗੁੰਝਲਦਾਰ ਡਾਇਲੈਕਟੀਕਲ ਰਿਸ਼ਤੇ ਦੇ ਵਿਗਿਆਨ ਨੂੰ ਸਮਝਣ ਤੋਂ ਬਿਨਾਂ ਪਾਠ ਦਾ ਹਰ ਅਧਿਐਨ ਅਧੂਰਾ ਅਤੇ ਅਵਿਗਿਆਨਕ ਹੀ ਰਹੇਗਾ। ਕਈ ਆਲੋਚਨਾ-ਪ੍ਰਣਾਲੀਆਂ ਇਸ ਤੋਂ ਉਲਟ ਪਾਠ ਨੂੰ ਮੂਲੋਂ ਅਣਗੌਲਿਆ ਕਰ ਕੇ ਕੇਵਲ ਪ੍ਰਸੰਗ ਦੇ ਅਧਿਐਨ ਨੂੰ ਕਾਵਿ-ਕਿਰਤ ਦੀ ਆਲੋਚਨਾ ਦਾ ਆਧਾਰ ਮੰਨ ਬੈਠਦੀਆਂ ਹਨ। ਇਉਂ, ਪਾਠ ਦੀ ਨਿਰਪੇਖ ਮਹੱਤਾ ਜਾਂ ਨਿਰਪੇਖ ਤਿਆਗ ਦੋਵੇਂ ਹੀ ਸਾਹਿਤ-ਵਿਗਿਆਨ ਦਾ ਆਧਾਰ ਨਹੀਂ ਹੋ ਸਕਦੇ। ਇਸੇ ਕਰਕੇ ਸਾਹਿਤ ਦੇ ਵਿਗਿਆਨ ਦੀ ਉਸਾਰੀ ਵਿਚ ਪਾਠ ਦੀ ਮਹੱਤਾ ਬਾਰੇ ਇਕ ਸੰਤੁਲਿਤ ਦ੍ਰਿਸ਼ਟੀਕੋਣ ਅਪਣਾਉਣਾ ਲਾਜ਼ਮੀ ਬਣ ਜਾਂਦਾ ਹੈ। ਇਸ ਤਰ੍ਹਾਂ ਸਾਹਿਤ ਦੀ ਵਿਗਿਆਨ-ਉਸਾਰੀ ਦੀ ਚੇਤਨਾ ਅਤੇ ਕਿਰਤ ਦੇ ਪਾਠ ਦੀ ਮਹੱਤਾ ਦੋ ਅਜਿਹੇ ਨੁਕਤੇ ਹਨ ਜਿਨ੍ਹਾਂ ਬਾਰੇ 'ਨਵੀਨ ਆਲੋਚਨਾ' ਭਰਪੂਰ ਸੰਕੇਤ ਕਰਦੀ ਹੈ



ਭਾਵੇਂ ਅਨੇਕਾਂ ਕਾਰਨਾਂ ਕਰਕੇ ਆਪ ਅਜਿਹਾ ਕਰਨ ਤੋਂ ਅਸਮਰਥ ਰਹੀ ਹੈ।

ਮੁਖ ਕਮਜ਼ੋਰੀ ਦੀ ਜੜ੍ਹ : ਇਸ ਪ੍ਰਣਾਲੀ ਦੀਆਂ ਸਮੁੱਚੀਆਂ ਸੀਮਾਵਾਂ ਅਤੇ ਕਮਜ਼ੋਰੀਆਂ ਪ੍ਰਮੁਖ ਰੂਪ ਵਿਚ ਇਸ ਰਾਹੀਂ ਕੇਵਲ ਇਕ ਕਿਰਤ, ਕਾਵਿ ਦੇ ਖੇਤਰ ਵਿਚ ਕੇਵਲ ਇਕ ਨਜ਼ਮ, ਦਾ ਹਰ ਕਿਸਮ ਦੇ ਪ੍ਰਸੰਗ ਤੋਂ ਮੁਕਤ, ਪਾਠਮੂਲਕ ਰੂਪਗਤ ਵਿਸ਼ਲੇਸ਼ਣ ਨੂੰ ਹੀ ਇਕੋ ਇਕ ਮੂਲ ਧੁਰਾ ਮੰਨਣ ਤੋਂ ਪੈਦਾ ਹੁੰਦੀਆਂ ਹਨ। ਅਜਿਹੀ ਪਹੁੰਚ ਨਿਰਸੰਦੇਹ ਆਦਰਸ਼ਵਾਦੀ ਦ੍ਰਿਸ਼ਟੀਕੋਣ ਅਤੇ ਬੁਰਜੂਆ ਮਾਨਸਿਕ ਉਲਾਰਾਂ ਦਾ ਸਿੱਧਾ ਸਿੱਟਾ ਹੈ। ਬੁਰਜੂਆ-ਆਰਥਕ-ਸਮਾਜਕ ਬਣਤਰ ਆਪਣੇ ਵਿਸ਼ੇਸ਼ ਸੁਭਾ ਕਾਰਨ ਯਥਾਰਥ-ਗ੍ਰਹਿਣ ਅਤੇ ਚਿੰਤਨ ਦੀ ਵਿਧੀ ਦਾ ਸੁਭਾ ਅਜਿਹਾ ਬਣਾ ਦੇਂਦੀ ਹੈ ਕਿ ਮਨੁਖ ਕੁਦਰਤ, ਸਮਾਜ ਅਤੇ ਵਿਚਾਰ-ਸੰਸਾਰ ਨੂੰ ਇਕ ਦੂਜੇ ਨਾਲੋਂ ਅਸਬੰਧਤ, ਟੁੱਟੇ ਹੋਏ, ਸੁਤੰਤਰ ਵਰਤਾਰਿਆਂ ਵਜੋਂ ਹੀ ਸਮਝਦਾ ਅਤੇ ਗ੍ਰਹਿਣ ਕਰਦਾ ਹੈ। ਮਨੁਖ ਨੂੰ ਮਨੁਖ ਨਾਲੋਂ, ਮਨੁਖ ਨੂੰ ਉਸ ਦੇ ਆਲੇ-ਦੁਆਲੇ ਨਾਲੋਂ, ਮਨੁਖ ਨੂੰ ਆਪਣੇ ਆਪ ਨਾਲੋਂ, ਆਪਣੇ ਕੰਮ ਨਾਲੋਂ, ਮਨੁਖ ਨੂੰ ਕੁਦਰਤ ਨਾਲੋਂ ਤੋੜ ਦੇਣਾ ਪੂੰਜੀਵਾਦੀ ਆਰਥਕ ਵਿਵਸਥਾ ਦਾ ਇਕ ਲਾਜ਼ਮੀ ਸਿੱਟਾ ਹੈ ਜਿਹੜਾ ਜ਼ਿੰਦਗੀ ਬਾਰੇ ਕਿਸੇ ਸੰਪੂਰਨ ਦ੍ਰਿਸ਼ਟੀ ਦੀ ਕੋਈ ਸੰਭਾਵਨਾ ਨਹੀਂ ਰਹਿਣ ਦੇਂਦਾ। ਮਨੁਖ ਹਰ ਵਸਤੂ ਨੂੰ ਉਸ ਦੀ ਨਿਰੋਲ ਵਿਅਕਤਿਕਤਾ ਵਿਚ ਇਕ ਸੁਤੰਤਰ ਜਿਨਸ ਵਜੋਂ ਵੇਖਣ ਲਗ ਪੈਂਦਾ ਹੈ। ਦ੍ਰਿਸ਼ਟੀ ਅਤੇ ਸਚ ਦੇ ਖੰਡ ਖੰਡ ਹੋ ਜਾਣ ਕਾਰਨ ਬੁਰਜੂਆ ਮਨੁਖ ਵਿਅਕਤਿਕਤਾ ਅਤੇ ਸਮੂਹਕਤਾ ਦੀ ਡਾਇਲੇਕ-ਟਿਕਸ ਵਿਚੋਂ ਕਿਸੇ ਸਮੁੱਚਤਾ ਨੂੰ ਸਿਰਜਨ ਤੋਂ ਅਸਮਰਥ ਹੋ ਜਾਂਦਾ ਹੈ। ਹਰ ਵਰਤਾਰਾ ਸੁਤੰਤਰ ਖੰਡਾਂ ਵਿਚ ਬਦਲ ਜਾਣ ਕਾਰਨ ਮਨੁਖ ਅਚੇਤ ਹੀ ਆਪ ਵੀ ਇਕ ਸੁਤੰਤਰ ਖੰਡ (ਜਿਨਸ) ਦੇ ਰੂਪ ਵਿਚ ਵਿਚਰਣ ਲਗ ਪੈਂਦਾ ਹੈ। ਇਹ ਵਿਅਕਤਿਕਤਾ ਉਸ ਨੂੰ, ਅਗੋਂ ਦੋਬਾਰਾ ਹਰ ਵਰਤਾਰੇ ਨੂੰ ਖੰਡਿਤ ਰੂਪ ਵਿਚ ਗ੍ਰਹਿਣ ਕਰਦਿਆਂ, ਸਮੁੱਚਤਾ ਨਾਲ ਜੁੜਨ ਦੀ ਥਾਂ, ਕਿਸੇ ਇਕ ਵਰਤਾਰੇ ਜਾਂ ਉਸ ਦੇ ਕਿਸੇ ਇਕ-ਅੱਧ ਰੂਪ ਜਾਂ ਅੰਗ ਨਾਲ ਹੀ ਜੁੜ ਸਕਣ ਦੀ ਮਾਨਸਿਕਤਾ ਦਾ ਧਾਰਣੀ ਬਣਾ ਦਿੰਦੀ ਹੈ। ਨਤੀਜੇ ਵਜੋਂ ਉਹ ਯਥਾਰਥ ਪ੍ਰਤਿ ਕਿਸੇ ਸਮਗਰ ਦ੍ਰਿਸ਼ਟੀਕੋਣ ਜਾਂ 'ਸਗਲੀ ਦ੍ਰਿਸ਼ਟੀ' ਵਾਲੀ ਚੇਤਨਤਾ ਤੋਂ ਵਾਂਝਿਆਂ ਹੋ ਜਾਂਦਾ ਹੈ।

ਇਸੇ ਮਾਨਸਿਕਤਾ ਦਾ ਇਕ ਹੋਰ ਪੱਖ ਅਤੇ ਸਿੱਟਾ ਬੁਰਜੂਆ ਵਿਚਾਰਧਾਰਾ, ਸਮਾਜ ਅਤੇ ਵਿਗਿਆਨ ਦੇ ਖੇਤਰ ਵਿਚ ਇਕ ਖ਼ਾਸ ਕਿਸਮ ਦੀ ਵਿਸ਼ੇਸ਼ੱਗਤਾ (Specialisation) ਨੂੰ ਦਿਤੀ ਜਾਣ ਵਾਲੀ ਵਧੀਕ ਮਹੱਤਾ ਹੈ। ਬੁਰਜੂਆ ਆਰਥਕ ਬਣਤਰ ਵਿਚ ਕੰਮ ਦੀ ਵੰਡ ਜਿਉਂ ਜਿਉਂ ਅਤਿ ਸੂਖਮ ਅਤੇ ਗੁੰਝਲਦਾਰ ਤਹਿਆਂ ਧਾਰਨ ਕਰਦੀ ਚਲੀ ਜਾਂਦੀ ਹੈ ਤਿਉਂ ਤਿਉਂ ਹਰ ਖੇਤਰ ਵਿਚ ਕੰਮ ਕਰਨ ਵਾਲਾ ਮਨੁਖ ਇਕ ਪਾਸੇ ਆਪਣੇ ਸਮੁੱਚੇ ਕੰਮ ਤੋਂ ਵਿਜੋਗਿਆ ਜਾਂਦਾ ਹੈ ਅਤੇ ਦੂਜੇ ਪਾਸੇ ਉਹ ਕਿਰਤ ਦੇ ਸਮੁੱਚੇ ਆਧਾਰ (Object of Labour) ਨਾਲ ਭਾਵੁਕ ਸਾਂਝ ਜਾਂ ਉਸ ਦੀ ਸਮਝ ਪੈਦਾ ਕਰਨ ਦੀ ਥਾਂ ਉਸ ਦੇ ਕੇਵਲ ਇਕ ਅੰਗ ਦਾ ਵਿਸ਼ੇਸ਼ਗ ਬਣਦਾ ਜਾਂਦਾ ਹੈ। ਆਪਣੀ ਕਿਰਤ ਦੀ ਸਮੁੱਚਤਾ, ਜਿਸ ਵਿਚ ਕਿਰਤ, ਕਿਰਤ ਦਾ ਆਧਾਰ, ਪੈਦਾਵਾਰ, ਉਪਭੋਗ, ਨਫ਼ਾ-ਨੁਕਸਾਨ ਆਦਿ ਸ਼ਾਮਿਲ ਹੈ, ਨਾਲ ਨਾ ਜੁੜ ਸਕਣ ਕਾਰਨ ਹਰ ਅਜਿਹਾ ਕਥਿਤ ਵਿਸ਼ੇਸ਼ਗ ਅਸਲ ਵਿਚ ਕਿਸੇ ਵਰਤਾਰੇ ਜਾਂ ਕਿਰਤ ਦੇ ਆਧਾਰ ਦੇ ਕੇਵਲ ਇਕ ਖੰਡ, ਪੱਖ, ਜਾਂ ਅੰਸ਼ ਦਾ ਹੀ ਵਿਸ਼ੇਸ਼ਗ ਬਣਦਾ ਹੈ। ਇਹ ਸਥਿਤੀ ਉਸ ਨੂੰ ਸੰਪੂਰਨ ਮਨੁਖ ਅਤੇ ਵਿਸ਼ੇਸ਼ਗ ਬਣਾਉਣ ਦੀ ਥਾਂ ਕਿਸੇ ਖੰਡ ਦਾ ਕੇਵਲ ਮਕਾਨਕੀ ਵਿਸ਼ੇਸ਼ਗ ਹੀ ਬਣਾ ਸਕਦੀ ਹੈ। ਕਿਰਤ ਤੋਂ ਵਿਜੋਗ ਅਤੇ ਕਿਸੇ ਵਰਤਾਰੇ ਦੇ ਇਕ-ਅੱਧ ਖੰਡ ਦੀ ਵਿਸ਼ੇਸ਼ੱਗਤਾ ਉਸ ਦੀ ਸਮੁੱਚੀ ਸੋਚ, ਸ਼ਖਸੀਅਤ ਅਤੇ ਯਥਾਰਥ ਪ੍ਰਤਿ ਉਸ ਦੀ ਪਹੁੰਚ/ਦ੍ਰਿਸ਼ਟੀ

ਨੂੰ ਵੀ ਅਧੂਰੀ, ਆਂਸ਼ਕ ਅਤੇ ਖੰਡਿਤ ਬਣਾ ਦੇਂਦੀ ਹੈ । ਸਾਹਿਤ-ਆਲੋਚਨਾ ਦੇ ਖੇਤਰ ਵਿਚ ਹਰ ਪ੍ਰਸੰਗ ਤੋਂ ਮੁਕਤ ਕੇਵਲ ਕਿਸੇ ਇਕ ਇਕੱਲੀ ਕਿਰਤ ਦਾ ਅਧਿਐਨ ਜਾਂ ਉਸ ਦੇ ਕਿਸੇ ਇਕ ਪੱਖ ਬਾਰੇ ਵਿਸ਼ੇਸ਼ਗਤਾ ਉਤੇ ਜ਼ੋਰ ਇਸੇ ਹੀ ਮਾਨਸਿਕਤਾ ਵਿਚੋਂ ਉਪਜੇ ਯਥਾਰਥ ਬਾਰੇ ਅਧੂਰੇ, ਆਂਸ਼ਕ ਅਤੇ ਖੰਡਿਤ ਦ੍ਰਿਸ਼ਟੀਕੋਣ ਦਾ ਹੀ ਨਤੀਜਾ ਹੈ । ਪੂੰਜੀਵਾਦ ਵਿਵਸਥਾ ਦੀ ਸਿਖਰ ਵਿਚ ਬੁਰਜੁਆ ਜਮਾਤੀ ਚੇਤਨਤਾ ਦੇ ਸ਼ਿਕਾਰ ਉਪਰੋਕਤ ਖੰਡਿਤ ਦ੍ਰਿਸ਼ਟੀ ਦੇ ਧਾਰਨੀ ਨਵੀਨ ਆਲੋਚਕ ਸਮਾਜਕ ਵਰਤਾਰੇ ਵਿਚ ਜਿਸ ਵਿਅਕਤਿਕਤਾ ਨੂੰ ਹੰਢਾਉਣ ਲਈ ਮਜਬੂਰ ਹਨ, ਉਸੇ ਵਿਅਕਤਿਕਤਾ-ਆਧਾਰਤ ਖੰਡਿਤ ਦ੍ਰਿਸ਼ਟੀ ਨੂੰ ਅਚੇਤ ਹੀ ਸਾਹਿਤ ਪ੍ਰਤਿ ਵੀ ਆਪਣੀ ਪਹੁੰਚ ਦਾ ਆਧਾਰ ਬਣਾਉਂਦੇ ਹਨ । ਸੰਸਕ੍ਰਿਤਕ ਜਗਤ ਦੀ ਹਰ ਸਿਰਜਨਾ, ਜਿਸ ਵਿਚ ਸਾਹਿਤ ਵੀ ਹੈ, ਦਾ ਅਧਿਐਨ ਉਦੋਂ ਤਕ ਕਦੇ ਵੀ ਸਹੀ ਅਤੇ ਵਿਗਿਆਨਕ ਨਹੀਂ ਹੋ ਸਕਦਾ ਜਦੋਂ ਤਕ ਕੁਦਰਤ, ਸਮਾਜ ਅਤੇ ਵਿਚਾਰ-ਸੰਸਾਰ ਨੂੰ ਇਕ ਦੂਜੇ ਨਾਲ ਸੰਬੰਧਤ, ਇਕ ਦੂਜੇ ਉਤੇ ਨਿਰਭਰ ਅਤੇ ਬੁਨਿਆਦੀ ਤੌਰ 'ਤੇ ਕੁਝ ਇਕ ਸਾਂਝੇ ਨਿਯਮਾਂ ਦੁਆਰਾ ਸੰਚਾਲਿਤ ਹੋਣ ਦੀ ਚੇਤਨਾ ਉਤੇ ਆਧਾਰਤ ਸਮਗਰ ਦ੍ਰਿਸ਼ਟੀਕੋਣ ਤੋਂ ਸਮਝਣ ਦਾ ਯਤਨ ਨਾ ਕੀਤਾ ਜਾਵੇ । ਖੰਡਿਤ ਚੇਤਨਾ ਰਾਹੀਂ ਹਰ ਵਰਤਾਰੇ ਦੀ ਸੁਤੰਤਰ ਅਤੇ ਸਮੂਹਕ ਹੋਂਦ ਨੂੰ ਬਿਲਕੁਲ ਵੱਖ ਵੱਖ ਕਰ ਲੈਣ ਕਾਰਨ 'ਨਵੀਨ ਆਲੋਚਨਾ' ਇਕ ਸਮਗਰ ਦ੍ਰਿਸ਼ਟੀ ਨਹੀਂ ਅਪਣਾ ਸਕੀ । ਨਤੀਜੇ ਵਜੋਂ, ਕਿਸੇ ਵੀ ਵਰਤਾਰੇ ਵਲ ਅਜਿਹੀ ਖੰਡਿਤ ਦ੍ਰਿਸ਼ਟੀ ਉਤੇ ਆਧਾਰਤ ਪਹੁੰਚ ਹਮੇਸ਼ਾਂ ਕੁਝ ਇਕ ਸਾਂਝੀਆਂ ਕਮਜ਼ੋਰੀਆਂ ਦਾ ਸ਼ਿਕਾਰ ਹੁੰਦੀ ਹੈ । ਇਹੋ ਕਾਰਨ ਹੈ ਕਿ ਸਾਹਿਤਕ ਆਲੋਚਨਾ ਦੇ ਖੇਤਰ ਵਿਚ ਵੀ ਆਦਰਸ਼ਵਾਦੀ ਜੀਵਨ-ਦ੍ਰਿਸ਼ਟੀਕੋਣ ਅਤੇ ਬੁਰਜੁਆ ਚੇਤਨਾ ਦੇ ਇਸੇ ਸੁਭਾ ਉਤੇ ਆਧਾਰਿਤ ਕਈ ਇਕ ਆਲੋਚਨਾ-ਪ੍ਰਣਾਲੀਆਂ ਮੋਟੇ ਤੌਰ 'ਤੇ ਇਨ੍ਹਾਂ ਹੀ ਸਾਂਝੀਆਂ ਕਮਜ਼ੋਰੀਆਂ ਦਾ ਸ਼ਿਕਾਰ ਹਨ ।

"ਦਰਖਤਾਂ ਦੀ ਗਿਣਤੀ; ਬਾਗ ਦੇ ਅਨੁਭਵ ਦੀ ਅਣਹੋਂਦ :" ਕੇਵਲ ਇਕ ਇਕੱਲੀ ਕਿਰਤ ਜਾਂ ਨਜ਼ਮ ਦੇ ਪਾਠ ਨੂੰ ਆਲੋਚਨਾ, ਵਿਸ਼ਲੇਸ਼ਣ ਜਾਂ ਮੁੱਲਾਂਕਣ ਦਾ ਆਧਾਰ ਬਣਾ ਲੈਣ ਨਾਲ ਅਜਿਹਾ ਅਧਿਐਨ ਅਨਕਾਂ ਗੰਭੀਰ ਕਮਜ਼ੋਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ । ਪਹਿਲੀ ਗੱਲ ਤਾਂ ਇਹੋ ਕਿ ਇਕ ਇਕੱਲੀ ਨਜ਼ਮ (ਨਵੀਨ ਆਲੋਚਕਾਂ ਦੀ ਸਮੁੱਚੀ ਆਲੋਚਨਾ ਕੇਵਲ ਕਾਵਿ ਦੇ ਖੇਤਰ ਤਕ ਹੀ ਸੀਮਿਤ ਹੈ) ਆਪਣੇ ਆਪ ਵਿਚ ਸਭ ਤੋਂ ਪਹਿਲਾਂ ਕੇਵਲ ਇਕ ਸੁਹਜਾਤਮਕ ਇਕਾਈ ਹੁੰਦੀ ਹੈ । ਉਸ ਦੀ ਹੋਂਦ ਦੀ ਤਤਕਾਲੀ ਸਾਰਥਕਤਾ/ਜਵਾਜ਼ (Immediate Justification) ਉਸ ਦੇ ਸੁਹਜਾਤਮਕ ਇਕਾਈ ਹੋਣ ਵਿਚ ਹੁੰਦੀ ਹੈ । ਪਰੰਤੂ ਨਜ਼ਮ ਦੇ ਅੰਗਾਂ ਦਾ ਨਿਖੇੜਾ ਜਾਂ ਵਿਸ਼ਲੇਸ਼ਣ ਉਸ ਦੇ ਸੁਹਜ ਦੀ ਥਾਂ ਸੁਹਜ-ਸਿਰਜਕ ਅੰਗਾਂ ਜਾਂ ਤੱਤਾਂ ਦਾ ਅਧਿਐਨ ਹੋ ਨਿਬੜਦਾ ਹੈ । ਭਾਵੇਂ ਇਹ ਆਲੋਚਕ ਇਨ੍ਹਾਂ ਤੱਤਾਂ ਦੇ ਅਧਿਐਨ ਤੋਂ ਨਜ਼ਮ ਦੇ ਸਮੁੱਚੇ ਸੁਹਜ ਦੀ ਚੇਤਨਾ ਨੂੰ ਤੀਬਰ, ਸਪਸ਼ਟ ਅਤੇ ਪ੍ਰਭਾਵਸ਼ਾਲੀ ਬਣਾਉਣ ਦਾ ਦਾਅਵਾ ਕਰਦੇ ਹਨ ਪਰੰਤੂ ਅਮਲ ਦੇ ਪੱਧਰ ਉਤੇ ਅਜਿਹਾ ਕਰਨ ਤੋਂ ਉਹ ਅਸਮਰਥ ਰਹੇ ਹਨ, ਕਿਉਂਕਿ ਸੁਹਜਾਤਮਕ ਇਕਾਈ ਵਜੋਂ ਇਕ ਇਕੱਲੀ ਨਜ਼ਮ ਦੀ ਤਤਕਾਲੀ ਸਾਰਥਕਤਾ ਤਾਂ ਉਸ ਤੋਂ ਪ੍ਰਾਪਤ ਹੋਣ ਵਾਲਾ ਸੁਹਜਾਤਮਕ ਆਨੰਦ ਜਾਂ ਅਨੁਭਵ ਹੈ, ਜਿਹੜਾ ਉਸ ਦੇ ਅੰਗਾਂ ਜਾਂ ਅੰਗ-ਨਿਖੇੜ ਤੋਂ ਨਹੀਂ ਸਗੋਂ ਕੇਵਲ ਅੰਗਾਂ ਦੇ ਸਮੁੱਚ ਤੋਂ ਹੀ ਪ੍ਰਾਪਤ ਹੋ ਸਕਦਾ ਹੈ । ਇਸ ਦੇ ਨਾਲ ਹੀ ਸੁਹਜਾਤਮਕ ਆਨੰਦ ਪ੍ਰਾਪਤ ਕਰਨ ਦਾ ਅਮਲ ਜਿਥੇ ਯਥਾਰਥ-ਗ੍ਰਹਿਣ ਦੀ ਅਨੁਭਵੀ (Experiential) ਵਿਧੀ ਨਾਲ ਸੰਬੰਧਿਤ ਹੁੰਦਾ ਹੈ ਉਥੇ ਅੰਗ-ਨਿਖੇੜ ਜਾਂ ਵਿਸ਼ਲੇਸ਼ਣ ਯਥਾਰਥ-ਗ੍ਰਹਿਣ ਦੀ ਵਿਵੇਕਮਈ ਵਿਧੀ ਨਾਲ ਹੀ ਕੀਤਾ ਜਾ ਸਕਦਾ ਹੈ । ਇਸੇ ਲਈ



ਅੰਗ-ਨਿਖੇੜ ਦੇ ਅਮਲ ਵਿਚ ਨਜ਼ਮ ਦੀ ਤਤਕਾਲੀ ਸਾਰਥਕਤਾ ਅਰਥਾਤ ਸੁਹਜਾਤਮਕ ਆਨੰਦ ਦਾ ਖੰਡਿਤ ਜਾਂ ਭੰਗ ਹੋਣਾ ਕੁਦਰਤੀ ਹੈ ਅਤੇ ਜੇ ਤਤਕਾਲੀ ਸਾਰਥਕਤਾ ਅਰਥਾਤ ਸੁਹਜਾਤਮਕ ਅਨੁਭਵ ਪ੍ਰਾਪਤ ਕਰਨਾ ਹੋਵੇ ਤਾਂ ਅੰਗ-ਨਿਖੇੜ ਸੰਭਵ ਹੀ ਨਹੀਂ । ਇਉਂ, ਇਕ ਇਕੱਲੀ ਨਜ਼ਮ ਦੀ ਆਲੋਚਨਾ, ਵਿਸ਼ਲੇਸ਼ਣ ਜਾਂ ਮੁੱਲਾਂਕਣ ਆਪਣੇ ਆਪ ਵਿਚ ਆਲੋਚਨਾ ਦਾ ਕੋਈ ਸਾਰਥਕ, ਸੰਪੂਰਨ ਅਤੇ ਸਹੀ ਮੰਤਵ ਹੋ ਹੀ ਨਹੀਂ ਸਕਦਾ । ਇਸੇ ਲਈ ਨਵੀਨ ਆਲੋਚਕਾਂ ਬਾਰੇ ਆਮ ਇਹ ਕਿਹਾ ਜਾਂਦਾ ਹੈ ਕਿ ਉਹ ਦਰਖ਼ਤਾਂ ਦੀ ਗਿਣਤੀ ਵਿਚ ਉਲਝ ਕੇ ਬਾਗ਼ ਦੀ ਸਮੁੱਚੀ ਹੋਂਦ ਦੇ ਅਨੁਭਵ ਨੂੰ ਗੁਆ ਬੈਠਦੇ ਹਨ । ਉਂਜ ਵੀ, ਇਕ ਨਜ਼ਮ ਦੀ ਹੋਂਦ-ਵਿਧੀ ਦੇ ਨਿਯਮਾਂ ਜਾਂ ਉਸ ਦੇ ਤੱਤਾਂ ਦਾ ਵਿਸ਼ਲੇਸ਼ਣ ਕੇਵਲ ਉਦੋਂ ਹੀ ਸਾਰਥਕ ਹੋ ਸਕਦਾ ਹੈ ਜਦੋਂ ਉਹ ਉਸ ਕਵੀ ਦੀਆਂ ਸਮੁੱਚੀਆਂ ਕਵਿਤਾਵਾਂ ਦੇ ਪ੍ਰਸੰਗ ਵਿਚ ਰਖ ਕੇ ਕੀਤਾ ਗਿਆ ਹੋਵੇ ਜਾਂ ਉਸ ਦੇ ਸਮੁੱਚੇ ਅਧਿਐਨ ਲਈ ਸਾਧਨ ਬਣਾਇਆ ਗਿਆ ਹੋਵੇ । ਇਕ ਸਾਧਨ ਵਜੋਂ ਅਜਿਹਾ ਅਧਿਐਨ ਸਮੁੱਚੀਆਂ ਨਜ਼ਮਾਂ (ਸੰਬੰਧਿਤ ਕਵੀ) ਦੇ ਪ੍ਰਸੰਗ ਵਿਚ ਉਨ੍ਹਾਂ ਪਿਛੇ ਕੰਮ ਕਰ ਰਹੇ ਸੁਹਜ-ਸ਼ਾਸਤ੍ਰ ਜਾਂ ਦ੍ਰਿਸ਼ਟੀ ਨੂੰ ਸਮਝਣ ਲਈ ਆਂਸ਼ਕ ਰੂਪ ਵਿਚ ਤਾਂ ਸਹਾਈ ਹੋ ਸਕਦਾ ਹੈ ਪਰ ਉਸ ਨਜ਼ਮ ਨੂੰ ਇਕ ਸੁਹਜਾਤਮਕ ਇਕਾਈ ਵਜੋਂ ਗ੍ਰਹਿਣ ਕਰਨ ਜਾਂ ਮਾਨਣ ਦੇ ਸਮਰਥ ਨਹੀਂ ਬਣਾਉਂਦਾ । ਇਸੇ ਕਰਕੇ ਇਕ ਨਜ਼ਮ ਦੇ ਪਾਠ ਦਾ ਅਧਿਐਨ ਇਕ ਸਾਧਨ ਤਾਂ ਜ਼ਰੂਰ ਹੈ ਪਰ ਆਪਣੇ ਆਪ ਵਿਚ ਅੰਤਿਮ ਟੀਚਾ (end) ਨਹੀਂ ਹੋ ਸਕਦਾ । ਪਰ ਨਵੀਨ ਆਲੋਚਕਾਂ ਨੇ ਇਸੇ ਨੂੰ ਹੀ ਅੰਤਿਮ ਟੀਚੇ ਵਜੋਂ ਸਥਾਪਿਤ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ ਹੈ ਜਿਸ ਕਾਰਨ ਇਹ ਪ੍ਰਣਾਲੀ ਅਨੇਕਾਂ ਕਮਜ਼ੋਰੀਆਂ ਅਤੇ ਸੀਮਾਵਾਂ ਦਾ ਸ਼ਿਕਾਰ ਬਣੀ ਹੈ ।

ਇਸ ਤੋਂ ਵੀ ਅਧਿਕ ਦੂਸਰਾ ਗੰਭੀਰ ਸਿੱਟਾ ਇਹ ਨਿਕਲਦਾ ਹੈ ਕਿ ਸਮੁੱਚੀਆਂ ਕਵਿਤਾਵਾਂ ਦੇ ਪ੍ਰਸੰਗ ਤੋਂ ਮੁਕਤ ਇਕ ਇਕੱਲੀ ਕਵਿਤਾ ਦਾ ਅਧਿਐਨ ਇਕ ਪਾਸੇ ਤਾਂ ਆਪਣੇ ਆਪ ਵਿਚ ਸੰਪੂਰਨ ਅਧਿਐਨ ਨਹੀਂ ਬਣ ਸਕਦਾ ਅਤੇ ਦੂਜੇ ਪਾਸੇ ਸਮੁੱਚੀਆਂ ਕਵਿਤਾਵਾਂ ਦੇ ਮੁੱਲਾਂਕਣ ਲਈ ਆਪਣੀ ਭੂਮਿਕਾ ਨਿਭਾਉਣ ਤੋਂ ਵੀ ਅਸਮਰਥ ਰਹਿ ਜਾਂਦਾ ਹੈ, ਕਿਉਂਕਿ ਇਕ ਇਕੱਲੀ ਕਵਿਤਾ ਦੀ ਆਪਣੀ ਸੁਤੰਤਰ ਹੋਂਦ ਤੋਂ ਛੁਟ ਉਸੇ ਕਵੀ ਦੀਆਂ ਬਾਕੀਆਂ ਕਵਿਤਾਵਾਂ ਨਾਲ ਉਸ ਦਾ ਵਾਕ-ਵਿਨਿਆਸ-ਕ੍ਰਮਕੀ (Syntagmatic) ਅਤੇ ਸਹਿਚਾਰੀ (Paradigmatic) ਸੰਬੰਧ ਵੀ ਹੁੰਦਾ ਹੈ । ਜਿਵੇਂ ਭਾਸ਼ਾ-ਸੰਸਾਰ ਵਿਚ ਇਕ ਇਕੱਲਾ ਸ਼ਬਦ ਕਿਸੇ ਵਿਸ਼ੇਸ਼ ਨਿਸ਼ਚਿਤ ਅਰਥ ਦਾ ਧਾਰਨੀ ਹੁੰਦਾ ਹੈ, ਪਰ ਜਦੋਂ ਉਹ ਸ਼ਬਦ ਕਿਸੇ ਇਕ ਵਾਕ ਵਿਚ ਵਰਤਿਆ ਜਾਂਦਾ ਹੈ ਤਾਂ ਵਾਕ ਵਿਚ ਉਸ ਸ਼ਬਦ ਦੇ ਅੱਗੇ ਪਿਛੇ ਆਉਣ ਵਾਲੇ ਹੋਰ ਸ਼ਬਦ ਇਸ ਦੇ ਅਰਥਾਂ ਵਿਚ ਢੇਰ ਸਾਰਾ ਪਰੀਵਰਤਨ ਲੈ ਆਉਂਦੇ ਹਨ । ਮਿਸਾਲ ਵਜੋਂ ਇਕੱਲੇ 'ਸ਼ੇਰ' ਸ਼ਬਦ ਦੇ ਅਰਥ ਵਿਸ਼ੇਸ਼ ਜਾਨਵਰ ਤਕ ਸੀਮਿਤ ਹਨ ਪਰ 'ਨੱਥਾ ਸਿੰਘ ਸ਼ੇਰ ਹੈ' ਵਾਕ ਵਿਚ ਇਸ ਸ਼ਬਦ ਦੀ ਸਾਰਥਕਤਾ ਦਾ ਸੁਭਾ ਮੂਲੋਂ ਭਿੰਨ ਹੋ ਜਾਂਦਾ ਹੈ । ਇਸ ਤੋਂ ਵੀ ਅੱਗੇ ਇਹੋ ਸ਼ੇਰ ਸ਼ਬਦ ਆਪਣੇ ਸਹਿਕਾਰੀ ਰਿਸ਼ਤਿਆਂ ਰਾਹੀਂ ਸਾਡੇ ਜ਼ਿਹਨ ਵਿਚ ਹੋਰ ਅਨੇਕਾਂ ਵਿਭਿੰਨ ਅਰਥਾਂ ਨੂੰ ਉਜਾਗਰ ਕਰਨ ਦੀ ਸਮਰਥਾ ਵੀ ਰਖਦਾ ਹੈ । ਬਿਲਕੁਲ ਇਵੇਂ ਹੀ ਇਕੱਲੀ ਨਜ਼ਮ ਦਾ ਅਧਿਐਨ ਵਾਕ ਬਾਹਰੇ ਸ਼ਬਦ ਦੇ ਨਿਸ਼ਚਿਤ ਤੇ ਸੀਮਿਤ ਅਰਥ ਵਾਂਗ ਹੁੰਦਾ ਹੈ । ਜਦੋਂ ਕਿ ਉਸੇ ਕਵੀ ਦੀਆਂ ਸਮੁੱਚੀਆਂ ਕਵਿਤਾਵਾਂ ਦੇ ਪ੍ਰਸੰਗ ਵਿਚ ਉਸ ਨਜ਼ਮ ਦੀ ਸਾਰਥਕਤਾ ਅਤੇ ਉਸ ਦੀ ਹੋਂਦ-ਵਿਧੀ ਦੇ ਸੂਖਮ ਨਿਯਮ, ਵਾਕ ਵਿਚਲੇ ਸ਼ਬਦ ਅਤੇ ਉਸ ਤੋਂ ਵੀ ਅੱਗੇ ਸਹਿਕਾਰੀ ਰਿਸ਼ਤਿਆਂ ਰਾਹੀਂ ਪ੍ਰਗਟ ਹੋਣ ਵਾਲੇ ਅਰਥਾਂ ਵਾਂਗ ਹੀ, ਸਹੀ ਤਰ੍ਹਾਂ ਨਾਲ ਸੰਪੂਰਨਤਾ-

ਸਹਿਤ ਉਘੜਦੇ ਹਨ। ਇਉਂ, ਇਕੱਲੀ ਨਜ਼ਮ ਤਕ ਸੀਮਿਤ ਅਧਿਐਨ ਜਾਂ ਵਿਸ਼ਲੇਸ਼ਣ ਉਸ ਕਿਰਤ ਦੇ ਵਾਕ-ਵਿਨਿਆਸੀ-ਕ੍ਰਮਕੀ ਅਤੇ ਸਹਿਚਾਰੀ ਰਿਸ਼ਤਿਆਂ ਤੋਂ ਉਜਾਗਰ ਹੁੰਦੀ ਸਾਰਥਕਤਾ ਨੂੰ ਗ੍ਰਹਿਣ ਕਰਨ ਤੋਂ ਅਸਮਰਥ ਹੁੰਦਾ ਹੈ। ਇਸੇ ਕਾਰਨ ਇਕ ਪਾਸੇ ਤਾਂ ਸਮੁੱਚੀਆਂ ਨਜ਼ਮਾਂ ਦੇ ਪ੍ਰਸੰਗ ਵਿਚ ਉਸ ਨਜ਼ਮ ਦੇ ਉਘਾੜਨ ਵਾਲੇ ਪੱਖ ਅਤੇ ਤੱਤ ਇਸ ਤਰ੍ਹਾਂ ਦੇ ਅਧਿਐਨ ਦਾ ਅੰਗ ਨਹੀਂ ਬਣ ਸਕਦੇ ਜਿਸ ਕਰਕੇ ਇਹ ਸੰਪੂਰਨ ਦੀ ਥਾਂ ਇਕ-ਪੱਖੀ ਜਾਂ ਅਧੂਰਾ ਅਧਿਐਨ ਰਹਿ ਜਾਂਦਾ ਹੈ। ਦੂਜੇ ਪਾਸੇ, ਸਮੁੱਚੀਆਂ ਨਜ਼ਮਾਂ ਤੋਂ ਉਘੜਦੇ ਨਿਯਮ ਜਾਂ ਪੱਖ ਆਦਿ ਦਾ ਅਧਿਐਨ ਉਸ ਨਜ਼ਮ ਤੋਂ ਵਾਂਝਿਆਂ ਰਹਿਣ ਕਾਰਨ ਕਈ ਇਕ ਮਹੱਤਵਪੂਰਨ ਨੁਕਤਿਆਂ ਨੂੰ ਅਣਗੌਲਿਆਂ ਛੱਡ ਸਕਦਾ ਹੈ, ਕਿਉਂਕਿ ਇਕ ਕਵੀ ਦੀ ਰੂਪ-ਸਿਰਜਨਾ ਦਾ ਅਮਲ ਉਸ ਦੀਆਂ ਵੱਖ ਵੱਖ ਕਵਿਤਾਵਾਂ ਵਿਚ ਹੀ ਆਪਣੇ ਵੱਖ ਵੱਖ ਪੱਖਾਂ ਅਤੇ ਤੱਤਾਂ ਨੂੰ ਪ੍ਰਗਟ ਕਰ ਰਿਹਾ ਹੁੰਦਾ ਹੈ। ਇਸ ਲਈ ਕਿਸੇ ਇਕ ਕਵੀ ਦੀ ਸਮੁੱਚੀ ਰੂਪ-ਸਿਰਜਨਾ ਦੇ ਅਮਲ, ਵਿਧੀ ਅਤੇ ਨਿਯਮ ਉਸ ਦੀਆਂ ਸਮੁੱਚੀਆਂ ਕਵਿਤਾਵਾਂ ਦੇ ਸਾਂਝੇ ਅਤੇ ਸਮੂਹਕ ਅਧਿਐਨ ਤੋਂ ਹੀ ਸੰਪੂਰਨ ਅਤੇ ਵਿਗਿਆਨਕ ਢੰਗ ਨਾਲ ਸਮਝੇ ਜਾ ਸਕਦੇ ਹਨ। ਦੂਜੇ ਸ਼ਬਦਾਂ ਵਿਚ, ਇਕੱਲੀ ਨਜ਼ਮ ਦਾ ਅਧਿਐਨ ਨਾ ਤਾਂ ਆਪ ਸੰਪੂਰਨ ਅਤੇ ਵਿਗਿਆਨਕ ਬਣ ਸਕਦਾ ਹੈ ਅਤੇ ਨਾ ਹੀ ਸਮੁੱਚੀਆਂ ਕਵਿਤਾਵਾਂ ਦੇ ਅਧਿਐਨ ਲਈ ਆਪਣੀ ਕੋਈ ਸਾਰਥਕ ਭੂਮਿਕਾ ਨਿਭਾ ਸਕਦਾ ਹੈ।

ਇਕੱਲੀ ਕਿਰਤ ਦੇ ਪ੍ਰਸੰਗ ਮੁਕਤ ਪਾਠਗਤ ਅਧਿਐਨ ਅਤੇ ਵਿਸ਼ਲੇਸ਼ਣ ਉਤੇ ਹੀ ਆਪਣਾ ਸਾਰਾ ਧਿਆਨ ਕੇਂਦ੍ਰਿਤ ਕਰਨ ਕਾਰਨ ਇਹ ਪ੍ਰਣਾਲੀ ਅੰਤਿਮ ਤੌਰ 'ਤੇ ਸਾਹਿਤਕ ਕਿਰਤ ਦਾ ਕੇਵਲ ਰੂਪਗਤ ਅਧਿਐਨ ਹੀ ਹੋ ਨਿਬੜਦੀ ਹੈ। ਭਾਵੇਂ ਸਿਧਾਂਤ ਦੇ ਪੱਧਰ 'ਤੇ ਇਹ ਆਲੋਚਕ ਰੂਪ ਅਤੇ ਵਸਤੂ ਨੂੰ ਅਵੰਡ ਅਤੇ ਅਖੰਡ ਮੰਨਦਿਆਂ ਸਾਹਿਤਕ ਕਿਰਤ ਦੇ ਅਧਿਐਨ ਦਾ ਦਾਅਵਾ ਕਰਦੇ ਹਨ, ਪਰੰਤੂ ਉਨ੍ਹਾਂ ਦੀਆਂ ਆਲੋਚਨਾਤਮਕ ਕਿਰਤਾਂ ਅਤੇ ਬਹੁਤ ਵਾਰ ਸਿਧਾਂਤਕ ਬਿਆਨ, ਸਪਸ਼ਟ ਤੌਰ 'ਤੇ ਉਨ੍ਹਾਂ ਦੀ ਸਮੁੱਚੀ ਆਲੋਚਨਾ ਨੂੰ ਰੂਪਗਤ ਅਧਿਐਨ ਤਕ ਹੀ ਸੀਮਤ ਕਰ ਦੇਂਦੇ ਹਨ। ਇਕ ਅੱਧ ਨੂੰ ਛੱਡ ਕੇ ਇਨ੍ਹਾਂ ਵਿਚੋਂ ਕੋਈ ਵੀ ਆਲੋਚਕ ਮਨੁਖੀ ਕੀਮਤਾਂ, ਅਨੁਭਵ ਜਾਂ ਵਿਚਾਰਾਤਮਕ ਪੱਧਰ 'ਤੇ ਸਾਹਿਤਕ ਕਿਰਤ ਦੀ ਕੋਈ ਸਾਰਥਕਤਾ ਸਵੀਕਾਰ ਕਰਨ ਨੂੰ ਤਿਆਰ ਨਹੀਂ। ਉਨ੍ਹਾਂ ਲਈ ਕਲਾ ਦਾ ਪ੍ਰਯੋਜਨ ਕੇਵਲ ਸੁਹਜਾਤਮਕ ਹੈ ਅਤੇ ਇਸ ਲਈ ਉਸ ਦੀ ਹੋਂਦ-ਵਿਧੀ ਅਤੇ ਇਸ ਦੇ ਅਧਿਐਨ ਦੇ ਟੀਚੇ ਵੀ ਕੇਵਲ ਸੁਹਜ-ਸਿਰਜਕ ਤੱਤਾਂ ਦੇ ਨਿਖੇੜੇ ਤਕ ਹੀ ਸੀਮਤ ਹੋਣੇ ਜ਼ਰੂਰੀ ਹਨ। ਕਾਵਿ ਦੇ ਨਿਰੋਲ ਅਸਤਿਤ੍ਵ-ਸ਼ਾਸਤ੍ਰ ਨੂੰ ਹੀ ਉਹ ਆਲੋਚਨਾ ਦਾ ਇਕੋ ਇਕ ਮੰਤਵ ਮੰਨਦੇ ਹਨ। ਨਤੀਜੇ ਵਜੋਂ, ਕਾਵਿ ਦੀ ਹੋਂਦ-ਵਿਧੀ ਦੇ ਕਿਸੇ ਇਕ ਪ੍ਰਮੁਖ ਤੱਤ (ਜਿਵੇਂ, ਬਣਤਰ, ਵਿਰੋਧਾਭਾਸ, ਤਣਾਓ, ਜੈਸਚਰ ਆਦਿ) ਨੂੰ ਕੇਂਦਰੀ ਮੰਨ ਕੇ ਉਸੇ ਆਧਾਰ 'ਤੇ ਕਾਵਿ-ਕਿਰਤਾਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕੇਵਲ ਰੂਪਗਤ ਅਧਿਐਨ ਹੀ ਬਣ ਜਾਂਦਾ ਹੈ। ਆਦਰਸ਼ਵਾਦੀ ਚਿੰਤਨ ਦੇ ਅਚੇਤ ਪ੍ਰਭਾਵ ਅਧੀਨ ਉਹ ਰੂਪ ਅਤੇ ਵਸਤੂ ਦੀ ਦ੍ਵੈਤ ਨੂੰ ਸਵੀਕਾਰ ਤਾਂ ਕਰ ਲੈਂਦੇ ਹਨ, ਪਰੰਤੂ ਸੁਹਜਾਤਮਕ ਰੂਪ-ਸਿਰਜਨਾ ਵਿਚ ਵਸਤੂ ਦੇ ਸੁਭਾ ਦੀ ਕੀ ਭੂਮਿਕਾ ਹੈ ਜਾਂ ਰੂਪ ਅਤੇ ਵਸਤੂ ਦੇ ਆਪਸੀ ਡਾਇਲੈਕਟੀਕਲ ਰਿਸ਼ਤੇ ਵਿਚ ਇਹ ਦੋਵੇਂ ਇਕ ਦੂਜੇ ਦੀ ਹੋਂਦ-ਵਿਧੀ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ—ਇਸ ਨਿਖੇੜੇ ਨਾਲ ਇਨ੍ਹਾਂ ਆਲੋਚਕਾਂ ਨੇ ਆਪਣਾ ਕੋਈ ਸਰੋਕਾਰ ਨਹੀਂ ਰਖਿਆ। ਇਉਂ, ਰੂਪ-ਸਿਰਜਨਾ ਵਿਚ ਵਸਤੂ ਦੇ ਫੈਸਲਾਕੁਨ ਰੋਲ ਨੂੰ ਅਧਿਐਨ ਦਾ ਵਿਸ਼ਾ ਨਾ ਬਣਾਉਣ ਕਰਕੇ ਕੇਵਲ ਕਿਰਤ ਦੇ ਪਾਠ ਦਾ ਰੂਪ-ਗਤ ਅੰਗ-ਨਿਖੇੜ ਦਾ, ਅੰਤਿਮ ਰੂਪ ਵਿਚ, ਰੂਪਵਾਦੀ ਅਧਿਐਨ ਬਣ ਕੇ ਰਹਿ ਜਾਣਾ ਸੁਭਾਵਕ ਹੈ। ਇਸ ਦੇ ਨਾਲ ਹੀ, ਇਹ ਰੂਪਵਾਦੀ ਅਧਿਐਨ ਅਧੂਰਾ ਅਤੇ ਅਵਿਗਿਆਨਕ ਵੀ ਹੋ ਜਾਂਦਾ ਹੈ,



ਕਿਉਂਕਿ ਅਜਿਹੇ ਅਧਿਐਨ ਵਿਚ ਵਸਤੂ ਦੁਆਰਾ ਰੂਪ ਦੀ ਹੋਂਦ-ਵਿਧੀ ਨੂੰ ਸਿਰਜਨ ਵਿਚ ਨਿਭਾਈ ਗਈ ਭੂਮਿਕਾ ਨੂੰ ਬਿਲਕੁਲ ਅਖੋਂ ਪਰੋਖੇ ਕਰ ਦਿਤਾ ਗਿਆ ਹੁੰਦਾ ਹੈ। ਇਉਂ, ਅਧੂਰਾ ਅਤੇ ਅਵਿਗਿਆਨਕ ਰੂਪਵਾਦ ਇਸ ਪ੍ਰਣਾਲੀ ਦੀ ਗੰਭੀਰ ਸੀਮਾ ਅਤੇ ਕਮਜ਼ੋਰੀ ਹੈ।

'ਸਰਲ ਅਰਥ' ਤੇ 'ਅਸਲ ਅਰਥ' ਦਾ ਰਿਸ਼ਤਾ : 'ਨਵੀਨ ਆਲੋਚਨਾ' ਦੇ ਮੁਖ ਰੂਪ ਵਿਚ ਕੇਵਲ ਰੂਪ ਦੇ ਅਧਿਐਨ ਤਕ ਸੀਮਿਤ ਹੋਣ ਦਾ ਇਕ ਹੋਰ ਪ੍ਰਮਾਣ ਅਤੇ, ਨਤੀਜੇ ਵਜੋਂ, ਅਗੋਂ ਇਸ ਦੀ ਇਕ ਹੋਰ ਗੰਭੀਰ ਕਮਜ਼ੋਰੀ ਇਸ ਰਾਹੀਂ ਕਵਿਤਾ ਦੇ 'ਸਰਲ ਅਰਥ' ਅਤੇ ਉਸ ਦੇ 'ਅਸਲ ਅਰਥ' ਦੀ ਡਾਇਲੈਕਟਿਕਸ ਨੂੰ ਵਿਗਿਆਨਕ ਢੰਗ ਨਾਲ ਨਾ ਗ੍ਰਹਿਣ ਕਰ ਸਕਣਾ ਹੈ। ਮਨੋਵਿਗਿਆਨਕ, ਮਾਨਵਵਾਦੀ, ਇਤਿਹਾਸਵਾਦੀ ਆਦਿ ਆਲੋਚਨਾ-ਪ੍ਰਣਾਲੀਆਂ, ਜਿਹੜੀਆਂ ਕਵਿਤਾ ਦੇ ਅਧਿਐਨ ਵਿਚ ਕੇਵਲ ਸਰਲ ਅਰਥ ਨੂੰ ਹੀ ਕੇਂਦਰੀ ਨੁਕਤਾ ਸਵੀਕਾਰ ਕਰਦੀਆਂ ਹਨ, ਦੇ ਵਿਰੋਧ ਵਿਚ 'ਨਵੀਨ ਆਲੋਚਨਾ' ਨੇ 'ਸਰਲ ਅਰਥ' ਦੇ ਸੰਪੂਰਨ ਤਿਆਗ ਉਤੇ ਬਹੁਤ ਜ਼ੋਰ ਦਿਤਾ ਹੈ। ਜੇ.ਸੀ.ਰੈਨਸਮ ਅਤੇ ਕਲਿੰਥ ਬਰੁਕਸ ਨੇ ਵਿਸ਼ੇਸ਼ ਰੂਪ ਵਿਚ ਇਹ ਗੱਲ ਸਥਾਪਤ ਕਰਨ ਦਾ ਭਰਪੂਰ ਯਤਨ ਕੀਤਾ ਹੈ ਕਿ ਕਿਸੇ ਕਿਰਤ ਦੇ ਅਧਿਐਨ ਜਾਂ ਵਿਸ਼ਲੇਸ਼ਣ ਲਈ ਉਸ ਦੇ 'ਸਰਲ ਅਰਥ' ਦਾ ਕੋਈ ਮਹੱਤਵ ਜਾਂ ਸਥਾਨ ਨਹੀਂ, ਕਿਉਂਕਿ ਕਵਿਤਾ ਦੀ ਹੋਂਦ-ਵਿਧੀ ਦੇ ਮੂਲ ਨਿਯਮ ਉਸ ਦੇ 'ਸਰਲ ਅਰਥ' ਵਿਚ ਨਹੀਂ, ਸਗੋਂ ਹੋਰ ਕਿਤੇ ਹੁੰਦੇ ਹਨ। ਇਉਂ, 'ਸਰਲ ਅਰਥ' ਨੂੰ ਹੀ ਆਲੋਚਨਾ ਦਾ ਕੇਂਦਰੀ ਆਧਾਰ ਬਣਾਉਣ ਦੀ ਗ਼ਲਤੀ ਕਰਨ ਵਾਲੀਆਂ ਆਲੋਚਨਾ-ਪ੍ਰਣਾਲੀਆਂ ਦੇ ਉਲਟ 'ਨਵੀਨ ਆਲੋਚਨਾ' 'ਸਰਲ ਅਰਥ' ਦੇ ਸੰਪੂਰਨ ਤਿਆਗ ਦੀ ਉਨੀ ਹੀ ਭਿਅੰਕਰ ਗ਼ਲਤੀ ਦਾ ਸ਼ਿਕਾਰ ਹੋ ਬੈਠਦੀ ਹੈ, ਕਿਉਂਕਿ, ਨਾ ਤਾਂ 'ਸਰਲ ਅਰਥ' ਹੀ ਕਵਿਤਾ ਦੀ ਹੋਂਦ-ਵਿਧੀ ਦਾ ਮੂਲ ਤੱਤ ਹੈ ਅਤੇ ਨਾ ਹੀ ਇਹ ਕੋਈ ਇਸ ਦਾ ਮੂਲੋਂ ਬੇਲੋੜਾ, ਵਾਧੂ ਅਤੇ ਬੇਮਤਲਬ ਅੰਗ ਹੁੰਦਾ ਹੈ। 'ਸਰਲ ਅਰਥ' ਤਾਂ ਸਗੋਂ ਕਵਿਤਾ ਦੀ ਹੋਂਦ-ਵਿਧੀ ਦਾ ਉਹ ਬਾਹਰਲਾ ਖੋਲ ਹੈ ਜਿਹੜਾ 'ਅਸਲ ਅਰਥ' ਨੂੰ ਕਲਾਤਮਕ ਜਾਂ ਕਾਵਿਕ ਬਿੰਬ ਵਜੋਂ ਸਥਿਤ ਕਰਨ ਵਿਚ ਮਹੱਤਵਪੂਰਨ ਨਿਰਣਾਇਕ ਭੂਮਿਕਾ ਨਿਭਾਉਂਦਾ ਹੈ। ਕਵਿਤਾ ਵਿਚਲੇ ਮੁਖ ਕਲਾਤਮਕ ਬਿੰਬ, ਜਿਸ ਵਿਚ ਕਵਿਤਾ ਦਾ 'ਅਸਲ ਅਰਥ' ਅਤੇ ਉਸ ਦੀ ਹੋਂਦ-ਵਿਧੀ ਦੇ ਆਧਾਰ ਅਤੇ ਨਿਯਮ ਹੁੰਦੇ ਹਨ, ਦੀ ਸਿਰਜਨਾ ਵਿਚ 'ਸਰਲ ਅਰਥ' ਉਹੋ ਰੋਲ ਅਦਾ ਕਰਦਾ ਹੈ ਜਿਹੜਾ ਅਸੀਂ ਰੂਪ ਅਤੇ ਵਸਤੂ ਦੇ ਆਪਸੀ ਸੰਬੰਧਾਂ ਵਿਚ ਵਸਤੂ ਦੀ ਕਲਾਤਮਕ ਘਾੜਤ ਵਿਚ ਰੂਪ ਦਾ ਮੰਨਦੇ ਹਾਂ। ਇਉਂ, ਰੂਪ ਅਤੇ ਵਸਤੂ ਵਾਂਗ ਹੀ 'ਸਰਲ ਅਰਥ' ਅਤੇ 'ਅਸਲ ਅਰਥ' ਦਾ ਆਪਸੀ ਦੁਅੰਦਾਤਮਕ ਰਿਸ਼ਤਾ ਹੁੰਦਾ ਹੈ ਜਿਸ ਵਿਚ ਦੋਵੇਂ ਇਕ ਦੂਜੇ ਨੂੰ ਢਾਲਣ ਅਤੇ ਇਕ ਦੂਜੇ ਦੀ ਹੋਂਦ-ਵਿਧੀ ਦੀ ਸਿਰਜਨਾ ਵਿਚ ਇਕ ਦੂਜੇ ਉਤੇ ਮੋੜਵੇਂ ਪ੍ਰਭਾਵ ਪਾਉਂਦੇ ਹਨ। ਇਕ ਤਰ੍ਹਾਂ ਨਾਲ 'ਸਰਲ ਅਰਥ' ਕਵਿਤਾ ਵਿਚਲੀ ਅਕਾਵਿਕ ਵਸਤੂ ਹੁੰਦੀ ਹੈ ਪਰ ਇਹ ਕਾਵਿਕ ਵਸਤੂ ਦੀ ਸਿਰਜਨਾ ਦਾ ਮੁਹਾਵਰਾ ਜਾਂ ਉਸ ਦਾ ਪਰਉਸਾਰ ਹੁੰਦੀ ਹੈ ਜਿਸ ਤੋਂ ਬਿਨਾਂ ਕਵਿਤਾ ਵਿਚਲੇ ਕਵਿਤ੍ਵ ਨੂੰ ਸਿਰਜਿਆ ਹੀ ਨਹੀਂ ਜਾ ਸਕਦਾ। ਨਤੀਜੇ ਵਜੋਂ, 'ਸਰਲ ਅਰਥ' ਤੋਂ ਬਿਨਾਂ ਕਵਿਤਾ ਦੇ ਅਸਲੇ, ਉਸ ਦੀ ਹੋਂਦ-ਵਿਧੀ ਦੇ ਫੈਸਲਾਕੁਨ ਅੰਗਾਂ, ਬੁਨਿਆਦੀ ਨਿਯਮਾਂ, ਅਤੇ ਉਸ ਦੇ ਅਸਲ ਅਰਥਾਂ ਦਾ ਕਦੇ ਵੀ ਸੰਪੂਰਨ ਅਤੇ ਵਿਗਿਆਨਕ ਅਧਿਐਨ ਜਾਂ ਵਿਸ਼ਲੇਸ਼ਣ ਹੋ ਹੀ ਨਹੀਂ ਸਕਦਾ। ਪਰ 'ਨਵੀਨ ਆਲੋਚਨਾ' ਇਸ ਮਹੱਤਵਪੂਰਣ ਨੁਕਤੇ ਨੂੰ ਆਪਣੇ ਕਾਵਿ-ਸਿਧਾਂਤਾਂ ਦਾ ਆਧਾਰ ਨਹੀਂ ਬਣਾ ਸਕੀ।

ਗਿਆਨਾਂ ਦਾ ਫਰਕ ਤੇ ਸਾਂਝ : ਕਲਾ ਜਾਂ ਸਾਹਿਤ ਅਤੇ ਵਿਗਿਆਨ ਤੋਂ ਪ੍ਰਾਪਤ ਹੋਣ ਵਾਲੇ ਗਿਆਨ ਦੇ ਸੁਭਾਵਾਂ ਦਾ ਨਿਖੇੜਾ ਕਰਨਾ ਅਤੇ ਕਲਾ ਤੋਂ ਪ੍ਰਾਪਤ ਹੋਣ ਵਾਲੇ ਗਿਆਨ ਨੂੰ ਵਿਗਿਆਨ

ਦੇ ਗਿਆਨ ਤੋਂ ਗੁਣਾਤਮਕ ਤੌਰ 'ਤੇ ਵਧ ਸੰਪੂਰਨ ਅਤੇ ਉਤਮ ਸਿੱਧ ਕਰਨਾ ਨਵੀਨ ਆਲੋਚਕਾਂ ਦੇ ਕਾਵਿ-ਸਿਧਾਂਤਾਂ ਦਾ ਇਕ ਹੋਰ ਕੇਂਦਰੀ ਨੁਕਤਾ ਹੈ ਜਿਸ ਸੰਬੰਧੀ ਵੀ ਉਨ੍ਹਾਂ ਦਾ ਦ੍ਰਿਸ਼ਟੀਕੋਣ ਸੰਤੁਲਿਤ ਨਹੀਂ। ਕਲਾ, ਵਿਸ਼ੇਸ਼ ਕਰਕੇ ਸਾਹਿਤ/ਕਾਵਿ ਦੇ ਗਿਆਨ ਦਾ ਸੁਭਾ ਵਿਗਿਆਨ ਤੋਂ ਪ੍ਰਪਤ ਹੋਣ ਵਾਲੇ ਗਿਆਨ ਤੋਂ ਗੁਣਾਤਮਕ ਤੌਰ 'ਤੇ ਭਿੰਨ ਹੋਣਾ ਜ਼ਰੂਰੀ ਹੈ ਕਿਉਂਕਿ ਦੋਵਾਂ ਵਿਚ ਗਿਆਨ-ਗ੍ਰਹਿਣ ਦੀਆਂ ਮੂਲੋਂ ਭਿੰਨ ਵਿਧੀਆਂ ਕਾਰਜਸ਼ੀਲ ਹੁੰਦੀਆਂ ਹਨ। ਪਰੰਤੂ ਇਨ੍ਹਾਂ ਵਿਚੋਂ ਕਿਸੇ ਇਕ ਨੂੰ ਅਧਿਕ ਉੱਤਮ, ਸਾਰਥਕ, ਜਾਂ ਸੰਪੂਰਨ ਕਹਿਣਾ ਤਰਕਸੰਗਤ ਨਹੀਂ। ਵਾਸਤਵ ਵਿਚ, ਮਨੁੱਖੀ ਸਭਿਅਤਾ ਦੇ ਨਿਰੰਤਰ ਗਗਨਮੁਖੀ ਵਿਕਾਸ ਵਿਚ ਦੋਵੇਂ ਇਕ ਦੂਜੇ ਦੇ ਪੂਰਕ ਰਹੇ ਹਨ ਅਤੇ ਆਪਣੇ ਆਪਣੇ ਖੇਤਰ ਵਿਚ ਇਨ੍ਹਾਂ ਦੀ ਵੱਖੋ ਵੱਖਰੀ ਇਕੋ ਜਿੰਨੀ ਮਹੱਤਾ ਅਤੇ ਸਾਰਥਕਤਾ ਹੈ। ਵਿਗਿਆਨ ਜਿਥੇ ਯਥਾਰਥ ਦਾ ਬਾਹਰਮੁਖੀ ਤਰਕ-ਆਧਾਰਤ ਗਿਆਨ ਹੈ ਉਥੇ ਸਾਹਿਤ ਜਾਂ ਕਲਾ ਦਾ ਗਿਆਨ, ਯਥਾਰਥ ਦਾ ਅਨੁਭਵੀ (Experiantial) ਗਿਆਨ ਹੈ। ਮਨੁਖਤਾ ਦੇ ਸਮੂਹਕ ਅਤੇ ਮਨੁਖ ਦੇ ਵਿਅਕਤੀਗਤ ਵਿਕਾਸ ਲਈ ਦੋਵੇਂ ਬੁਨਿਆਦੀ ਮਹੱਤਵਪੂਰਣ ਰੋਲ ਅਦਾ ਕਰਦੇ ਹਨ। ਇਸੇ ਲਈ ਇਨ੍ਹਾਂ ਨੂੰ ਇਕ ਦੂਜੇ ਦੇ ਪੂਰਕ ਵਜੋਂ ਸਮਝਣਾ ਹੀ ਤਰਕਸੰਗਤ ਹੋ ਸਕਦਾ ਹੈ। ਇਨ੍ਹਾਂ ਦੀ ਇਕ ਦੂਜੇ ਤੋਂ ਵੱਧ ਮਹੱਤਾ, ਸਾਰਥਕਤਾ ਜਾਂ ਉੱਤਮਤਾ ਦੀ ਤੁਲਨਾ ਕਰਨਾ ਮੂਲੋਂ ਨਿਰਾਰਥਕ ਅਤੇ ਗ਼ਲਤ ਪ੍ਰਸ਼ਨ ਖੜਾ ਕਰਨਾ ਹੈ। ਇਕ ਦੂਜੇ ਦੇ ਪੂਰਕ ਸਵੀਕਾਰ ਕਰਨ ਦੀ ਥਾਂ ਕਿਸੇ ਇਕ ਨੂੰ ਅਧਿਕ ਉੱਤਮ, ਸੰਪੂਰਨ, ਜਾਂ ਉਪਯੋਗੀ (ਜਿਵੇਂ ਨਵੀਨ ਆਲੋਚਕਾਂ ਨੇ ਸਥਾਪਿਤ ਕਰਨ ਦਾ ਯਤਨ ਕੀਤਾ ਹੈ) ਮੰਨ ਲੈਣ ਨਾਲ ਸਾਹਿਤ ਸੰਬੰਧੀ ਸਮੁੱਚੀ ਪਹੁੰਚ ਇਕ-ਪੱਖੀ ਅਤੇ ਉਲਾਰੂ ਹੋ ਜਾਣੀ ਸੁਭਾਵਕ ਹੈ ਜਿਸ ਤੋਂ ਨਵੀਨ ਆਲੋਚਕ ਆਪਣੇ ਆਪ ਨੂੰ ਬਚਾ ਨਹੀਂ ਸਕੇ।

ਜੇ ਇਹ ਮੰਨ ਵੀ ਲਿਆ ਜਾਵੇ ਕਿ ਕਲਾ ਦਾ ਗਿਆਨ, ਵਿਗਿਆਨ ਤੋਂ ਪ੍ਰਾਪਤ ਹੋਣ ਵਾਲੇ ਗਿਆਨ ਤੋਂ ਅਧਿਕ ਸੰਪੂਰਨ, ਉਪਯੋਗੀ ਅਤੇ ਉਤਮ ਹੈ ਤਾਂ ਵੀ ਨਵੀਨ ਆਲੋਚਕਾਂ ਨੇ ਜਿਨ੍ਹਾਂ ਸਾਹਿਤਕ ਕਿਰਤਾਂ ਨੂੰ ਆਲੋਚਨਾ ਦਾ ਆਧਾਰ ਬਣਾਇਆ ਹੈ ਉਨ੍ਹਾਂ ਤੋਂ ਪ੍ਰਾਪਤ ਹੋਣ ਵਾਲੇ ਅਜਿਹੇ ਸੰਪੂਰਨ ਜਾਂ ਉਤਮ ਗਿਆਨ ਨੂੰ ਆਪਣੇ ਅਧਿਐਨ ਦਾ ਵਿਸ਼ਾ ਨਹੀਂ ਬਣਾਇਆ। ਕਿਉਂਕਿ, ਜਿਹਾ ਕਿ ਉਪਰ ਸਪਸ਼ਟ ਕੀਤਾ ਜਾ ਚੁਕਾ ਹੈ, ਇਨ੍ਹਾਂ ਆਲੋਚਕਾਂ ਦਾ ਇਕੋ ਇਕ ਉਦੇਸ਼ ਸਾਹਿਤਕ ਕਿਰਤ ਨੂੰ ਹਰ ਪ੍ਰਸੰਗ, ਪ੍ਰਯੋਜਨ ਅਤੇ ਮਨੁਖੀ ਕੀਮਤ ਤੋਂ ਮੁਕਤ ਕਰ ਕੇ ਕੇਵਲ ਉਸ ਦੀ ਹੋਂਦ-ਵਿਧੀ ਦੇ ਨਿਯਮਾਂ ਜਾਂ ਅੰਗਾਂ ਦਾ ਅਧਿਐਨ ਕਰਨਾ ਹੈ। ਇਸੇ ਕਰਕੇ ਉਨ੍ਹਾਂ ਨੇ ਜੇ ਕਥਨ ਦੇ ਪੱਧਰ 'ਤੇ ਕਾਵਿ-ਕਿਰਤ ਜਾਂ ਕਲਾ ਤੋਂ ਕਿਸੇ ਉਚੇਰੇ ਗਿਆਨ ਦੀ ਪ੍ਰਾਪਤੀ ਮੰਨੀ ਵੀ ਹੈ ਤਾਂ ਵੀ ਸਾਹਿਤਕ ਆਲੋਚਨਾ ਦੇ ਅਸਲੀ ਖੇਤਰ ਵਿਚ ਉਨ੍ਹਾਂ ਨੇ ਇਸ ਪੱਖ ਨੂੰ ਬਿਲਕੁਲ ਅਣਗੌਲਿਆ ਰਹਿਣ ਦਿਤਾ ਹੈ। ਇਸ ਕਰਕੇ ਅਤੇ ਉਪਰ ਦਸੀਆਂ ਕਮਜ਼ੋਰੀਆਂ ਦੇ ਆਧਾਰ 'ਤੇ ਹੀ 'ਨਵੀਨ ਆਲੋਚਨਾ' ਨੂੰ ਮੁਖ ਰੂਪ ਵਿਚ ਕੇਵਲ ਵਿਵਹਾਰਕ ਆਲੋਚਨਾ (Practical criticism) ਹੀ ਸਵੀਕਾਰ ਕੀਤਾ ਜਾ ਸਕਦਾ ਹੈ, ਅਸਲ ਅਰਥਾਂ ਵਿਚ ਸ਼ੁਧ ਸਾਹਿਤਕ ਆਲੋਚਨਾ ਨਹੀਂ।

ਮਨੁਖੀ ਕਦਰਾਂ ਕੀਮਤਾਂ ਨਾਲੋਂ ਤੋੜ ਵਿਛੋੜਾ : ਇਵੇਂ ਹੀ, ਜੇ ਗਹੁ ਨਾਲ ਇਨ੍ਹਾਂ ਆਲੋਚਕਾਂ ਦੇ ਸਿਧਾਂਤਾਂ ਅਤੇ ਉਨ੍ਹਾਂ ਰਾਹੀਂ ਕਾਵਿ-ਕਿਰਤਾਂ ਦੇ ਕੀਤੇ ਗਏ ਵਿਸ਼ਲੇਸ਼ਣ ਦਾ ਸੂਖਮ ਨਿਰੀਖਣ ਕੀਤਾ ਜਾਵੇ ਤਾਂ ਇਸ ਪ੍ਰਣਾਲੀ ਦੀ ਇਕ ਹੋਰ ਬੁਨਿਆਦੀ ਕਮਜ਼ੋਰੀ ਇਹ ਸਪਸ਼ਟ ਹੁੰਦੀ ਹੈ ਕਿ ਕੇਵਲ ਇਕ ਨਜ਼ਮ ਦੇ ਵਿਸ਼ਲੇਸ਼ਣ ਵਿਚ ਤਾਂ ਇਹ ਵਿਧੀ ਕੁਝ ਸਹਾਈ ਹੁੰਦੀ ਹੈ ਪਰ ਕਿਸੇ ਕਵੀ ਦੀਆਂ ਸਮੁੱਚੀਆਂ ਨਜ਼ਮਾਂ, ਉਸ ਕਵੀ ਦੀ ਸਾਹਿਤਕ ਪਰੰਪਰਾ ਵਿਚ ਮੌਲਿਕਤਾ, ਦੇਣ, ਸਥਾਨ ਦੇ ਨਾਲ ਨਾਲ



ਕਿਸੇ ਸਾਹਿਤਕ ਪ੍ਰਵ੍ਰਿਤੀ ਅਤੇ ਸਾਹਿਤ-ਇਤਿਹਾਸ ਦੀ ਨਿਰੰਤਰ ਧਾਰਾ ਆਦਿ ਦੇ ਅਧਿਐਨ ਬਾਰੇ ਫ਼ੈਸਲਾਕੁਨ ਪ੍ਰਸ਼ਨਾਂ ਨਾਲ ਇਸ ਸਮੁੱਚੀ ਪ੍ਰਣਾਲੀ ਦਾ ਕੋਈ ਵਾਸਤਾ ਹੀ ਨਹੀਂ। ਜਿਵੇਂ ਉਪਰ ਸੰਕੇਤ ਕੀਤਾ ਗਿਆ ਹੈ ਕਿ ਜੇ ਕਿਸੇ ਇਕ ਨਜ਼ਮ ਦੀ ਹੋਂਦ-ਵਿਧੀ ਦਾ ਬਾਹਰਮੁਖੀ ਅਤੇ ਕਿਸੇ ਹੱਦ ਤਕ ਵਿਗਿਆਨਕ ਅਧਿਐਨ ਕਰ ਵੀ ਲਿਆ ਜਾਵੇ ਤਾਂ ਵੀ ਅਜਿਹਾ ਯਤਨ ਆਪਣੇ ਆਪ ਵਿਚ ਉਦੋਂ ਤਕ ਬਿਲਕੁਲ ਨਿਰਾਰਥਕ ਰਹਿੰਦਾ ਹੈ ਜਦੋਂ ਤਕ ਉਸ ਨਜ਼ਮ ਦਾ ਸੰਬੰਧਤ ਕਵੀ ਦੀਆਂ ਨਜ਼ਮਾਂ ਨਾਲ ਸਹਿਚਾਰੀ ਸੰਬਧ (Paradigmatic) ਸਥਾਪਤ ਕਰ ਕੇ ਕਵੀ ਦੀ ਸਮੁੱਚੀ ਦ੍ਰਿਸ਼ਟੀ ਤਕ ਨਾ ਪਹੁੰਚਿਆ ਜਾਵੇ। ਇਕ ਇਕੱਲੀ ਨਜ਼ਮ ਤਾਂ ਆਪਣੇ ਆਪ ਵਿਚ ਕੇਵਲ ਸੁਹਜਾਤਮਕ ਇਕਾਈ ਹੁੰਦੀ ਹੈ। ਪਰ ਇਹ ਕਿਸੇ ਕਵੀ ਦੀਆਂ ਸਮੁੱਚੀਆਂ ਕਵਿਤਾਵਾਂ ਦੇ ਸੰਬੰਧ ਵਿਚ ਇਕ 'ਸਮੁੱਚੀ ਦ੍ਰਿਸ਼ਟੀ' ਨੂੰ ਸੁਹਜਾਤਮਕ ਪ੍ਰਗਟਾ-ਵਿਧੀ ਨਾਲ ਸਾਕਾਰ ਕਰ ਰਹੀ ਹੁੰਦੀ ਹੈ। ਕਵੀ ਦੀ ਇਹੋ 'ਸਮੁੱਚੀ ਦ੍ਰਿਸ਼ਟੀ' ਮਨੁਖੀ ਜਗਤ ਵਿਚ ਕੀਮਤਾਂ ਦੇ ਸੰਸਾਰ ਨਾਲ ਜੁੜੀ ਹੁੰਦੀ ਹੈ। ਕੀਮਤਾਂ ਦੇ ਸੰਸਾਰ ਦੇ ਪ੍ਰਸੰਗ ਵਿਚ ਹੀ ਉਸ ਕਵੀ ਦੀ ਮਹੱਤਾ; ਮੌਲਿਕਤਾ, ਸਾਰਥਕਤਾ ਅਤੇ ਦੇਣ ਦੀ ਨਿਰਖ-ਪਰਖ ਕੀਤੀ ਜਾ ਸਕਦੀ ਹੈ। ਮਨੁਖੀ ਜਗਤ ਵਿਚ ਸਾਰਥਕਤਾ ਰੂਪਾਂ ਦੀ ਨਹੀਂ, ਅਰਥਾਂ ਦੀ ਹੁੰਦੀ ਹੈ। ਰੂਪ ਤਾਂ ਅਰਥ ਦੀ ਸਿਰਜਨਾ ਦਾ ਮਾਧਿਅਮ ਜਾਂ ਉਸ ਦੀ ਹੋਂਦ-ਵਿਧੀ ਮਾਤਰ ਹੀ ਹੁੰਦਾ ਹੈ। (ਇਸ ਦਾ ਅਰਥ ਰੂਪ ਦੇ ਸਿਰਜਨਾਤਮਕ ਰੋਲ ਨੂੰ ਘਟਾ ਕੇ ਵੇਖਣਾ ਨਹੀਂ) ਕੇਵਲ ਇਕ ਨਜ਼ਮ ਦੇ ਅਧਿਐਨ ਤਕ ਸੀਮਿਤ ਹੋਣ ਕਾਰਨ ਇਹ ਪ੍ਰਣਾਲੀ ਸਾਹਿਤ ਨੂੰ ਇਉਂ ਬੜੇ ਸੂਖਮ ਢੰਗ ਨਾਲ ਮਨੁਖੀ ਕੀਮਤਾਂ ਦੇ ਸੰਸਾਰ ਨਾਲੋਂ ਤੋੜ ਲੈਂਦੀ ਹੈ। ਸਾਹਿਤਕ ਕਿਰਤ ਨੂੰ ਮਨੁਖੀ ਕੀਮਤਾਂ ਦੇ ਸਮਾਜਕ-ਇਤਿਹਾਸਕ ਪ੍ਰਸੰਗ ਤੋਂ ਵਾਂਝਿਆਂ ਕਰ ਦੇਣਾ ਇਸ ਪ੍ਰਣਾਲੀ ਦਾ ਸਭ ਤੋਂ ਉਘੜਵਾਂ ਅਤੇ ਮੁਖ ਯਤਨ ਹੈ ਜਿਹੜਾ ਇਸ ਦੇ ਦਿਸਦੇ ਪੱਖਾਂ ਦੀ ਥਾਂ ਕੇਵਲ ਇਸ ਦੇ ਅਸਲੇ ਨੂੰ ਸਮਝਣ ਨਾਲ ਹੀ ਗ੍ਰਹਿਣ ਕੀਤਾ ਜਾ ਸਕਦਾ ਹੈ। ਮਨੁੱਖ ਇਕ ਅਰਥ-ਸਿਰਜਕ ਜੀਵ ਹੈ ਅਤੇ ਉਸ ਰਾਹੀਂ ਸਿਰਜਿਆ ਸਮੁੱਚਾ ਸਾਂਸਕ੍ਰਿਤਕ ਜਗਤ ਅਰਥਾਂ ਦਾ ਜਗਤ ਹੁੰਦਾ ਹੈ। ਇਸੇ ਲਈ ਹਰ ਨਜ਼ਮ, ਜਿਹੜੀ ਮਨੁਖੀ ਸਿਰਜਨਾ ਹੀ ਹੁੰਦੀ ਹੈ, ਅੰਤਿਮ ਰੂਪ ਵਿਚ ਕਿਸੇ ਨਾ ਕਿਸੇ ਮਨੁਖੀ ਕੀਮਤ ਜਾਂ ਅਰਥ ਨੂੰ ਹੀ ਸੁਹਜਾਤਮਕ ਹੋਂਦ-ਵਿਧੀ ਰਾਹੀਂ ਸਾਕਾਰ ਕਰ ਰਹੀ ਹੁੰਦੀ ਹੈ। ਇਹ ਮਨੁਖੀ ਕੀਮਤਾਂ ਜਾਂ ਅਰਥ ਕਵਿਤਾ ਦੀ ਹੋਂਦ-ਵਿਧੀ ਦਾ ਅੰਤਮ ਹਿੱਸਾ ਹਨ ਜਿਹੜੇ ਕਵਿਤਾ ਵਿਚ ਕੇਵਲ ਸੁਹਜਾਤਮਕ ਕੀਮਤ/ਅਰਥ ਵਜੋਂ ਹੀ ਕਾਰਜਸ਼ੀਲ ਹੁੰਦੇ ਹਨ। ਪਰੰਤੂ ਇਹ ਬਾਕੀ ਦੇ ਸਾਰੇ ਮਨੁਖੀ ਜੀਵਨ ਨਾਲੋਂ ਟੁੱਟੇ, ਕਲਾ ਦੇ ਕਿਸੇ ਅਮੂਰਤ ਸੰਸਾਰ ਵਿਚੋਂ ਪੈਦਾ ਨਹੀਂ ਹੁੰਦੇ ਸਗੋਂ ਇਹ ਅਰਥ ਜਾਂ ਕੀਮਤ ਗ਼ੈਰ-ਸੁਹਜਾਤਮਕ ਖੇਤਰਾਂ ਅਰਥਾਤ ਕਵੀ ਦੁਆਰਾ ਹੰਢਾਏ ਗਏ ਮਨੁਖੀ ਜੀਵਨ ਵਿਚੋਂ ਹੀ ਪੈਦਾ ਹੁੰਦੇ ਹਨ।[29] ਇਸੇ ਕਰਕੇ ਕਿਸੇ ਕਲਾ-ਕਿਰਤ ਦੇ ਰੂਪ ਦਾ ਅਧਿਐਨ ਕਿੰਨਾ ਵੀ ਸੰਪੂਰਨ ਕਿਉਂ ਨਾ ਹੋਵੇ ਉਹ ਉਦੋਂ ਤਕ ਅੰਤਿਮ ਅਤੇ ਵਿਗਿਆਨਕ ਨਹੀਂ ਹੋ ਸਕਦਾ ਜਦੋਂ ਤਕ ਉਸ ਵਿਚਲੀ ਮਨੁਖੀ ਕੀਮਤ ਨੂੰ ਸਮੁੱਚੇ ਅਧਿਐਨ ਦਾ ਬੁਨਿਆਦੀ ਆਧਾਰ ਨਹੀਂ ਬਣਾਇਆ ਜਾਂਦਾ। ਰੈਨੇ ਵੈਲਕ ਨੇ 'ਨਵੀਨ ਆਲੋਚਨਾ' ਦੀ ਇਸ ਕਮਜ਼ੋਰੀ ਸੰਬੰਧੀ ਖ਼ੂਬਸੂਰਤ ਢੰਗ ਨਾਲ ਪ੍ਰਗਟ ਕਰਦਿਆਂ ਕਿਹਾ ਹੈ ਕਿ ਸਾਹਿਤ ਨੂੰ ਹਰ ਕਿਸਮ ਦੀਆਂ ਮਨੁਖੀ ਕੀਮਤਾਂ ਤੋਂ ਮੁਕਤ ਕਰ ਦੇਣ ਦੀਆਂ ਸਾਰੀਆਂ ਕੋਸ਼ਿਸ਼ਾਂ ਹੁਣ ਤਕ ਅਸਫਲ ਰਹੀਆਂ ਹਨ ਅਤੇ ਰਹਿਣਗੀਆਂ, ਕਿਉਂਕਿ ਇਸ ਦਾ ਅੰਤਿਮ ਸਾਰ ਤਾਂ ਇਸ ਦੇ ਅਰਥਾਂ ਅਰਥਾਤ ਮਨੁਖੀ ਕੀਮਤਾਂ ਵਿਚ ਹੀ ਹੁੰਦਾ ਹੈ।[30]

ਮਕਾਨਕੀ ਪਹੁੰਚ : ਇਸੇ ਦਾ ਇਕ ਹੋਰ ਗੰਭੀਰ ਅਤੇ ਬੁਨਿਆਦੀ ਸਿੱਟਾ ਇਹ ਨਿਕਲਦਾ

ਹੈ ਕਿ ਆਂਗਕ (Organic) ਹੋਂਦ ਵਾਲੀ ਸਾਹਿਤਕ ਕਿਰਤ ਦੇ ਅੰਗ-ਨਿਖੇੜ ਅਤੇ ਅੰਗਾਂ ਦੇ ਇਕ ਜਾਂ ਦੂਜੇ ਰੂਪ ਦੇ ਵਿਸ਼ਲੇਸ਼ਣ ਜਾਂ ਅਧਿਐਨ ਉਤੇ ਹੀ ਸਾਰਾ ਧਿਆਨ ਕੇਂਦਰਿਤ ਹੋਣ ਕਾਰਨ ਰਚਨਾ ਦੀ ਸਮੁੱਚਤਾ ਜਾਂ ਸਮਗ੍ਰਤਾ ਜਾਂ ਉਸ ਦੀ ਇਕ ਆਂਗਕ ਇਕਾਈ ਵਜੋਂ ਹੋਂਦ ਅਧਿਐਨ ਦੇ ਕੇਂਦਰ ਤੋਂ ਦੂਰ ਹੋ ਜਾਂਦੀ ਹੈ। ਨਤੀਜੇ ਵਜੋਂ ਅਜਿਹਾ ਅਧਿਐਨ ਨਿਰੋਲ ਮਕਾਨਕੀ ਹੋ ਜਾਂਦਾ ਹੈ ਅਤੇ ਸਾਹਿਤਕ ਕਿਰਤ ਅਨੁਭਵ/ਵਿਚਾਰ/ਮਨੁਖੀ ਕੀਮਤ ਦੀ ਇਕ ਗਤੀਸ਼ੀਲ ਆਂਗਕ ਸਜਿੰਦ ਇਕਾਈ ਦੀ ਥਾਂ ਮਸ਼ੀਨ ਵਾਂਗ ਪ੍ਰਾਣਹੀਨ ਸੰਰਚਨਾ ਹੋ ਨਿਬੜਦੀ ਹੈ। ਮਕਾਨਕੀ ਹੋਂਦ ਵਿਚ ਇਕਾਈ ਅਤੇ ਅੰਗਾਂ ਦੀ ਹੋਂਦ ਇਕ ਦੂਜੇ ਤੋਂ ਸੁਤੰਤਰ ਹੁੰਦੀ ਹੈ। ਪਰੰਤੂ ਆਂਗਕ ਸੰਰਚਨਾ ਵਿਚ ਅਜਿਹਾ ਸੰਭਵ ਨਹੀਂ ਹੁੰਦਾ। ਇਥੇ ਅੰਗਾਂ ਦੇ ਵੱਖ ਵੱਖ ਕਰ ਦੇਣ ਨਾਲ ਇਕਾਈ ਦੀ ਹੋਂਦ ਖਤਮ ਹੋ ਜਾਂਦੀ ਹੈ ਅਤੇ ਇਕਾਈ ਦੇ ਖਤਮ ਹੋਣ ਨਾਲ ਅੰਗਾਂ ਦੀ ਹੋਂਦ ਦਾ ਵੀ ਵਿਨਾਸ਼ ਹੋ ਜਾਂਦਾ ਹੈ। ਜੇ, ਇਉਂ, ਸਾਹਿਤਕ ਕਿਰਤ ਦਾ ਅਧਿਐਨ ਅੰਗ-ਨਿਖੇੜ ਤਕ ਹੀ ਸੀਮਤ ਕਰ ਦਿਤਾ ਜਾਵੇ ਤਾਂ ਕਿਰਤ ਦੀ ਇਕ ਇਕਾਈ ਵਜੋਂ ਹੋਂਦ ਤੋਂ ਮੁਨਕਰ ਹੋ ਕੇ ਅਜਿਹੀ ਆਲੋਚਨਾ ਕੁਦਰਤੀ ਹੀ ਕਿਰਤ ਨੂੰ ਇਤਿਹਾਸਕ-ਸਮਾਜਕ-ਮਨੁਖੀ ਡਾਇਲੈਕਟਿਕਸ ਤੋਂ ਮੁਕਤ ਇਕ ਮਕਾਨਕੀ ਵਸਤੂ ਵਜੋਂ ਸਥਾਪਤ ਕਰਨ ਦਾ ਸ਼ਿਕਾਰ ਹੋ ਜਾਂਦੀ ਹੈ। ਕੇਵਲ ਤਕਨੀਕ ਨੂੰ ਹੀ ਆਲੋਚਨਾ ਦਾ ਮੂਲ ਆਧਾਰ ਬਣਾ ਲੈਣ ਕਾਰਨ (ਹਾਲਾਂ ਕਿ S. E. Hyman ਅਨੁਸਾਰ ਤਕਨੀਕੀ ਅਧਿਐਨ ਦੇ ਐਲਾਨ਼ਨਾਮੇ ਜਾਰੀ ਕਰਨ ਦੇ ਬਾਵਜੂਦ ਰੈਨਸਮ, ਟੇਟ, ਆਦਿ ਆਲੋਚਕ ਆਪ ਇਨ੍ਹਾਂ ਉਤੇ ਅਮਲ ਕਰਨ ਵਿਚ ਅਸਫਲ ਰਹੇ)[31] 'ਨਵੀਨ ਆਲੋਚਨਾ' ਸਾਹਿਤਕ ਕਿਰਤ ਦੇ ਅਧਿਐਨ ਲਈ ਉਸ ਵਿਚਲੀ ਭਾਵੁਕ ਜਾਂ ਨੈਤਿਕ ਵਸਤੂ ਨੂੰ ਬੇਲੋੜੀ ਅਤੇ ਮਹੱਤਵਹੀਨ ਮੰਨ ਲੈਂਦੀ ਹੈ, ਮੂਲ ਰੂਪ ਵਿਚ ਕਲਾ ਅਰਥਾਂ ਦੇ ਸੰਸਾਰ ਦਾ ਵਿਸ਼ੇਸ਼ ਸੰਚਾਰ ਹੈ ਜਿਸ ਕਰਕੇ ਹਰ ਕਲਾ-ਕਿਰਤ ਦੇ ਤਿੰਨ ਬੁਨਿਆਦੀ ਥੰਮ੍ਹ ਕਲਾਕਾਰ, ਕਲਾ-ਕਿਰਤ ਅਤੇ ਪਾਠਕ ਹਨ। ਇਨ੍ਹਾਂ ਤਿੰਨਾਂ ਵਿਚੋਂ ਕਿਸੇ ਇਕ ਥੰਮ੍ਹ 'ਤੇ ਹੀ ਸਮੁੱਚੇ ਅਧਿਐਨ ਨੂੰ ਨਿਰਭਰ ਕਰ ਲੈਣ ਨਾਲ ਅਜਿਹੀ ਕਿਸੇ ਕਿਰਤ ਦੀ ਆਲੋਚਨਾ, ਵਿਸ਼ਲੇਸ਼ਣ ਜਾਂ ਮੁੱਲਾਂਕਣ ਬਾਹਰਮੁਖੀ, ਵਿਗਿਆਨਕ ਅਤੇ ਸੰਪੂਰਨ ਨਹੀਂ ਹੋ ਸਕਦਾ।

ਮਹਿਜ਼ ਭਾਸ਼ਾਗਤ ਵਿਸ਼ਲੇਸ਼ਣ : ਸਾਹਿਤਕ ਕਿਰਤ ਦੇ ਪਾਠ ਤਕ ਹੀ ਸੀਮਿਤ ਅਤੇ ਕਿਰਤ ਦੇ ਪਾਠ ਤੋਂ ਬਾਹਰੇ ਹਰ ਤਰ੍ਹਾਂ ਦੇ ਪ੍ਰਸੰਗ ਤੋਂ ਮਕਤ ਹੋਣ ਕਰਕੇ ਇਸ ਸਮੁੱਚੀ ਆਲੋਚਨਾ ਦੀ ਅਗਲੀ ਸੀਮਾ ਮੁੱਖ ਤੌਰ 'ਤੇ ਇਸ ਦਾ ਭਾਸ਼ਾਗਤ ਵਿਸ਼ਲੇਸ਼ਣ ਬਣ ਕੇ ਹੀ ਰਹਿ ਜਾਣਾ ਹੈ। ਸਾਰਾ ਅਧਿਐਨ ਅਤੇ ਵਿਸ਼ਲੇਸ਼ਣ ਕੇਵਲ ਪਾਠ ਨੂੰ ਇਕ ਸੰਪੂਰਨ ਮਕਾਨਕੀ ਵਸਤੂ ਵਜੋਂ ਗ੍ਰਹਿਣ ਕਰਦਿਆਂ ਉਸ ਦਾ ਅੰਗ-ਨਿਖੇੜ ਕਰਨ ਤਕ ਹੀ ਸੀਮਤ ਕਰ ਲੈਣ ਕਾਰਨ (ਭਾਵੇਂ ਇਨ੍ਹਾਂ ਅੰਗਾਂ ਦੇ ਆਪਸੀ ਸੰਬੰਧਾਂ ਨੂੰ ਵੀ ਬਹੁਤ ਵਾਰ ਅਧਿਐਨ ਦਾ ਵਿਸ਼ਾ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।) ਅੰਤਿਮ ਰੂਪ ਵਿਚ ਇਹ ਆਲੋਚਨਾ ਕੇਵਲ ਭਾਸ਼ਾਈ ਅਧਿਐਨ ਤਕ ਹੀ ਸੀਮਤ ਹੋ ਕੇ ਰਹਿ ਜਾਂਦੀ ਹੈ।

ਆਪਣੀ ਆਦਰਸ਼ਵਾਦੀ ਪਹੁੰਚ ਅਧੀਨ ਹੀ ਇਹ ਆਲੋਚਨਾ-ਪ੍ਰਣਾਲੀ ਅਚੇਤ ਰੂਪ ਵਿਚ ਸਮੁੱਚੇ ਸਾਹਿਤਕੀ ਅਮਲ ਜਿਸ ਵਿਚ ਲੇਖਕ, ਰਚਨਾ, ਪਾਠਕ, ਸੁਹਜ-ਚੇਤਨਾ, ਸੁਹਜ-ਸੁਆਦ ਦੀਆਂ ਰੁਚੀਆਂ ਅਤੇ ਇਨ੍ਹਾਂ ਨਾਲ ਸੰਬੰਧਿਤ ਸਮਾਜਕ-ਇਤਿਹਾਸਕ ਅਮਲ ਉਤੇ ਆਧਾਰਿਤ ਮਨੁੱਖੀ ਕੀਮਤਾਂ ਹਨ, ਨੂੰ ਸਥਿਰ, ਮਕਾਨਕੀ, ਸੰਪੂਰਨ, ਨਿਸ਼ਚਿਤ, ਪਰਿਵਰਤਨਹੀਨ ਅਤੇ ਵਿਕਾਸਹੀਨ ਸਵੀਕਾਰ ਕਰ ਬੈਠਦੀ ਹੈ। ਇਸ ਦੇ ਨਤੀਜੇ ਵਜੋਂ ਸੁਹਜ-ਸੁਆਦ ਅਤੇ ਸੁਹਜ-ਬੋਧ ਨੂੰ ਅਜਿਹੇ ਬਾਹਰਮੁਖੀ ਅਤੇ ਪਰਿਵਰਤਨਹੀਨ ਮਨੁੱਖੀ ਗੁਣ ਸਮਝ ਬੈਠਦੀ ਹੈ ਜਿਨ੍ਹਾਂ ਉਤੇ ਇਤਿਹਾਸਕ ਅਤੇ ਆਰਥਕ ਪ੍ਰਿਸਥਿਤੀਆਂ ਦਾ ਕੋਈ



ਅਸਰ ਨਹੀਂ ਪੈਂਦਾ।[32] ਪ੍ਰਾਕ੍ਰਿਤਕ ਜਗਤ ਵਾਂਗ ਹੀ ਸਮਾਜਕ-ਜਗਤ ਅਤੇ ਵਿਚਾਰ ਵੀ ਵਿਸ਼ੇਸ਼ ਪ੍ਰਸੰਗਾਂ ਅਧੀਨ ਇਕ ਨਿਰੰਤਰ ਪਰਿਵਰਤਸ਼ੀਲ ਅਤੇ ਵਿਕਾਸਸ਼ੀਲ ਆਂਗਕ ਅਮਲ ਹੈ ਜਿਸ ਦੇ ਇਕ ਦੇਸ਼ ਜਾਂ ਕਾਲ ਵਿਚਲੀ ਸਥਿਤੀ ਨੂੰ ਅੰਤਿਮ, ਸੰਪੂਰਨ ਅਤੇ ਨਿਰਪੇਖ ਰੂਪ ਵਿਚ ਸਵੀਕਾਰ ਨਹੀਂ ਕੀਤਾ ਜਾ ਸਕਦਾ। ਲੇਖਕ, ਰਚਨਾ, ਪਾਠਕ, ਸੁਹਜ ਸੁਆਦ ਦੀਆਂ ਰੁਚੀਆਂ, ਸੁਹਜ-ਚੇਤਨਾ ਆਦਿ ਨਾ ਕੇਵਲ ਆਪਸ ਵਿਚ ਹੀ ਸਗੋਂ ਸਮਾਜਕ-ਇਤਿਹਾਸਕ ਅਮਲ ਨਾਲ ਵਿਸ਼ੇਸ਼ ਦੁਅੰਦਾਤਮਕ ਰਿਸ਼ਤੇ ਵਿਚ ਬੱਝੇ ਹੁੰਦੇ ਹਨ। ਇਸ ਕਰਕੇ ਨਾ ਤਾਂ ਇਨ੍ਹਾਂ ਵਿਚੋਂ ਕਿਸੇ ਇਕ ਇਕੱਲੇ ਵਰਤਾਰੇ ਦਾ ਅਤੇ ਨਾ ਹੀ ਇਨ੍ਹਾਂ ਸਾਰਿਆਂ ਦਾ, ਸਮਾਜਕ ਇਤਿਹਾਸਕ ਪ੍ਰਸੰਗ ਤੋਂ ਮੁਕਤ ਅਧਿਐਨ ਕਦੇ ਵੀ ਬਾਹਰਮੁਖੀ ਅਤੇ ਵਿਗਿਆਨਕ ਨਹੀਂ ਹੋ ਸਕਦਾ। 'ਨਵੀਨ ਆਲੋਚਨਾ' ਇਨ੍ਹਾਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਅਚੇਤ ਹੀ ਇਨ੍ਹਾਂ ਸਾਰੇ ਵਰਤਾਰਿਆਂ ਨੂੰ ਇਕ ਦੂਜੇ ਨਾਲੋਂ ਨਿਖੇੜ ਕੇ ਸੁਤੰਤਰ ਇਕਾਈਆਂ ਵਜੋਂ ਕਰਦੀ ਹੈ।

ਕਾਵਿ ਦੀ ਹੋਂਦ-ਵਿਧੀ ਦੇ ਕਿਸੇ ਇਕ-ਅੱਧ ਮਹੱਤਵਪੂਰਣ ਤੱਤ, ਜਿਵੇਂ ਬੁਣਤਰ (ਰੈਨਸਮ), ਵਿਰੋਧਾਭਾਸ/ਵਿਅੰਗ (ਬਰੁਕਸ). ਤਣਾਉ (ਟੇਟ) ਨੂੰ ਕਾਵਿ-ਕਿਰਤ ਜਾਂ ਸਮੁੱਚੇ ਰੂਪ ਵਿਚ ਕਾਵਿ ਦੇ ਵਿਗਿਆਨ ਦਾ ਆਧਾਰ ਬਣਾ ਲੈਣ ਅਤੇ ਕੇਵਲ ਸਾਹਿਤਕ ਕਿਰਤ ਦੇ ਪਾਠ ਤਕ ਹੀ ਸੀਮਿਤ ਹੋਣ ਕਾਰਨ ਇਸ ਆਲੋਚਨਾ-ਪ੍ਰਣਾਲੀ ਵਿਚ ਪਰੰਪਰਾਗਤ ਜਾਂ ਰੋਮਾਂਸਵਾਦੀ ਆਲੋਚਨਾ ਦੀ ਅੰਤਰਮੁਖਤਾ ਤੋਂ ਮੁਕਤ ਹੋ ਕੇ ਬਾਹਰਮੁਖੀ ਹੋਣ ਦੀ ਸਮਰਥਾ ਤਾਂ ਹੈ ਪਰੰਤੂ ਇਹ ਬਾਹਰਮੁਖਤਾ ਕਾਵਿ-ਕਿਰਤ ਜਾਂ ਸਮੁੱਚੇ ਕਾਵਿ ਦੇ ਇਕ-ਅੱਧ ਤੱਤ ਜਾਂ ਪੱਖ ਨਾਲ ਹੀ ਸਬੰਧਤ ਹੋਣ ਕਰਕੇ 'ਨਵੀਨ ਆਲੋਚਨਾ' ਸਾਹਿਤ ਦਾ ਇਕ ਸਮੁੱਚਾ ਵਿਗਿਆਨ ਉਸਾਰਣ ਤੋਂ ਅਸਮਰਥ ਰਹੀ ਹੈ। ਸਾਹਿਤ ਵਿਗਿਆਨ ਅਤੇ ਆਲੋਚਨਾ ਵਿਚ ਵੱਧ ਤੋਂ ਵੱਧ ਬਾਹਰਮੁਖਤਾ ਪ੍ਰਤਿ ਚੇਤਨਤਾ ਅਤੇ ਇਨ੍ਹਾਂ ਸੰਬੰਧੀ ਮੂਲ ਪ੍ਰਸ਼ਨਾਂ ਨੂੰ ਖੜਾ ਕਰਨ ਦੀ ਕੋਸ਼ਿਸ਼ ਇਨ੍ਹਾਂ ਆਲੋਚਕਾਂ ਵਿਚ ਪ੍ਰਤਖ ਰੂਪ ਵਿੱਚ ਵੇਖੀ ਜਾ ਸਕਦੀ ਹੈ। ਪਰੰਤੂ ਇਕ ਸਮਗੱਰ ਦ੍ਰਿਸ਼ਟੀ ਦੀ ਅਣਹੋਂਦ ਕਾਰਨ ਕਾਵਿ ਦੇ ਸੰਪੂਰਨ ਵਿਗਿਆਨ ਦੀ ਥਾਂ ਇਹ ਆਂਸ਼ਕ ਅਤੇ ਕੁਝ ਇਕ ਤੱਤਾਂ ਬਾਰੇ ਸੀਮਿਤ ਬਾਹਰਮੁਖਤਾ ਦੀ ਧਾਰਨੀ ਹੀ ਬਣ ਸਕੀ ਹੈ। (ਭਾਵੇਂ ਇਸ ਸੀਮਿਤ ਅਤੇ ਆਂਸ਼ਕ ਬਾਹਰਮੁਖਤਾ ਕਾਰਨ ਹੀ ਇਸ ਪ੍ਰਣਾਲੀ ਦਾ ਓਪਰਾ ਅਧਿਐਨ ਕਰਨ ਵਾਲੇ ਕਈ ਵਿਦਵਾਨਾਂ ਨੇ ਇਸ ਨੂੰ ਸਾਹਿਤ ਦਾ ਵਿਗਿਆਨ ਪ੍ਰੇਸ਼ ਕਰਨ ਦੇ ਸਮਰਥ ਮੰਨਿਆ ਹੈ)।

'ਨਵੀਨ ਆਲੋਚਨਾ' ਦੇ ਸਿਧਾਂਤਾਂ ਦਾ ਅਧੂਰਾਪਣ ਅਤੇ ਅਵਿਗਿਆਨਕਤਾ ਇਕ ਹੋਰ ਪੱਖੋਂ ਵੀ ਵਧੇਰੇ ਸਪਸ਼ਟ ਰੂਪ ਵਿਚ ਉਘੜ ਕੇ ਸਾਹਮਣੇ ਆਉਂਦੀ ਹੈ ਜਦੋਂ ਅਸੀਂ ਦੇਖਦੇ ਹਾਂ ਕਿ ਇਹ ਆਲੋਚਨਾ-ਵਿਧੀ ਕੇਵਲ ਛੋਟੇ ਆਕਾਰ ਦੀਆਂ ਕਵਿਤਾਵਾਂ, ਵਿਸ਼ੇਸ਼ ਕਰਕੇ, ਮੁਕਤਕ ਅਤੇ ਪ੍ਰਗੀਤ ਉਤੇ ਹੀ ਲਾਗੂ ਕੀਤੀ ਜਾ ਸਕਦੀ ਹੈ। ਮਹਾ-ਕਾਵਿ, ਖੰਡ-ਕਾਵਿ ਆਦਿ ਰੂਪਾਂ ਦੇ ਅੰਤਰਗਤ ਸਿਰਜੇ ਗਏ ਕਾਵਿ ਦੇ ਅਧਿਐਨ, ਵਿਸ਼ਲੇਸ਼ਣ ਅਤੇ ਮੁੱਲਾਂਕਣ ਲਈ ਇਸ ਪ੍ਰਣਾਲੀ ਦਾ ਪ੍ਰਯੋਗ ਹੀ ਨਹੀਂ ਕੀਤਾ ਜਾ ਸਕਦਾ। ਨਾ ਕੇਵਲ ਇਹੋ ਸਗੋਂ ਕਵਿਤਾ ਤੋਂ ਬਾਹਰ ਸਾਹਿਤ ਦੇ ਕਿਸੇ ਹੋਰ ਰੂਪ, ਕਹਾਣੀ, ਨਾਵਲ ਆਦਿ ਦੀ ਆਲੋਚਨਾ ਬਾਰੇ ਇਸ ਪ੍ਰਣਾਲੀ ਤੋਂ ਕੋਈ ਵੀ ਸੇਧ ਪ੍ਰਾਪਤ ਨਹੀਂ ਹੁੰਦੀ, ਸਿਰਫ ਕੁਝ ਸਰਬ-ਸਾਧਾਰਨ ਨੁਕਤੇ ਹੀ ਗ੍ਰਹਿਣ ਕੀਤੇ ਜਾ ਸਕਦੇ ਹਨ। ਕਿਸੇ ਆਲੋਚਨਾ-ਪ੍ਰਣਾਲੀ ਦੀ ਬਾਹਰਮੁਖਤਾ ਅਤੇ ਵਿਗਿਆਨਕਤਾ ਵਜੋਂ ਸੰਪੂਰਨਤਾ ਜਾਂ ਸ਼ੁੱਧਤਾ ਦੀ ਕਸਵੱਟੀ ਹੀ ਇਹੋ ਹੈ ਕਿ ਉਸ ਦੇ ਸਿਧਾਂਤ ਕਾਵਿ ਦੇ ਹਰ ਰੂਪ ਦੇ ਨਾਲ ਨਾਲ, ਹਰ ਦੇਸ਼-ਕਾਲ ਦੇ ਕਾਵਿ ਦੇ ਵਿਸ਼ਲੇਸ਼ਣ ਲਈ ਢੁਕਵੇਂ ਅਤੇ ਸਹੀ ਹੋਣ। ਕਾਵਿ ਦੇ ਇਕ ਰੂਪ (ਛੋਟੇ ਆਕਾਰ ਦੀ ਕਵਿਤਾ) ਦੇ ਅਧਿਐਨ ਤਕ ਸੀਮਿਤ ਹੋਣ ਵਾਲੇ ਸਿਧਾਂਤ, ਭਾਵੇਂ ਉਹ ਆਪਣੇ ਆਪ ਵਿਚ ਕਿੰਨੇ ਵੀ ਸਹੀ ਕਿਉਂ ਨਾ ਹੋਣ, ਕਿਸੇ ਆਲੋਚਨਾ-

ਪ੍ਣਾਲੀ ਨੂੰ ਵਿਗਿਆਨਕ ਅਤੇ ਸਫਲ ਨਹੀਂ ਬਣਾ ਸਕਦੇ । ਆਰ. ਪੀ. ਬਲੈਕਮਰ, ਜਿਵੇਂ ਉਪਰ ਵੀ ਸੰਕੇਤ ਕੀਤਾ ਗਿਆ ਹੈ, 'ਨਵੀਨ ਆਲੋਚਨਾ' ਦੀ ਇਸ ਕਮਜ਼ੋਰੀ ਨੂੰ ਸਪਸ਼ਟ ਕਰਦਾ ਇਥੋਂ ਤਕ ਕਹਿ ਦੇਂਦਾ ਹੈ ਕਿ ਇਹ ਪ੍ਣਾਲੀ ਤਾਂ ਕੇਵਲ ਪੁਰਾਤਨ ਕਾਵਿ ਤਕ, ਅਤੇ ਅਗੋਂ, ਪੁਰਾਤਨ ਕਾਵਿ ਵਿਚੋਂ ਵੀ ਕੁਝ ਵਿਸ਼ੇਸ਼ ਕਿਸਮ ਦੇ ਕਾਵਿ ਲਈ ਹੀ ਢੁਕਵੀਂ ਹੈ; ਇਸ ਤੋਂ ਬਾਹਰੇ ਕਾਵਿ ਦੇ ਵਿਸ਼ਲੇਸ਼ਣ ਲਈ ਇਸ ਦੀ ਵਰਤੋਂ ਗ਼ਲਤ ਸਿੱਟਿਆਂ ਦਾ ਕਾਰਨ ਬਣੇਗੀ । (ਸਮਾਪਤ)

---


1. Quoted in Russian Formalism and Anglo-American New Criticism—A Comparative Study, EWA M. Thompson, Mouton, 1971, P. 55.
2. Kant and the Southern New Critics, University of Texas Press, P. 64.
3. Critiques and Essays in Criticism (ed.), N. York 1949, P. 488-508.
4. The present Age, London, 1958, P. 121.
5. Modern American Criticism, Engelwood Cliffs, N.J., 1963, P. 98-151.
6. The Charted Mirror, P. 204.
7. Structuralism and Semiotics, Methuen & Co., 1977, P. 152-153.
8. Russian Formalism and Anglo-American New Criticism, P. 111.
9. The New Romantics, A Reappraisal of the New Criticism, Indiana University Press, Bloomington, IInd Print, 1962, P. 21.
10. In this essay 'A Burden For Critics' included in 'Essays in Modern Literary Criticism, Ed. Ray B. West. Jr., New York, January 1961, P. 162.
11. Criticism in America, J.P. Pritchard, First Indian Edition, 1970, P. 265.
12. Russian Formalism and Anglo-American New Criticism, P. 151.
13. The Net of Hephaestus, Mouton, 1974, P. 7-8, 154.
14. Concepts of Criticism, Yale University Press, 1978, P. 359-60.
15. The New Romantics, P. 23, 28.
16. In his essay 'A Burden For Critics' included in Essays in Modern Literary Criticism, Ed. R.B. West Jr., P. 162.
17. The Languages of Criticism and the Structure of Poetry, P. 155.
18 The Charted Mirror, P. 18-19.
19. The New Critics and the Historical Method, The Yale Review, Autumn 1953, P. 16.
20. On Native Grounds, N. York, Reynal and Hitchcock, 1942,P. 429-30.
21. In his essay, 'How to Criticise a Poem,' included in 'Interpreting Literature', PP. 808.
22. Russian Formalism and Anglo-American New Criticism, P. 151-52.
23. Concepts of Criticism P. 359-60.
24. The New Romantics, P. 33-36, 42.





25. Structuralism and Semiotics, Methuen & Co., 1977, P. 155.
26. Ibid, P. 154.
27. Russian Formalism and Anglo-American New Criticism, P. 55.
28. Concepts of Criticism, P. 354.
29. Eliseo Vivas, Creation and Discovery, N. York, 1955, P. 142-43.
30. Concepts of Criticism, P. 68.
31. The Armed Vision, N. York, 1961, P. 301.
32. Structuralism and Semiotics, P. 155.


---

ਸੋਧ :

ਜੁਲਾਈ ਅੰਕ; ਸਫ਼ਾ 40 (ਸਤਰ ਦੂਜੀ ਅਤੇ ਤੀਜੀ ਵਿਚ—(8.9%) ਦੀ ਥਾਂ 28.9% ਅਤੇ 7,86,75 ਦੀ ਥਾਂ 7,86,705 ਪੜ੍ਹੋ । ਏਸੇ ਤਰ੍ਹਾਂ 42 ਉਤੇ (ਸਤਰਾਂ 29-30) "ਵਿਦੇਸ਼ੀ ਮਾਮਲੇ, ਵਪਾਰ ਆਦਿ" ਦੀ ਥਾਂ ਵਿਦੇਸ਼ੀ ਮਾਮਲੇ, ਵਿਦੇਸ਼ੀ ਵਪਾਰ ਆਦਿ ਅਤੇ ਸਫਾ 45 ਉਤੇ (ਸਤਰ 21-ਵੀਂ) ਪੰਜਾਬ ਅਤੇ ਮਜ਼ਦੂਰ ਸਭਾ ਦੀ ਥਾਂ ਪੰਜਾਬ ਖੇਤ ਮਜ਼ਦੂਰ ਸਭਾ ਪੜ੍ਹੋ ।

ਸਫ਼ਾ 39, ਅਠਵੀਂ ਸਤਰ—ਉੱਨੀਂ ਹਜ਼ਾਰ ਦੀ ਥਾਂ ਉੱਨੀ ਸੌ ਪੜ੍ਹੋ ।

---


Jagjit Singh

THE SIKH REVOLUTION

A book tracing the logical development of the Sikh movement, that made the solution of political problem an integral part of its programme......

A book of absorbing interest to all students of Indian history about a movement that was qualitatively different from all other Indian religious movements......

An analytical study, well authenticated
Hardbound, Pages 300, Price : Rs. 110/-
Order your copy to SEDH, A-42, Defence Colony, New Delhi-24.


---

ਸਾਹਿਤ ਸਭਾਵਾਂ/ਲਿਖਾਰੀ ਕੇਂਦਰਾਂ ਲਈ ਖਾਸ ਰਿਆਇਤ

ਦਸ ਮੈਂਬਰ ਪੰਦਰਾਂ ਪੰਦਰਾਂ ਰੁਪੈ ਅਤੇ ਵੀਹ ਮੈਂਬਰ ਸਾਢੇ ਬਾਰ੍ਹਾਂ ਬਾਰਾਂ ਰੁਪੈ ਇਕਠੇ ਕਰ ਕੇ, ਸਾਨੂੰ ਰਕਮ ਯਕਮੁਸ਼ਤ ਭੇਜ ਕੇ ਸਾਲ ਭਰ ਸੇਧ ਪ੍ਰਾਪਤ ਕਰ ਸਕਦੇ ਹਨ । ਹਰ ਮਹੀਨੇ ਪਰਚੇ ਦੀਆਂ ਕਾਪੀਆਂ ਇਕ ਐਡਰੈਸ 'ਤੇ ਪੈਕਟ ਦੀ ਸ਼ਕਲ ਵਿਚ ਭੇਜੀਆਂ ਜਾਣਗੀਆਂ । —ਮਨੇਜਰ ਸੇਧ

## ਗਵਾਚੇ ਘਰ ਦੀ ਤਲਾਸ਼ :
## ਜਗਤਾਰ ਢਾਅ

ਇਸ ਸਦੀ ਦੇ ਸ਼ੁਰੂ ਵਿਚ ਜਦ ਪ੍ਰਸਿਧ ਉਰਦੂ ਕਵੀ ਮੁਹੰਮਦ ਇਕਬਾਲ ਯੂਰਪ ਵਿਚ ਫਲਸਫੇ ਦੀ ਪੜ੍ਹਾਈ ਲਈ ਗਿਆ ਤਾਂ ਉਸ ਨੇ ਮਰਨਾਊ ਪੂੰਜੀਵਾਦੀ ਸਭਿਅਤਾ ਉਤੇ ਕਟਾਖ ਕਰਦੇ ਹੋਏ ਕਿਹਾ ਸੀ ਕਿ "ਤੁਹਾਡੀ ਤਹਿਜ਼ੀਬ ਆਪਣੇ ਹਥੀਂ ਖੁਦਕਸ਼ੀ ਕਰੇਗੀ—ਨਾਜ਼ਕ ਸ਼ਾਖ ਉਤੇ ਜੋ ਆਲ੍ਹਣਾ ਤੁਸਾਂ ਪਾਇਆ ਹੈ, ਨਾਪਾਇਦਾਰ ਹੈ" ਅਤੇ ਇਸ ਤਰ੍ਹਾਂ ਉਸ ਨੇ ਪਰੋਖ ਰੂਪ ਵਿਚ ਆਪਣੇ ਪੂਰਬੀ ਸਭਿਆਚਾਰ ਦੀ ਵਡਿਆਈ ਕੀਤੀ ਸੀ। ਉਹਨਾਂ ਦਿਨਾਂ ਵਿਚ ਪੰਜਾਬੀ ਕਵੀ ਪੂਰਨ ਸਿੰਘ ਜਾਪਾਨ ਵਿਖੇ ਵਿਗਿਆਨ ਦੀ ਪੜ੍ਹਾਈ ਕਰਨ ਲਈ ਗਿਆ ਤਾਂ ਪਰਤ ਕੇ ਉਹ ਵੀ ਆਪਣੇ ਮੂਲ (ਪੰਜਾਬੀ) ਸਭਿਆਚਾਰ ਦੀ ਤੁਲਨਾ ਬਾਹਰ ਦੇ ਦਸੌਰੀ ਵਾਤਾਵਰਨ ਨਾਲ ਕਰਦੇ ਹੋਏ ਕੂਕ ਉਠਿਆ ਕਿ ਮੈਂ ਦੁਨੀਆ ਘੁੰਮ ਆਇਆ ਹਾਂ, ਪਰ ਪੰਜਾਬ ਜਿਹਾ ਦੇਸ ਮੈਨੂੰ ਹੋਰ ਕਿਧਰੇ ਨਹੀਂ ਦਿਸਿਆ। ਪੰਜਾਬ ਦੇ ਸਭਿਆਚਾਰ ਦੀ ਤੁਲਨਾਤਮਕ ਵਡਿਆਈ ਦਾ ਅਹਿਸਾਸ ਪੂਰਨ ਸਿੰਘ ਦੀ ਕਵਿਤਾ ਦਾ ਇਕ ਮੀਰੀ ਗੁਣ ਹੈ। ਸ਼ਾਇਦ ਹੋਰ ਕਿਸੇ ਕਵੀ ਨੇ ਇਸ ਵਡਿਆਈ ਨੂੰ ਇਤਨੀ ਸ਼ਿੱਦਤ ਨਾਲ ਮਹਿਸੂਸ ਨਹੀਂ ਕੀਤਾ।

ਇਸ ਤਰ੍ਹਾਂ ਇਕਬਾਲ ਅਤੇ ਪੂਰਨ ਸਿੰਘ ਨੇ ਇਕ ਵਡੇਰੇ ਪਰੀਪੇਖ ਵਿਚ ਆਪਣੇ ਦੇਸ਼, ਧਰਮ ਤੇ ਸਭਿਆਚਾਰ ਦੀ ਵਡਿਆਈ ਦੇ ਗੌਰਵ ਨੂੰ ਦਾਰਸ਼ਨਿਕ ਰੰਗ ਵਿਚ ਗਾਇਆ ਹੈ।

ਬਾਅਦ ਵਿਚ ਗੁਰਬਖਸ਼ ਸਿੰਘ ਲਿਖਤ ਜੀਤਾਂ ਵਲ ਚਿਠੀਆਂ ਵਿਚ 'ਨਿੱਜ ਘਰ' ਦੇ ਮੁਕਾਬਲੇ ਉਤੇ 'ਪਰਦੇਸ' ਦਾ ਦਵੰਦਾਤਮਕ ਟਾਕਰਾ, 'ਛਜੂ ਦੇ ਚੁਬਾਰੇ' ਦੀ ਵਡਿਆਈ ਦੇ ਅਰਥਾਂ ਵਿਚ ਮਿਲਦਾ ਹੈ। ਪਰ ਗੁਰਬਖਸ਼ ਸਿੰਘ ਅਤੇ ਕਮਲਾ ਅਕਾਲੀ ਦੋਵਾਂ ਦੇ ਸਫਰਨਾਮਿਆਂ ਵਿਚ ਪਰਦੇਸ ਦੇ ਅਨੁਭਵ ਨੂੰ ਵਿਅਕਤੀਗਤ ਰੰਗਾਂ ਵਿਚ ਪੇਸ਼ ਕੀਤਾ ਗਿਆ, ਜਿਵੇਂ ਕਿ ਬਾਅਦ ਦੇ ਸਫਰਨਾਮਿਆਂ (ਧੀਰ ਅਤੇ ਟਿਵਾਣਾ ਵਾਲਿਆਂ) ਵਿਚ ਵੀ। ਇਹਨਾਂ ਸਫਰਨਾਮਿਆਂ ਦੇ ਕਰਤਾ ਰੋਜ਼ੀ ਰੋਟੀ ਦੀ ਭਾਲ ਵਿਚ ਉਥੇ ਨਹੀਂ ਗਏ ਸਨ; ਪੜ੍ਹਾਈ ਜਾਂ ਸੈਰ-ਸਪਾਟੇ ਲਈ ਗਏ ਸਨ। ਏਸੇ ਕਰਕੇ, ਰੋਜ਼ਗਾਰ ਦੀ ਤਲਾਸ਼ ਵਿਚ ਓਧਰ ਗਏ ਪੰਜਾਬੀ ਲੇਖਕਾਂ ਨੂੰ ਜੋ ਮਾਨਸਕ ਅਨੁਭਵ ਪ੍ਰਾਪਤ ਹੋਇਆ ਉਹ ਇਕ ਦਮ ਹੀ ਨਵੀਂ ਪ੍ਰਕਾਰ ਦਾ ਅਨੁਭਵ ਹੈ, ਜੋ ਇਸ ਤੋਂ ਪਹਿਲਾਂ ਓਧਰ ਹੋ ਕੇ ਆਏ ਵਿਅਕਤੀਆਂ ਦੇ ਹਿੱਸੇ ਨਹੀਂ ਸੀ ਆ ਸਕਦਾ। ਇਹਨਾਂ ਪਰਵਾਸੀਆਂ ਦੀ ਮਨੋਸਥਿਤੀ (Psyche) ਵਖਰੀ ਭਾਂਤ ਦੀ ਹੈ।

"ਵਧੀਆ ਰੁਜ਼ਗਾਰ ਜਾਂ ਅਮੀਰ ਬਣਨ ਦੀ ਲਾਲਸਾ ਵਿਚ ਕਿੰਨੇ ਹੀ ਪੰਜਾਬੀ ਹੋਰ ਭਾਰਤੀਆਂ



ਵਾਂਗ ਅਮੀਰ ਤੇ ਸਰਮਾਏਦਾਰ ਮੁਲਕਾਂ ਵਿਚ 'ਆਪਣੀ' ਧਰਤੀ ਛਡ ਕੇ ਚਲੇ ਜਾਂਦੇ ਹਨ। ਚੰਗਾ ਪੈਸਾ ਕਮਾ ਕੇ ਚੰਗੇ 'ਅਮੀਰ' ਵੀ ਬਣ ਜਾਂਦੇ ਹਨ। ਜੀਵਨ ਦੀਆਂ ਪਦਾਰਥਕ ਲੋੜਾਂ ਦੀ ਪੂਰਤੀ ਹੀ ਕਾਫੀ ਨਹੀਂ। ਇਹ ਤਾਂ ਸਾਡੀਆਂ ਪਸ਼ੂ ਪਧਰ ਤਕ ਦੀਆਂ ਲੋੜਾਂ ਹਨ, ਅਸਲ ਜ਼ਿੰਦਗੀ ਤਾਂ ਇਸ ਤੋਂ ਅਗਾਂਹ ਸ਼ੁਰੂ ਹੁੰਦੀ ਹੈ। ਇਸ ਤੋਂ ਅਗਾਂਹ ਰੂਹ ਦੀਆਂ ਲੋੜਾਂ ਹਨ, ਜਿਨ੍ਹਾਂ ਦੀ ਥੁੜ ਲਖ ਪਦਾਰਥ ਹੋਣ 'ਤੇ ਵੀ ਬੰਦੇ ਨੂੰ 'ਲਖ ਤੋਂ ਕਖ' ਦਾ ਬਣਾ ਧਰਦੀ ਹੈ। ਮਨੁਖ ਜਿਸ ਧਰਤੀ 'ਤੇ ਜੰਮਦਾ ਪਲਦਾ ਤੇ ਵੱਡਾ ਹੁੰਦਾ ਹੈ, ਉਥੋਂ ਦਾ ਕੋਈ ਕਲਚਰ ਵੀ ਹੁੰਦਾ ਹੈ। ਇਸ ਕਲਚਰ ਦੀਆਂ ਆਪਣੀਆਂ ਵਿਸ਼ੇਸ਼ ਤੇ ਨਿਵੇਕਲੀਆਂ ਕਦਰਾਂ-ਕੀਮਤਾਂ ਹੁੰਦੀਆਂ ਹਨ। ਇਹ ਕਦਰਾਂ-ਕੀਮਤਾਂ ਹੀ ਉਸ ਧਰਤੀ ਦੇ ਮਨੁਖ ਦੀ ਸ਼ਖਸੀਅਤ ਬਣਦੀਆਂ ਹਨ। ਇਹੀ ਕਦਰਾਂ-ਕੀਮਤਾਂ ਉਸ ਦੀ ਮਾਨਸਿਕਤਾ ਦਾ ਅਨਿਖੜਵਾਂ ਅੰਗ ਬਣ ਜਾਂਦੀਆਂ ਹਨ। ਉਹ ਜੋ ਕੁਝ ਵੀ ਹੈ, ਇਸ ਕਲਚਰ ਦਾ ਬਣਾਇਆ ਹੈ। ਇਸ ਲਈ ਜਦੋਂ ਕੋਈ ਮਨੁਖ 'ਪਰਾਈ' ਧਰਤੀ ਦੇ ਕਲਚਰ ਵਿਚ ਜਾ 'ਵਸਦਾ' ਹੈ ਤਾਂ ਉਸ ਦੀ ਸ਼ਖਸੀਅਤ ਜਾਂ ਹੋਂਦ ਨੂੰ ਕਲਚਰ ਦੇ ਇਸ ਸੰਕਟ ਦਾ ਸਾਹਮਣਾ ਕਰਨਾ ਪੈਂਦਾ ਹੈ।"

ਇਹ ਸ਼ਬਦ ਅਜਮੇਰ ਸਿਘ ਔਲਖ ਨੇ ਅਜਮੇਰ ਰੋਡੇ ਦੇ ਇਕਾਂਗੀ-ਸੰਗ੍ਰਹਿ 'ਦੂਜਾ ਪਾਸਾ' ਦਾ ਰੀਵੀਊ ਕਰਦੇ ਕਹੇ ਹਨ ਜੋ ਜਗਤਾਰ ਢਾਅ ਦੇ ਸੱਜਰੇ ਕਾਵਿ-ਸੰਗ੍ਰਹਿ ਗੁਆਚੇ ਘਰ ਦੀ ਤਲਾਸ਼ ਬਾਰੇ ਵੀ ਬਿਨਾਂ ਲਗ-ਮਾਤਰ ਦੇ ਫਰਕ ਦੇ ਕਹੇ ਜਾ ਸਕਦੇ ਹਨ। ਪਛਮੀ ਦੇਸਾਂ ਵਿਚ ਵੱਸ ਰਹੇ ਪੰਜਾਬੀਆਂ ਨੂੰ ਮਾਨਸਕ ਪਰੇਸ਼ਾਨੀਆਂ ਅਤੇ ਹੋਰ ਕਠਨਾਈਆਂ ਦਾ ਜੋ ਸਾਹਮਣਾ ਪਰਵਾਸੀ ਹੋਣ ਦੀ ਹੈਸੀਅਤ ਵਿਚ ਕਰਨਾ ਪੈਂਦਾ ਹੈ ਉਸ ਦਾ ਵਰਨਣ ਕਵਿਤਾ ਦੀ ਸ਼ਕਲ ਵਿਚ ਗੁਰਨਾਮ ਗਿੱਲ (ਸਵੈ ਤੋਂ ਸਰਬ ਤਕ) ਹਰਜੀਤ ਦੌਧਰੀਆ (ਸੱਚੇ ਮਾਰਗ ਚਲਦਿਆਂ) ਸੁਰਿੰਦਰ ਧੰਜਲ ਅਤੇ ਰਾਮੂਵਾਲੀਆ (ਤਿੰਨ ਕੋਨ) ਕਰ ਚੁੱਕ ਹਨ। ਰਵਿੰਦਰ ਰਵੀ ਅਤੇ ਅਜਾਇਬ ਕਮਲ ਦੇ ਨਾਮ ਤਾਂ ਇਸ ਖੇਤਰ ਵਿਚ ਪੁਰਾਣੇ ਵੀ ਹੋ ਚੁਕੇ ਹਨ। ਸਾਥੀ ਲੁਧਿਆਣਵੀ, ਕੈਲਾਸ਼ ਪੁਰੀ, ਸ਼ੇਰ ਜੰਗ ਜਾਂਗਲੀ, ਰਘਬੀਰ ਢੰਡ, ਦਰਸ਼ਨ ਸਿੰਘ ਧੀਰ, ਰਣਜੀਤ ਧੀਰ ਅਤੇ ਪ੍ਰੀਤਮ ਸਿਧੂ ਆਪਣੀ ਵਾਰਤਕ ਵਿਚ ਇਸ ਵਿਸ਼ੇ ਨੂੰ ਚੰਗੀ ਸਫਲਤਾ ਨਾਲ ਇਸ ਕਰਕੇ ਨਿਭਾ ਸਕੇ ਹਨ ਕਿਉਂਕਿ ਇਹ ਉਹਨਾਂ ਦਾ ਹੱਡ-ਵਰਤਿਆ ਅਨੁਭਵ ਹੈ। ਪਰ ਜਗਤਾਰ ਢਾਅ ਦੀ ਵਿਲੱਖਣਤਾ ਇਹ ਹੈ ਕਿ ਉਸ ਨੇਂ ਆਪਣੀ ਸਵੈ-ਜੀਵਨਕ ਮਾਨਸਿਕਤਾ ਨੂੰ ਇਕ ਪ੍ਰਬੰਧ-ਕਾਵਿ ਅਤੇ ਮਹਾਂ-ਕਾਵਿ ਦੇ ਵਿਚਾਲੇ ਜਿਹੇ ਪੇਸ਼ ਕਰਨ ਦਾ ਸਫਲ ਜਤਨ ਕੀਤਾ ਹੈ। ਇਹ ਦੋ ਪੀੜ੍ਹੀਆਂ ਦੀ ਕਹਾਣੀ ਹੈ—ਪਿਤਾ ਅਤੇ ਪੁਤਰ ਦੀ। ਦੋਵਾਂ ਨੂੰ ਹੀ ਆਪਣਾ ਘਰ-ਘਾਟ ਛਡ ਕੇ ਰੋਜ਼ੀ ਦੀ ਖਾਤਰ ਪਰਦੇਸ ਵਿਚ ਭਟਕਣਾ ਪੈਂਦਾ ਹੈ। ਲੇਖਕ ਨੂੰ ਇਹ ਚੰਗੀ ਤਰ੍ਹਾਂ ਯਾਦ ਹੈ ਕਿ ਕਿਵੇਂ ਉਸ ਦਾ ਪਿਉ ਬਾਲ-ਬੱਚੇ ਤੇ ਪਤਨੀ ਦੇ ਮੋਹ ਨੂੰ ਛਡ ਕੇ ਵਲਾਇਤ ਜਾਣ ਲਈ ਮਜਬੂਰ ਹੋਇਆ ਸੀ, ਪਰ ਓਥੇ ਵੀ ਉਸ ਨੂੰ ਪਿੰਡ ਦੇ ਬੋਹੜ ਦੀ ਛਾਂ ਅਤੇ ਬੀਅਰ ਦੀ ਥਾਂ ਗੰਨੇ ਦੀ ਰਹੁ ਦੀ ਯਾਦ ਸਤਾਉਂਦੀ ਰਹੀ ਅਤੇ ਦੂਜੇ ਪਾਸੇ ਕਾਲੇ-ਗੋਰੇ ਦਾ ਵਿਤਕਰਾ ਉਸ ਨੂੰ ਪਰੇਸ਼ਾਨ ਕਰਦਾ ਰਿਹਾ। ਪਤਨੀ ਦੇ ਤਨ ਦੇ ਬਗੈਰ ਹੋਰ ਕੋਈ ਤਨ ਉਸ ਨੂੰ ਸਖਾਉਂਦਾ ਨਹੀਂ ਸੀ, ਕਿਉਂਕਿ ਸਰਾਪੀ ਅੱਗ ਦਾ ਨਿਘ ਉਸ ਦਾ ਪਿੰਡਾ ਨਹੀਂ ਸੀ ਮਘਾ ਸਕਦਾ। ਉਸ ਨੇ ਘਰ ਵਾਲੀ ਨੂੰ ਲਿਖਿਆ ਕਿ—"ਮੇਰੇ ਤਨ ਨੂੰ ਕਾਲੇ ਰੰਗ ਦਾ ਸਰਾਪ ਹੈ/ਇਸ ਧਰਤੀ ਉਤੇ ਕਾਲਾ ਰੰਗ ਪਾਪ ਹੈ।" ਘਰ ਪਰਤ ਕੇ ਉਸ ਕਿਹਾ ਸੀ : "ਉਹ ਮੇਰਾ ਸੂਰਜ ਨਾ ਕਹਾਊ/ਜੋ ਗੋਰੀ ਧਰਤ ਉਤੇ ਜਾਊ/ਤੇ ਉਸ ਨੇ ਆਪਣੇ ਸੂਰਜਾਂ ਸਾਹਵੇਂ/ਕਾਗਜ਼ ਦਾ ਦਲਾਲ/ਦਿਤਾ ਸੀ ਚੁੱਲ੍ਹੇ ਵਿਚ ਬਾਲ।" ਫੇਰ ਕੀ ਹੋਇਆ ?

''ਪਿੰਡ ਦੇ ਦਰਵਾਜ਼ੇ ਬੈਠੀ ਟਿੱਚਰ/ਨਿੱਤ ਸਾਡੇ ਰਾਹ ਉਲੰਘਦੀ ਸੀ 'ਕਰਮ ਸਿਹੁੰ ਕਰਮਾਂ ਨੂੰ ਲੱਤ ਮਾਰ ਆਇਆ' ਦੀ ਬੋਲੀ/ਨਿੱਤ ਸਾਡੇ ਭੁਖੇ ਢਿੱਡਾਂ ਵਿਚੋਂ/ਅੱਗ ਵਾਂਗੂੰ ਲੰਘਦੀ ਸੀ।'' (21)

ਆਖਰ ਪਿਉ ਦੇ ਅੰਦਰ ਦੇ ਬੌਣੇ ਮਨੁਖ ਦੀ ਜਿੱਤ ਹੋਈ ਜਿਸ ਦੇ ਸਾਹਵੇਂ ਲੰਮ-ਸਲੰਮੇ ਪੂਰੇ ਆਦਮੀ ਨੂੰ ਗੋਡੇ ਟੇਕਣੇ ਪਏ ਅਤੇ ਪਿਉ ਨੂੰ ਮੁੜ ਗੁਆਚੇ ਘਰ ਦੀ ਤਲਾਸ਼ ਲਈ ਪਰਦੇਸ ਜਾਣਾ ਪਿਆ। ਕੈਸੀ ਹੈ ਇਹ ਦਸੌਰ ਦੀ ਧਰਤੀ ? ''ਇਥੇ ਤਾਂ ਰੂਹਾਂ ਕਿਲੀਆਂ ਉਤੇ ਟੰਗ/ਮਾਸ ਦੇ ਲੋਥੜੇ ਨੱਚਦੇ ਹਨ/ਖੁਸ਼ਬੂ ਸਖਣੇ ਫੁਲ ਹੱਸਦੇ ਹਨ।'' (27) ਆਪਣੇ ਘਰ-ਘਾਟ ਤੋਂ ਵਿਛੜਿਆ ਉਹ ਆਪਣੇ ਆਪ ਨੂੰ ਅਜਿਹੀ ਸੜੀ ਹੋਈ ਚਮੜੀ ਮਹਿਸੂਸ ਕਰਦਾ ਹੈ ਜੋ ਬਾਕੀ ਚਮੜੀ ਨਾਲ ਹੁਣ ਕਦੇ ਵੀ ਰਲ ਨਹੀਂ ਸਕਦੀ। ਠੀਕ ਹੈ ਕਿ 'ਪੂੰਜੀਵਾਦੀ ਜਮਹੂਰੀਅਤ ਦੇ ਇਸ ਦੇਸ ਵਿਚ ਔਰਤ ਆਜ਼ਾਦ' ਹੈ, ਕਈ ਸਮਾਜਕ ਸਹੂਲਤਾਂ ਮਿਲੀਆਂ ਹੋਈਆਂ ਹਨ : ''ਬਾਪ ਦੀ ਅਰਥੀ ਉਠਣ ਨਾਲ ਇਥੇ/ਬਚਿਆਂ ਦੇ ਸਿਰ ਉਤੋਂ ਛਾਂ ਨਹੀਂ ਉਠਦੀ/ਭਰਾ ਦੇ ਮਰਨ ਨਾਲ/ਭਰਾ ਦੀ ਬਾਂਹ ਨਹੀਂ ਕਟਦੀ'', ਪਰ ਮਨ ਹੀ ਮਨ ਵਿਚ ਉਹ ਪੂਰੀ ਤੀਬਰਤਾ ਨਾਲ ਅਨੁਭਵ ਕਰਦਾ ਹੈ ਕਿ ''ਹੁਣ ਤਾਂ ਇਹ ਧਰਤੀ ਸਾਡੇ ਲਈ ਹੈ ਇਉਂ/ਸੱਪ ਮੂੰਹ ਕਿਰਲੀ ਹੈ ਜਿਉਂ।'' ਨਸਲੀ ਵਿਤਕਰੇ ਦਾ ਸਪੋਲੀਆ ਪੈਰ ਪੈਰ 'ਤੇ ਉਹਨਾਂ ਨੂੰ ਡੰਗਦਾ ਹੈ। ਉਹ ਅਜਿਹੇ ਵਾਤਾਵਰਨ ਵਿਚ ਰਹਿੰਦੇ ਹਨ ਕਿ ਮਰਨ ਉਤੇ ਵੀ ਗਵਾਂਢੀ ਦੀ ਅੱਖ ਤਕ ਨਹੀਂ ਭਰਨੀ। ਫੇਰ ਇਸ ਦੇਸ ਨੂੰ ਛਡ ਕੇ ਜਾਣ ਵੀ ਤਾਂ ਕਿਥੇ ? ਇਹਨਾਂ ਦੇ ਬੱਚੇ ਏਸੇ ਦੇਸ ਨੂੰ ਆਪਣੀ ਮਾਤ-ਭੂਮੀ ਸਮਝ ਬੈਠੇ ਹਨ, ਪਰ ਨਾਲ ਹੀ 'ਕਾਲੇ ਹਰਾਮ ਦੇ', 'ਗੰਦ ਦੇ ਕੀੜੇ' ਜਿਹੇ ਅਲਾਪ ਵੀ ਸੁਣਦੇ ਹਨ। ਇਸ 'ਲੋਕ-ਰਾਜ' ਵਿਚ ''ਹੁਕਮਰਾਨ ਪਾਰਟੀਆਂ ਦਾ ਬਦਲਣਾ/ਸਾਈਨ-ਬੋਰਡਾਂ ਨੂੰ ਬਦਲਣ ਦਾ ਹੈ ਇਕ ਜਾਲ/ਵੱਖ ਵੱਖ ਬੁਰਕਿਆਂ ਹੇਠ/ਪਲਦੀ ਇਕੋ ਸਰਾਲ੍……ਉਂਜ ਤਾਂ ਇਹ 'ਦਾਤਾ'/ਅਜ ਕਲ੍ਹ ਆਪਣੇ ਆਪ ਨੂੰ/ਅਜ਼ਾਦ ਕੌਮਾਂ ਦਾ ਹਾਮੀ ਕਹਾਉਂਦਾ/ਪਰ ਆਇਰਲੈਂਡ ਵਿਚ ਚਮਕਦੇ ਸੂਰਜ ਨੂੰ ਬੁਝਾਉਣ ਲਈ/ਨਿੱਤ ਫਾਇਰ-ਬਰਗੇਡ ਭਿਜਵਾਉਂਦਾ।'' (41)

ਗਿਲਾ ਉਸ ਨੂੰ ਏਥੋਂ ਦੇ ਹਾਕਮਾਂ ਨਾਲ ਨਹੀਂ ਜੋ ਆਪਣੇ ਜਮਾਤੀ ਫਰਜ਼ ਪੂਰੀ ਵਫਾਦਾਰੀ ਨਾਲ ਨਿਭਾਉਂਦੇ ਹਨ। ਉਸ ਨੂੰ ਤਾਂ ਗਿਲਾ ਆਪਣੇ ਆਪ ਨਾਲ ਤੇ ਆਪਣੇ ਵਰਗੇ ਹੋਰਨਾਂ ਨਾਲ ਹੈ ਜੋ ਮੋਤੀ ਬਣਨ ਦੇ ਇਛਕ, ਸਿਪੀਆਂ ਵਿਚ ਬੈਠੇ, ਆਪਾ ਹੰਢਾਉਂਦੇ ਹਨ, ਕਿਉਂਕਿ ''ਹੁਣ ਅਸੀਂ ਇਥੇ ਉਸ ਘੁਗੀ ਦੀ ਜ਼ਿੰਦਗੀ ਨਿਭਾਂਦੇ/ਜਿਸ ਦੇ ਜਜ਼ਬਿਆਂ ਦੇ ਆਂਡਿਆਂ ਨੂੰ/ਨਸਲੀ ਨਾਗ ਪੀ ਜਾਂਦੇ '' (67)

ਕਵੀ ਨੂੰ ਉਹ ਸੂਰਮੇ ਯਾਦ ਆਉਂਦੇ ਹਨ ਜੋ ਕਦੇ ਉਤਰੀ ਅਮਰੀਕਾ ਤੋਂ ਆਪਣੇ ਦੇਸ ਦੀ ਕਿਸਮਤ ਬਨਾਉਣ ਲਈ ਵਾਪਸ ਘਰਾਂ ਵਲ ਪਰਤੇ ਸਨ। ਏਸੇ ਕਰਕੇ ਉਹ ਇਸ ਨਿਸਚੇ ਉਤੇ ਪੁਜਾ ਹੈ ਕਿ ਜਦ ਤਕ ਆਪਣੇ ਦੇਸ਼ ਦਾ ਵਕਾਰ ਅਤੇ ਸਤਕਾਰ ਨਹੀਂ ਬਣਦਾ, ਆਪਣੇ ਦੇਸ਼ ਵਿਚ ਰਹਿਣ ਵਾਲਿਆਂ ਨੂੰ ਸਮਾਜਕ ਨਿਆਂ ਨਹੀਂ ਮਿਲਦਾ, ਗੋਰੀ ਧਰਤ ਉਤੇ ਸਾਨੂੰ ਮਾਨ ਤੇ ਸਤਕਾਰ ਨਾਲ ਜੀਊਣਾ ਨਸੀਬ ਨਹੀਂ ਹੋ ਸਕਦਾ। ਇਸ ਤਰ੍ਹਾਂ ਜਗਤਾਰ ਢਾਅ ਆਪਣੇ ਨਿੱਜ ਦੀ ਹੋਣੀ ਨੂੰ, ਇਕ ਪਰਵਾਸੀ ਦੀ ਹੋਣੀ ਨੂੰ, ਦੇਸ ਦੀ ਹੋਣੀ ਨਾਲ ਜੋੜਦਾ ਅਤੇ ਦੇਸ਼ ਵਾਸੀਆਂ ਦੇ ਕਲਿਆਨ ਲਈ ਚਲ ਰਹੇ ਘੋਲ ਨੂੰ ਹੀ ਪਰਵਾਸੀਆਂ ਦੇ ਭਾਵੀ ਕਲਿਆਨ ਦਾ ਆਧਾਰ ਮਿਥਦਾ ਹੋਇਆ ਇਕ ਸਹੀ ਸਮਾਜਕ-ਸਭਿਆਚਾਰਕ ਸੂਝ ਦਾ ਪ੍ਰੀਚੈ ਦੇਂਦਾ ਹੈ। —ਹਿੰਮਤ ਸਿੰਘ ਸੋਢੀ

---

ਨੋਟ : ਡਾਇਰੇਕਟਰ, ਸਿਖਿਆ ਵਿਭਾਗ, ਪੰਜਾਬ ਦੀ ਚਿੱਠੀ ਨੰ: 3/63-72 ਐ: ਮਿਤੀ ਪੰ: 21.7.73 ਅਨੁਸਾਰ ਸੇਧ ਕਾਲਜਾਂ ਦੀਆਂ ਲਾਇਬ੍ਰੇਰੀਆਂ ਲਈ ਮੰਨਜ਼ੂਰ ਹੈ।



# ਲੇਖਕ/ਪਾਠਕ ਕਹਿੰਦੇ ਹਨ

o ਪੜ੍ਹਿਆ ਕਿ ਹੜ੍ਹਿਆ : ਅਜਮੇਰ ਸਿੰਘ ਔਲਖ : ਜੁਲਾਈ ਅੰਕ ਵਿਚ ਅਜਮੇਰ ਸਿੰਘ ਔਲਖ ਦਾ 'ਨੀਮ ਹਕੀਮ ਖਤਰਾ ਏ ਜਾਨ' ਵਾਲਾ ਨੁਸਖ਼ਾ ਪੜ੍ਹਿਆ। ਇਹ ਤਾਂ ਉਹ ਗੱਲ ਹੋਈ ''ਅਖੇ ਤੂੰ ਤਾਂ ਮੁੰਡਿਆ ਪੜ੍ਹ ਕੇ ਹੜ੍ਹ ਗਿਆਂ।'' ਏਂਗਲਜ਼ ਦੇ ਨਾਂ ਨੂੰ ਵੱਟਾ ਲਾਉਂਦੇ, ਅੰਗਰੇਜ਼ੀ ਦੀਆਂ ਟੂਕਾਂ ਭਰੇ ਦੋ ਪੈਰੇ; ਵਿਚ ਔਲਖ ਦਾ ਕੁਝ ਵੀ ਨਹੀਂ ! ਕੋਈ ਪਿੰਡ ਦਾ ਮੁੰਡਾ ਮਿਲਟਰੀ 'ਚ ਦੋ ਸਾਲ ਲਾ ਆਇਆ; ਲਗਾ ਮਾਰਨ ਆ ਕੇ ਅੰਗਰੇਜ਼ੀ ਦੇ 'ਤਾਤੇ ਬਾਤੇ' ਤੇ ਲਾਉਣ ਲਗਿਆ ਆਪਣੀ ਮਾਂ ਦੇ ਘੱਗਰੇ ਨੂੰ ਚੋਬ੍ਹ ਅਖੇ ਓਥੇ ਤੰਬੂ ਏਦਾਂ ਬਣਾਉਂਦੇ ਸੀ। ਡਰਿਲ ਕਰਾਉਣ ਲਈ ਫਾਲਨ ਕਰ ਲਏ ਘਰ ਦੇ ਜੀਅ। 'ਬੱਚਾ ਹੋਣ ਵਾਲੀ' ਆਪਣੀ ਘਰ ਵਾਲੀ ਦੇ ਵਧੇ ਪੇਟ ਨੂੰ ਦੇਖ ਕੇ ਕਹਿਣ ਲੱਗਾ ''ਦੈਟ ਥਰਡ ਫੈਲੋ ਡੀਢ ਪੀਛੇ। ਯੇ 'ਗੁਦੜ ਮਾਲ' ਯਹਾਂ ਨਹੀਂ ਚਲੇਗਾ। ਹਮਾਰੇ 'ਸਾਹਿਬ' ਕਹਿਤੇ ਥੇ ਰਿਸ਼ਟ ਪੁਸ਼ਟ ਏਕ ਦਮ ਸੀਧੇ ਸਰੂ ਕੀ ਮਾਫਕ। ਸਮਝੇ !'' ਵਿਚਾਰੇ ਫੌਜੀ ਨੂੰ ਕੀ ਪਤਾ ਕਿ ਸਾਹਬ ਤਾਂ ਠੀਕ ਹੀ ਕਹਿੰਦੇ ਸੀ ਪਰ ਕਿਸ ਸਥਿਤੀ 'ਚ ਉਨ੍ਹਾਂ ਇਹ ਗੱਲ ਕਹੀ—ਇਸ ਦੀ ਸਮਝ ਨਾ ਫੌਜੀ ਨੂੰ ਪਈ ਤੇ ਨਾ ਹੀ ਅਜਮੇਰ ਔਲਖ ਨੂੰ।

ਸਾਡੇ ਪੰਜਾਬੀ ਮਾਰਕਸੀ ਚਿੰਤਕਾਂ ਨੇ ਦੋ ਵਾਕਾਂ ਨੂੰ ਬੜੇ ਜ਼ੋਰ ਸ਼ੋਰ ਨਾਲ ਘਸਾਇਆ ਹੈ ''ਮਾਰਕਸਵਾਦ ਕਿ ਕੋੜ੍ਹਵਾਦ'' ਅਤੇ ''ਰਾਜ ਸੱਤਾ ਬੰਦੂਕ ਦੀ ਨਾਲੀ ਵਿਚੋਂ ਨਿਕਲਦੀ ਹੈ''। ਅਸੀਂ ਸਾਰੇ ਜਾਣਦੇ ਹਾਂ ਕਿ ਅਜਮੇਰ ਔਲਖ ਕਾਫੀ ਸਮਾਂ ''ਰਾਜ ਸਤਾ ਬੰਦੂਕ ਦੀ ਨਾਲੀ ਵਿਚੋਂ ਨਿਕਲਦੀ ਹੈ'' ਵਾਕ ਦੀ ਰੱਟ ਲਾਉਂਦਾ ਰਿਹਾ ਹੈ। ਪਰ ਹੁਣ ਪਿਛਲੇ ਕੁਝ ਸਾਲਾਂ ਤੋਂ 'ਇਕ ਢਾਣੀ ਦੀ ਸਾਜ਼ਿਸ਼' ਨਾਲ ਸਾਂਝ ਪਾ ਕੇ 'ਆਪਣੇ ਤੋਂ ਛੁਟ' ਬਾਕੀ ਮਾਰਕਸਵਾਦੀਆਂ ਨੂੰ ਕੋੜ੍ਹਵਾਦੀ ਕਹਿਣ 'ਤੇ ਜ਼ੋਰ ਲਾ ਰਿਹਾ ਹੈ। ਇਹ ਢਾਣੀ ਵਖਰੇ ਵਖਰੇ ਪੈਂਤੜੇ ਤੋਂ ਮਾਰਕਸਵਾਦੀ ਵਿਚਾਰਧਾਰਾ ਦੀ ਪ੍ਰਮੁਖ ਰੌਅ ਨੂੰ ਖੁੰਡਾ ਕਰਨ ਲਈ ਆਪਣੀ ਆਪਣੀ 'ਸੂਝ' ਅਨੁਸਾਰ ਵਖਰੇ ਵਖਰੇ ਨਾਹਰੇ ਲਾ ਰਹੀ ਹੈ। ਕਿਤੇ ਪ੍ਰੋ: ਕਿਸ਼ਨ ਸਿੰਘ ਦੇ 'ਮਾਇਆ' 'ਇਕਾਨੋਮਿਜ਼ਮ' ਦੇ ਸਿਧਾਂਤ ਦੀ ਆੜ ਹੇਠ ਗੁਰਬਾਣੀ 'ਚੋਂ ਮਾਰਕਸਵਾਦ ਲਭਣ ਦੇ ਯਤਨ ਹੋ ਰਹੇ ਹਨ; ਕਿਧਰੇ 'ਜਾਗਦੀ ਜ਼ਮੀਰ' ਹੇਠ ਜਸਵੰਤ ਸਿੰਘ ਕੰਵਲ ਵਲੋਂ ਪੰਜਾਬੀ ਸੂਰਮਤਾ ਦੀ ਗੌਰਵਤਾ ਵਿਚੋਂ 'ਪੰਜਾਬੀ ਮਾਰਕਸਵਾਦ' ਲੱਭਣ ਦੇ ਯਤਨ ਹੋ ਰਹੇ ਹਨ। ਕਿਧਰੇ ਯੂਰੋ-ਕਮਿਊਨਿਜ਼ਮ ਦੇ ਨਾਂ ਹੇਠ ਪ੍ਰੋ: ਸੁਰਿੰਦਰ ਸਿੰਘ ਨਰੂਲਾ ਗੱਜ ਬੱਜ ਕੇ ਕਹਿ ਰਹੇ ਹਨ ਕਿ ਲੈਨਿਨ ਨੇ ਮਾਰਕਸਵਾਦ ਵਿਚ ਘਚੋਲਾ ਪਾ ਦਿਤਾ ਹੈ; ਭਾਰਤੀ ਕ੍ਰਮਿਊਨਿਸਟ ਪਾਰਟੀਆਂ ਕੁਰਾਹੇ ਪਈਆਂ ਰਹੀਆਂ। ਸਾਨੂੰ ਭਾਰਤੀ ਮਾਰਕਸਵਾਦ ਢੂੰਡਣ ਦੀ ਜ਼ਰੂਰਤ ਹੈ।'' ਕਿਧਰੇ ਪੰਜਾਬ ਦੀ ਸਾਇਕੀ ਵਿਚ 'ਜੋਗੀ ਉਤਰ ਪਹਾੜੋਂ ਆਏ' ਦੀ ਧਾਰਨਾ ਨੂੰ ਸਹੀ ਮੰਨ ਕੇ 'ਜੋਗੀਆਂ ਦੀ ਖੋਜ' ਵਿਚੋਂ ਮਾਰਕਸਵਾਦ ਲਭਣ ਦੀ ਅਣਥਕ ਕੋਸ਼ਿਸ਼ ਹੋ ਰਹੀ ਹੈ। ਇਹ ਜੁੰਡਲੀ ਆਪਸ ਵਿਚ ਵਿਰੋਧ ਰਖਦੀ

ਹੋਈ ਵੀ ਮਾਰਕਸਵਾਦ ਦਾ ਮਖੌਟਾ ਪਾ ਕੇ ਮਾਰਕਸਵਾਦ-ਵਿਰੋਧੀ ਡੌਰੂ ਬੜੀ ਉੱਚੀ ਵਜਾ ਰਹੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਆਪਣੇ ਆਪ ਨੂੰ 'ਮਾਰਕਸਵਾਦੀ' ਵੀ ਬੜੇ ਗਜ ਵਜ ਕੇ ਕਹਿੰਦੇ ਹਨ ਅਤੇ ਉਨਾਂ ਦੀਆਂ ਲਿਖਤਾਂ ਦੇ ਗਲਤ ਅਰਥ ਕੱਢ ਕੇ ਬੇਘਢੱਵੀ ਸਥਿਤੀ ਵਿਚ ਜੋੜ ਕੇ ਹਰ ਗੱਲ ਨੂੰ ਤਰੋੜ ਮਰੋੜ ਕੇ ਪੇਸ਼ ਕਰਨ ਦਾ ਇਨ੍ਹਾਂ ਠੇਕਾ ਲਿਆ ਹੋਇਆ ਹੈ।

ਅਜਮੇਰ ਔਲਖ ਦੇ ਸੰਦਰਭ ਵਿਚ ਮੈਂ ਦਸਣਾ ਚਾਹੁੰਦਾ ਹਾਂ ਕਿ ਜੋ ਅਰੋਪ "ਤੇਜਵੰਤ ਪਹਿਲਾਂ ਹੀ ਮਿਥੀ ਬੈਠਾ ਹੈ ਕਿ ਉਹ ਕੀ ਸਿੱਧ ਕਰਨਾ ਚਾਹੁੰਦਾ ਹੈ" ਉਹ ਮੇਰੇ ਉਤੇ ਲਾਉਂਦਾ ਹੈ ਉਹੀ ਅਰੋਪ ਬਿਲਕੁਲ ਔਲਖ ਦੇ ਆਪਣੇ ਉਤੇ ਲਗਦਾ ਹੈ। ਬੇਵਕੂਫੀ ਇਹ ਹੈ ਕਿ 'ਮੇਰੇ ਖਿਲਾਫ ਲਿਖਣ' ਦੀ ਧਾਰਨਾ ਦਾ ਆਧਾਰ ਗੁਰਦਿਆਲ ਸਿੰਘ ਦੀਆਂ ਲਿਖਤਾਂ ਨੂੰ ਬਣਾਉਣ ਦੀ ਥਾਂ ਏਂਗਲਜ਼ ਅਤੇ ਲੈਨਿਨ ਦੀਆਂ ਟੂਕਾਂ ਨੂੰ ਬਣਾਉਂਦਾ ਹੈ।

ਏਂਗਲਜ਼ ਦੇ ਜਿਨ੍ਹਾਂ ਸ਼ਬਦਾਂ ਨੂੰ ਉਹ ਯਾਦ ਕਰਦਾ ਹੈ, ਉਸ ਨੂੰ ਉਸ 'ਫੌਜੀ' ਵਾਂਗ ਸਮਝ ਹੀ ਨਹੀਂ ਕਿ ਉਹ ਕਦੋਂ ਅਤੇ ਕਿਨ੍ਹਾਂ ਬਾਰੇ ਕਹੇ ਗਏ ਹਨ। ਔਲਖ ਜੀਓ, 'Young Germany' ਦੇ ਨਾਂ ਹੇਠ ਏਂਗਲਜ਼ ਨੇ ਇਹ ਸ਼ਬਦ ਤੁਹਾਡੇ ਵਰਗੇ ਮੰਤਵੀ ਸਾਹਿਤਕਾਰਾਂ ਲਈ ਹੀ ਕਹੇ ਹਨ। (ਨਕਸਲਬਾੜੀ ਲਹਿਰ ਵੇਲੇ ਰਚਿਆ ਗਿਆ Tendency Literature ਜਿਸਦਾ ਔਲਖ ਖੁਦ ਵੀ ਮੁੱਦਈ ਰਿਹਾ ਹੈ। 'ਸਰਕਾਰ ਨੂੰ ਸੰਬੋਧਨੀ' ਸਾਹਿਤ 'Young Germany' ਦੇ ਨਾਂ ਹੇਠ ਸਥਾਪਤ 'the Modern School' ਤੋਂ ਕਿਸੇ ਤਰ੍ਹਾਂ ਵੀ ਵੱਖ ਨਹੀਂ) Frederich Engels says, "They have since repented their youthful sins but not improved their style of writing." (F. Engels, Continental Movements--On Literature and Art, Moscow, 1976)

ਸਵਾਲ ਇਹ ਉਠਦਾ ਹੈ ਕਿ ਔਲਖ ਜਾਣ ਬੁਝ ਕੇ Literature of Tendency ਅਤੇ Literature of Commitment ਨੂੰ ਸਮਅਰਥੀ ਸਿੱਧ ਕਰਨ ਦੀ ਕੋਸ਼ਿਸ਼ ਕਿਉਂ ਕਰਦਾ ਹੈ।ਏਂਗਲਜ਼ ਕਿਧਰੇ ਵੀ Literature of Commitment ਦਾ ਵਿਰੋਧ ਨਹੀਂ ਕਰਦਾ ਸਗੋਂ ਬੜੇ ਸੀ ਸਾਰਥਕ ਅਤੇ ਜ਼ੋਰਦਾਰ ਸ਼ਬਦਾਂ ਵਿਚ ਇਸ ਦੀ ਵਕਾਲਤ ਕਰਦਾ ਹੈ। ਅਜਮੇਰ ਔਲਖ ਨੂੰ Minna Kautsky ਦੇ ਨਾਵਲ 'Old Ones and the New' ਦੇ ਸਬੰਧ ਵਿਚ Minna Kautsky ਨੂੰ ਲਿਖੇ ਏਂਗਲਜ਼ਦੇ ਪੱਤਰ ਦਾ ਅਧਿਐਨ ਕਰਨਾ ਚਾਹੀਦਾ ਹੈ। ਏਂਗਲਜ਼ ਸਾਫ ਸ਼ਬਦਾਂ ਵਿਚ Literature of conviction ਅਤੇ Literature of public stand ਦਾ ਪੱਖ ਪੂਰਦਾ ਲਿਖਦਾ ਹੈ:"I am by no means opposed to partisan poetry...the socialist problem novel in my opinion fully carries out its mission." M.E.W., Bd. 36, 1967, p. 393-94.

ਈਗਨ ਸੂ (Eugene Sue) ਜਿਸਨੂੰ 'ਗੁਦੜ ਮਾਲ' ਕਹਿ ਕੇ ਅਜਮੇਰ ਔਲਖ ਮੈਨੂੰ 'ਗਾਲ੍ਹ' ਕਢਦਾ ਹੈ ਔਲਖ ਨੂੰ ਸਮਝ ਨਹੀਂ ਉਹ ਇਕ ਨਾਵਲਕਾਰ ਹੈ ਆਲੋਚਕ ਨਹੀਂ; ਬਿਲਕੁਲ ਗੁਰਦਿਆਲ ਸਿੰਘ ਜਿਹਾ 'ਗੁਦੜਮਾਲ' ਨਾਵਲਕਾਰ (ਉਂਝ ਅਜਮੇਰ ਸਿੰਘ ਔਲਖ ਦੇ ਨਾਟਕ ਵੀ 'ਗੁਦੜਮਾਲ' ਹੀ ਹਨ) ਲੋਕ ਮਸ਼ਹੂਰੀ ਲਈ 'ਰ਼ਲਦੂ' ਵਾਂਗ ਅਮਲੀਆਂ ਦੇ ਜੀਵਨ ਨੂੰ ਮਾਲਵੇ ਦੀਆਂ ਸੱਥਾਂ, ਗੁਹਾਰਿਆਂ, ਫੁਲਕਾਰੀਆਂ, ਦਾਰੂਆਂ, ਗਾਲ੍ਹਾਂ, ਗੰਡਾਸਿਆਂ, ਜੂੰਆਂ, ਤੀਮੀਆਂ, ਆਦਿ ਦੇ ਸੰਦਰਭ ਵਿਚ ਰਖ ਕੇ ਲਿਖਣ ਨਾਲ 'ਲੋਕਾਂ ਲਈ' ਲਿਖਣ ਦਾ ਸਵਾਲ ਤਾਂ ਬੇਸ਼ਕ ਹਲ ਹੋ ਜਾਵੇ ਪਰ 'ਲੋਕ ਕੌਣ' ਦਾ ਸਵਾਲ ਪ੍ਰਤਿਬਧਤਾ ਤੋਂ ਬਿਨਾਂ ਹੱਲ ਨਹੀਂ ਹੋ ਸਕਦਾ। ਸੋ ਆਪਣੇ ਆਪ ਨੂੰ ਲੋਕਾਂ ਦੇ ਸਾਹਿਤਕਾਰ



ਕਹਾਉਣ ਵਾਲੇ ਗੁਰਦਿਆਲ ਸਿੰਘ ਦੇ ਮੁੱਦਈ ਅਜਮੇਰ ਸਿੰਘ ਔਲਖ ਜੀਓ, ਈਗਨ ਸੂ ਬਾਰੇ ਏਂਗਲਜ਼ ਦੇ ਲਫਜ਼ ਆਪਣੇ ਪਿਆਰੇ ਨਾਵਲਕਾਰ ਉਤੇ ਢੁਕਾ ਕੇ ਵਾਚਨ ਦੀ ਖੇਚਲ ਕਰੋ ਤੇ ਜੇ ਹੋ ਸਕੇ ਆਪਣੀ ਪੀੜ੍ਹੀ ਹੇਠਾਂ ਸੋਟਾ ਵੀ ਫੇਰਨ ਦੀ ਕੋਸ਼ਿਸ਼ ਕਰਨੀ।

ਈਗਨ ਸੂ ਦੇ ਮਸ਼ਹੂਰ ਨਾਵਲ "The Mystries of Paris" ਦੀ ਆਲੋਚਨਾ ਕਰਦਿਆਂ ਏਂਗਲਜ਼ ਲਿਖਦਾ ਹੈ ਕਿ ਇਸ ਨਾਵਲ ਨੇ ਲੋਕਾਂ ਦੇ ਮਨਾਂ ਉਤੇ ਬੜਾ ਅਸਰ ਪਾਇਆ ਅਤੇ ਉਸ ਬਾਰੇ ਇਹ ਆਮ ਕਿਹਾ ਗਿਆ ਕਿ ਉਸਨੇ ਪਹਿਲੀ ਵਾਰ ਆਮ ਆਦਮੀਆਂ ਦੇ ਦੁਖਾਂ ਤਕਲੀਫਾਂ ਨੂੰ ਚਿਤਰਿਆ ਹੈ। ਉਸਦੇ ਬਾਕੀ ਨਾਵਲ ਵੀ ਇਸੇ Tendency ਅਧੀਨ ਲਿਖੇ ਹੋਏ ਹਨ। (ਗੁਰਦਿਆਲ ਸਿੰਘ ਬਾਰੇ ਵੀ ਮੈਂ ਬਿਲਕੁਲ ਇਹੀ ਵਿਚਾਰ ਰਖਦਾ ਹਾਂ ਕਿ ਗੁਰਦਿਆਲ ਸਿੰਘ ਨੂੰ ਮਾਲਵ੍ਹੇ ਦੇ ਗਰੀਬਾਂ ਦਾ ਸਫਲ ਚਿਤੇਰਾ ਕਿਹਾ ਗਿਆ ਹੈ। ਆਮ ਲੋਕਾਂ 'ਤੇ ਗੁਰਦਿਆਲ ਸਿੰਘ ਦੇ ਨਾਵਲਾਂ ਦਾ ਬੜਾ ਅਸਰ ਹੈ।) ਏਂਗਲਜ਼ ਈਗਨ ਸੂ ਬਾਰੇ ਲਿਖਦਾ ਕਹਿੰਦਾ ਹੈ ਕਿ ਏਦਾਂ ਕਰਨਾ ਉਸ ਲਈ 'ਲੋਕ ਧਿਆਨ' 'Public attention' ਖਿਚਣ ਲਈ ਹੀ ਸੀ। ਪਰ ਉਸਦੇ ਪਾਤਰ Rudolph, Chourineu's, Marie, Madame George ਆਪਣੇ ਕਿਰਦਾਰਾਂ ਰਾਹੀਂ ਮਨੁਖ ਦੀ ਹੋਂਦ ਨੂੰ ਨਗੇਟ ਕਰ ਕੇ ਪਰ-ਸ਼ਕਤੀ ਅਧੀਨ ਕਰਨ ਲਈ ਕਰਮਸ਼ੀਲ ਹਨ। ਸਾਰੇ ਪਾਤਰ Marie ਦੀ critical transformation ਨੂੰ moral transformation ਵਿਚ ਬਦਲਣ ਲਈ ਆਪਣਾ ਯੋਗਦਾਨ ਪਾਉਂਦੇ ਹਨ। ਅੰਤ ਨੂੰ Marie ਹਾਰ ਕੇ ਰਹਿ ਜਾਂਦੀ ਹੈ।

Engels says, "It is a mere misfortune that she herself is neither good not bad, but human...Madame George tells Marie, God blesses those who love and fear Him...Priest Laporte tells Marie, God's Mercy is infinite...Verily the Lord is nigh...He will fulfil their desires...he will hear their voice and will save them...the Lord will accomplish his work."

ਔਲਖ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਪਰੋਕਤ ਨਾਵਲ ਦੀ ਆਲੋਚਨਾ ਏਂਗਲਜ਼ ਕਿਸ ਸੰਦਰਭ ਵਿਚ ਕਰ ਰਿਹਾ ਹੈ, ਮਨੁਖ ਦੀ ਸ਼ਕਤੀ ਨੂੰ ਨਗੇਟ ਕਰ ਕੇ 'ਅਦਿੱਖ ਸ਼ਕਤੀ' ਦਾ ਗ਼ੁਲਾਮ ਬਣਾਉਣ ਦੇ ਸੰਦਰਭ ਵਿਚ। ਈਗਨ ਸੂ ਇਹ ਨਾਵਲ ਲਿਖ ਕੇ (ਜੋ ਬੇਸ਼ਕ ਲੋਕਾ ਦੀ ਤਸਵੀਰ ਖਿਚਣ ਵਾਲਾ ਨਾਵਲ ਹੈ) ਕੀ ਸਿੱਧ ਕਰਨਾ ਚਾਹੁੰਦਾ ਹੈ—ਏਂਗਲਜ਼ ਦੇ ਸ਼ਬਦਾਂ ਵਿਚ: "In the clemency which she is shown Marie must not see a natural, self-evident attitude of a related human being to her...She must see in it an extravagant, supernatural, super human mercy and condescension; in human leniency she must see divine mercy. She must transcendentalise all human and natural relationships by making them relationships to God...You must trust in the infinite mercy of God...

...when man has realised that his transgressions are infinite crimes against God, he can be sure of salvation and mercy only if he gives himself wholly to God and becomes wholly dead to the world and wordly concerns. When Marie realises that her delivery from her inhuman situation in life was a miracle of God she herself has to become a saint. Her human love is transformed into striving for eternal bliss,

worldly satisfaction into holy hope, communion with people into communion with God. She gives herself entirely upto God by becoming wholly dead to the world." Collected Works, Vol. IV, Moscow, 1975, pp. 163-176.

ਏਂਗਲਜ਼ ਦੀ ਉਪਰੋਕਤ ਆਲੋਚਨਾ ਬਿਲਕੁਲ ਸਹੀ ਹੈ ਅਤੇ ਉਹ ਸਹੀ ਅਰਥਾਂ ਵਿਚ ਈਗਨ ਸੂ ਨੂੰ "wretched offal of Socialist literature" ਕਹਿੰਦਾ ਹੈ। ਜੇ ਅਜਮੇਰ ਔਲਖ ਨੇ ਗੁਰਦਿਆਲ ਸਿੰਘ ਬਾਰੇ ਮੇਰੇ ਲਿਖੇ ਲੇਖ ਨੂੰ ਪੂਰੀ ਈਮਾਨਦਾਰੀ ਨਾਲ ਸਟੱਡੀ ਕੀਤਾ ਹੋਵੇ ਤਾਂ ਔਲਖ ਦੇ ਸ਼ਰਾਰਤੀ ਦਿਮਾਗ਼ ਦੇ ਕਿਸੇ ਖੂੰਜੇ ਵਿਚ ਇਹ ਅਵੱਸ਼ ਖਿਆਲ ਹੋਵੇਗਾ ਕਿ ਗੁਰਦਿਆਲ ਸਿੰਘ ਦੇ ਨਾਵਲਾਂ ਬਾਰੇ ਤੇਜਵੰਤ ਦਾ ਨਜ਼ਰੀਆ ਬਿਲਕੁਲ ਏਂਗਲਜ਼ ਦੇ ਈਗਨ ਸੂ ਦੇ ਨਾਵਲਾਂ ਬਾਰੇ ਨਜ਼ਰੀਏ ਨਾਲ ਮੇਲ ਖਾਂਦਾ ਹੈ। ਮੈਂ ਆਪਣੇ ਲੇਖ ਵਿਚ ਥੀਸਸ ਹੀ ਇਹ ਪੇਸ਼ ਕੀਤਾ ਹੈ ਕਿ ਆਪਣੇ ਆਪ ਨੂੰ ਲੋਕਾਂ ਦਾ ਚਿਤੇਰਾ ਕਹਾਉਣ ਵਾਲਾ ਨਾਵਲਕਾਰ ਏਗਲਜ਼ ਦੇ ਸ਼ਬਦਾਂ ਵਿਚ the most wretched offal of Socialist literature ਹੈ। "a worthless fellow, due to lack of talent has gone to extremes with tendentious junk to show his convictions, but it is really to gain audience."

ਗੁਰਦਿਆਲ ਸਿੰਘ ਦੀ 'tendentious junk' ਮਾਲਵੇ ਦੇ ਕੂੜੇ ਕਰਕਟ, ਗਾਲ੍ਹਾਂ, ਰੂੜੀਆਂ, ਗੁਹਾਰੇ, ਜੂੰਆਂ ਆਲੀਆਂ ਜਟਾਂ ਵਾਲੇ ਅਮਲੀਆਂ, ਪੋ ਖਾਦੀਆਂ ਫਾਚੜ ਕੁੱਤੀਆਂ, ਸ਼ਰਾਬ ਪੀ ਕੇ ਬਕਰੇ ਬੁਲਾਉਣ ਦੀਆਂ ਬੇਵਕੂਫੀਆਂ ਅਤੇ ਅੰਤ ਦਾਤੇ ਦੀਆਂ ਬਰਕਤਾਂ ਦੀ ਪੇਸ਼ਕਰੀ ਵਿਚ ਹੀ ਹੈ। ਏਦਾਂ ਕਰਕੇ ਹੀ ਉਹ 'ਆ ਰਹੇ' ਤੇ 'ਜਾ ਰਹੇ' ਸ਼ਬਦਾਂ ਰਾਹੀਂ ਲੋਕ-ਹਮਦਰਦੀ ਜਿੱਤਨ ਲਈ ਆਪਣੀਆਂ convictions ਦਰਸਾਉਂਦਾ ਹੈ। ਇਸ ਰੁਚੀ ਅਧੀਨ ਗੁਰਦਿਆਲ ਸਿੰਘ ਨੇ ਅਜੇਹੇ 'ਸਿੱਧੜ' ਗੰਦ ਮੰਦ ਗਰੀਬ ਲੋਕਾਂ ਦੇ ਭਾਵਾਂ ਨੂੰ ਆਪਣੀ ਪ੍ਰਸਿਧੀ ਲਈ ਵਰਤਿਆ ਹੈ ਜੋ ਸਹੀ ਅਰਥਾਂ ਵਿਚ ਹੀ 'ਗੁਦੜ ਮਾਲ' ਹੈ। ਕੀ ਅਜਮੇਰ ਔਲਖ ਇਹ ਦਸਣ ਦੀ ਖੇਚਲ ਕਰਨਗੇ ਕਿ ਗੁਰਦਿਆਲ ਸਿੰਘ ਦੇ ਨਾਵਲਾਂ ਬਾਰੇ ਪੇਸ਼ ਕੀਤੀ ਗਈ ਮੇਰੀ ਧਾਰਨਾ ਅਤੇ ਏਂਗਲਜ਼ ਦੀ ਸੀਗਨ ਸੂ ਬਾਰੇ ਕੀਤੀ ਆਲੋਚਨਾ ਵਿਚ ਕੋਈ ਫਰਕ ਹੈ?

ਗੁਰਦਿਆਲ ਸਿੰਘ ਦੇ ਸਾਰੇ ਨਾਵਲਾਂ ਦੀ ਮੂਲ ਰੂੜੀ 'ਕਰੇ ਕਰਾਵੇ ਆਪੇ ਆਪ ਮਾਨਸ ਕੇ ਕਿਛੁ ਨਹੀਂ ਹਾਥ' ਈਗਨ ਸੂ ਦੇ ਨਾਵਲ ਦੀ ਪਰ-ਸ਼ਕਤੀ ਦੇ ਅਧੀਨ ਹੋਣ, trust in infinite mercy of God' ਅਤੇ ਆਪਣੇ ਆਪ ਨੂੰ 'wholly dead' ਮੰਨ ਲੈਣ ਦੀ ਰੂੜੀ ਤੋਂ ਕਿਸ ਤਰ੍ਹਾਂ ਵੱਖ ਹੈ? ਕਮਾਲ ਹੈ ਕਿ ਅਜਮੇਰ ਔਲਖ ਏਂਗਲਜ਼ ਦੇ ਈਗਨ ਸੂ ਬਾਰੇ ਵਿਚਾਰਾਂ ਨੂੰ ਮੇਰੇ ਵਿਰੁਧ ਵਰਤਣ ਲਈ ਤਾਂ ਵਿਗਿਆਨਕ ਮੰਨਦਾ ਹੈ, ਪਰ ਗੁਰਦਿਆਲ ਸਿੰਘ ਬਾਰੇ ਮੇਰੇ ਪੇਸ਼ ਵਿਚਾਰਾਂ ਨੂੰ 'ਮਾਰਕਸਵਾਦ ਕਿ ਕੋੜ੍ਹਵਾਦ' ਦੇ ਨਾਂ ਹੇਠ ਗਾਲ੍ਹਾਂ ਕੱਢ ਕੇ ਨਿੰਦਦਾ ਹੈ। ਵਾਰੇ ਵਾਰੇ ਜਾਈਏ 'Misinterpretation' ਦੇ!

'ਪੱਖ ਪਾਤੀ' ਸਾਹਿਤ ਬਾਰੇ ਔਲਖ ਨੇ ਸ਼ਾਇਦ ਲੈਨਿਨ ਦੇ ਵਿਚਾਰ ਨਹੀਂ ਪੜ੍ਹੇ। ਲੈਨਿਨ ਕਹਿੰਦਾ ਹੈ: "ਸਮਾਜਵਾਦੀ ਪ੍ਰੋਲਤਾਰੀਆ ਲਈ ਸਾਹਿਤ ਵਿਅਕਤੀਆਂ ਜਾਂ ਗਰੁਪਾਂ ਨੂੰ ਅਮੀਰ ਬਨਾਉਣ ਦਾ ਸਾਧਨ ਨਹੀਂ। ਇਹ ਅਸਲ ਵਿਚ ਪ੍ਰੋਲਤਾਰੀਆ ਦੇ ਸਾਂਝੇ ਮਨੋਰਥ ਤੋਂ ਆਜ਼ਾਦ ਕੋਈ ਵਿਅਕਤੀਗਤ ਧੰਦਾ ਨਹੀਂ। ਗੈਰ-ਪੱਖਪਾਤੀ ਸਾਹਿਤ ਮੁਰਦਾਬਾਦ! ਸਾਹਿਤਕ ਪਰਾ-ਮਨੁਖ ਮੁਰਦਾਬਾਦ! ਸਾਹਿਤ ਨੂੰ



ਪ੍ਰੋਲਤਾਰੀਆ ਦੇ ਸਾਂਝੇ ਮਨੋਰਥ ਦਾ ਅੰਗ ਬਣਨਾ ਚਾਹੀਦਾ ਹੈ, ਇਕੋ ਮਹਾਨ ਸੋਸ਼ਲ-ਡੈਮੋਕਰੇਟਿਕ ਮਸ਼ੀਨਰੀ ਦਾ ਇਕ ਪੇਚ।" (ਲੈਨਿਨ-ਸਾਹਿਤ ਬਾਰੇ, ਪੰਨਾ 9,ਪ੍ਰਗਤੀ ਪ੍ਰਕਾਸ਼ਨ, ਮਾਸਕੋ, 1974)।

ਪੱਖਪਾਤੀ ਸਾਹਿਤ ਬਾਰੇ ਗੋਰਕੀ ਦੇ ਵਿਚਾਰਾਂ ਬਾਰੇ ਅਸੀਂ ਸਾਰੇ ਜਾਣਦੇ ਹਾਂ, ਅਜਮੇਰ ਔਲਖ ਅੱਖਾਂ ਮੀਚੀ ਰਖੇ ਤਾਂ ਉਸਦੀ ਮੱਕਾਰੀ ਹੈ। ਮੈਂ ਯਥਾਰਥਵਾਦੀ ਸਾਹਿਤ ਦੇ ਖਿਲਾਫ਼ ਨਹੀਂ। ਦੇਖਣ ਵਾਲੀ 'ਅੱਖ' ਤਾਂ ਹਰ ਇਕ ਪਾਸ ਹੁੰਦੀ ਹੈ। ਬੁਰਜੂਆ ਸਾਹਿਤ ਦਾ ਯਥਾਰਥਵਾਦ ਪ੍ਰਗਟ ਕਰਨ ਵਾਲਾ ਲੇਖਕ ਵੀ ਯਥਾਰਥਵਾਦੀ ਕਹਾਉਂਦਾ ਹੈ ਅਤੇ ਸਮਾਜਵਾਦੀ ਯਥਾਰਥਵਾਦ ਦਾ ਲੇਖਕ ਵੀ ਯਥਾਰਥਵਾਦੀ ਕਹਾਉਂਦਾ ਹੈ। ਸਵਾਲ ਯਥਾਰਥਵਾਦ ਨੂੰ ਸ਼੍ਰੇਣੀ ਪੈਂਤੜੇ ਤੋਂ ਪੇਸ਼ ਕਰਨ ਦਾ ਹੈ। ਏਹੀ ਸ਼੍ਰੇਣੀ ਪੈਂਤੜਾ 'ਪ੍ਰਤੀਬਧਤਾ' ਨੂੰ ਜਨਮ ਦਿੰਦਾ ਹੈ। ਅਜ ਦੇ ਬੁਰਜੂਆ ਸਾਹਿਤਕਾਰਾਂ ਦਾ ਮੰਤਵ ਆਪਣੀ ਰਾਜ-ਸ਼ਕਤੀ ਨੂੰ ਹੋਰ ਪੱਕੀ ਤਰ੍ਹਾਂ ਸਥਾਪਤ ਕਰਨਾ ਹੈ। ਉਨ੍ਹਾਂ ਦੀ ਆਲੋਚਨਾ ਕੇਵਲ ਉਕਾਈਆਂ ਦੂਰ ਕਰਨ ਲਈ ਪ੍ਰੇਰਨਾ ਵਾਲੀ ਹੁੰਦੀ ਹੈ। ਪਰ ਸਮਾਜਵਾਦੀ ਸਮਾਜ ਦੀ ਸਥਾਪਤੀ ਦੇ ਧਾਰਨੀ ਲੇਖਕ ਦਾ ਕੰਮ ਪੁਰਾਣੀਆਂ ਰੂੜ੍ਹੀਵਾਦੀ ਕੀਮਤਾਂ ਦਾ ਖੁਰਾ ਖੋਜ ਮਿਟਾ ਕੇ ਅਤੇ ਸਮਕਾਲ ਵਿਚ ਸੰਕਟ-ਗ੍ਰਸਤ ਬੁਰਜੁਆਜ਼ੀ ਨੂੰ ਕਰੜੀ ਸੱਟ ਮਾਰ ਕੇ ਉਸਦਾ ਖਾਤਮਾ ਕਰਨਾ ਅਤੇ ਨਵੇਂ ਸਮਾਜਵਾਦੀ ਸਮਾਜ ਦੀ ਸਥਾਪਨਾ ਦੇ ਇਨਕਲਾਬੀ ਕਰਮ ਪ੍ਰਤੀ ਲੋਕ-ਸੂਝ ਨੂੰ ਪ੍ਰਚੰਡ ਕਰਨਾ ਹੈ।

ਅਜਮੇਰ ਔਲਖ ਇਸ ਗੱਲ ਤੋਂ ਬੜੇ ਦੁਖੀ ਹਨ ਕਿ ਤੇਜਵੰਤ ਲੇਖਕਾਂ ਤੋਂ ਕਮਿਊਨਿਸਟ ਸਿਧਾਂਤਾਂ ਦੇ 'ਧੂਤੂ' ਬਣਨ ਦੀ ਮੰਗ ਕਿਉਂ ਕਰਦਾ ਹੈ? ਇਹ ਗੱਲ ਇਕੱਲਾ ਔਲਖ ਹੀ ਨਹੀਂ ਕਹਿ ਰਿਹਾ ਸਗੋਂ ਇਕ ਮੁਹਿੰਮ ਦੇ ਰੂਪ ਵਿਚ ਅਜ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਲੇਖਕਾਂ ਨੂੰ 'ਪਾਰਟੀ ਤੋਂ ਵਿਦਰੋਹ' ਕਰਨਾ ਚਾਹੀਦਾ ਹੈ। 'ਲੇਖਕ ਦੀ ਸੁਤੰਤਰਤਾ' ਦਾ ਨਾਹਰਾ ਬੜੀ ਜੋਸ਼ੀਲੀ ਆਵਾਜ਼ ਵਿਚ ਬੁਲੰਦ ਕੀਤਾ ਜਾ ਰਿਹਾ ਹੈ। ਇਹ ਇਕ ਨਿੰਦਣਯੋਗ ਰੁਝਾਨ ਹੈ। ਇਨ੍ਹਾਂ ਅਖੌਤੀ ਮਾਰਕਸਵਾਦੀਆਂ ਦਾ ਮਖੌਟਾ ਇਸ ਗੱਲ ਵਿਚ ਲਹਿ ਜਾਂਦਾ ਹੈ ਕਿ ਇਕ ਪਾਸੇ ਤਾਂ ਉਹ 'ਧੂਤੂ' ਬਣਨ ਦੇ ਵਿਰੁਧ ਹਨ ਅਤੇ ਦੂਜੇ ਪਾਸੇ ਆਪ 'ਧੂਤੂ' ਬਣ ਕੇ ਵਿਰੋਧੀਆਂ ਦਾ ਪ੍ਰਚਾਰ ਕਰ ਰਹੇ ਹਨ। ਮੈਂ ਇਸ ਗੱਲ ਦਾ ਵਿਰੋਧ ਨਹੀਂ ਕਰਦਾ ਕਿ ਉਹ 'ਧੂਤੂ' ਨਾ ਬਣਨ; ਜੀ ਸਦਕੇ ਬਣਨ, ਚੰਗੀ ਗੱਲ ਹੈ। ਪਰ ਮਾਰਕਸਵਾਦ ਦਾ ਮਖੌਟਾ ਲਾਹ ਕੇ ਬਣਨ। ਇਸੇ ਵਿਚ ਹੀ ਉਨ੍ਹਾਂ ਦੀ 'ਪ੍ਰਤੀਬੱਧਤਾ' ਮੰਨੀ ਜਾਏਗੀ। ਪਰ ਜੇ ਉਹਨਾਂ ਨੂੰ ਇਕ ਸਿਧਾਂਤ ਦਾ 'mouth piece' 'ਧੂਤੂ' ਬਣਨ ਦਾ ਅਧਿਕਾਰ ਹੈ (ਜਿਵੇਂ ਕਿ ਅਜਮੇਰ ਔਲਖ ਨੂੰ ਹੈ) ਤਾਂ ਮੈਨੂੰ ਵੀ ਆਪਣਾ ਵਿਚਾਰ ਦਸਣ ਦੀ ਪੂਰੀ ਖੁਲ੍ਹ ਹੈ।

ਫੇਰ ਔਲਖ ਜੀ, 'ਬੁਝਾਰਤ' ਵਾਲੀ ਗੱਲ ਕਰਦੇ ਹਨ। ਤੇ 'ਗੁੰਗੇ ਦੇ ਗੁੜ ਖਾਣ' ਦਾ ਸੁਆਦ ਆਪ ਦਸਦੇ ਹਨ, ਕਿਉਂਕਿ ਵਿਚਾਰਾ ਗੁੰਗਾ ਤਾਂ ਕੁਝ ਕਹਿਣ ਦੇ ਸਮਰੱਥ ਹੀ ਨਹੀਂ। ਕਹਿੰਦੇ ਹਨ ਕਿ ਪ੍ਰਤੀਬੱਧਤਾ ਲੁਕਵੇਂ ਰੂਪ ਵਿਚ ਅਰਥਾਤ 'ਬੁਝਾਰਤਾਂ' ਵਿਚ ਵੀ ਹੋ ਸਕਦੀ ਹੈ। ਬਹੁਤ ਖ਼ੂਬ! ਤੁਸੀਂ ਇਕ 'ਬੁਝਾਰਤ' ਪਾਇਆ ਕਰੋ ਬੁਝਣ ਲਈ ਲੋਕਾਂ ਨੂੰ ਕਿਹਾ ਕਰੋ ਉਹ ਇਕ, ਦੋ, ਤਿੰਨ, ਚਾਰ, ਦਸ ਹੱਲ ਲਭਿਆ ਕਰਨਗੇ ਤੇ ਤੁਸੀਂ ਸਾਰਿਆਂ ਨੂੰ "ਨਾ ਨਾ" ਦਾ ਸਿਰ ਮਾਰੀ ਜਾਇਓ ਤੇ ਅਖੀਰ ਅੱਕ ਕੇ ਲੋਕ ਕਹਿਣਗੇ, "ਬਾਬਾ ਤੂੰ ਹੀ ਦੱਸ"। ਫੇਰ ਤੁਸੀਂ ਸਾਧ ਵਾਂਗ ਮੁੰਡਾ ਬਖਸ਼ ਦਿਆ ਕਰਿਓ। ਆਪਣੀ ਦਲੀਲ ਦੀ ਪੁਸ਼ਟੀ ਲਈ ਵਿਚਾਰੇ ਲੈਨਿਨ ਦੇ ਤਾਲਸਤਾਏ ਬਾਰੇ ਵਿਚਾਰਾਂ ਨੂੰ ਘੁਮਾਈ ਜਾਇਓ। ਔਲਖ ਜੀ ਲੈਨਿਨ ਨੇ ਕਦੋਂ ਤਾਲਸਤਾਏ ਨੂੰ ਆਦਰਸ਼ ਮੰਨਿਆ ਹੈ? ਕਦੋਂ ਤਾਲਸਤਾਏ ਨੂੰ ਇਨਕਲਾਬੀ ਕਿਹਾ ਹੈ? ਇਹ ਤੁਸੀਂ ਆਪ ਹੀ ਮੰਨਦੇ ਹੋ ਕਿ ਤਾਲਸਤਾਏ ਸੁਚੇਤ ਤੌਰ 'ਤੇ ਰੂਸ ਦੀ

ਇਨਕਲਾਬੀ ਲਹਿਰ ਦੇ ਖਿਲਾਫ ਸੀ। ਇਹ ਵੀ ਤੁਹਾਨੂੰ ਪਤਾ ਹੈ ਕਿ ਉਹ ਰੂੜ੍ਹੀਵਾਦੀ ਪਿਛਾਂਹ-ਖਿਚੂ ਵਿਚਾਰਾਂ ਦਾ ਬੰਦਾ ਸੀ। ਤੁਸੀਂ ਕਹਿੰਦੇ ਹੋ ਕਿ ਲੈਨਿਨ ਨੇ 'ਰੂਸੀ ਇਨਕਲਾਬ ਦਾ ਸ਼ੀਸ਼ਾ' ਕਹਿ ਕੇ ਤਾਲਸਤਾਏ ਦੀਆਂ ਲਿਖਤਾਂ ਨੂੰ 'ਸਤਕਾਰਿਆ' ਹੈ। ਪਰ ਮੈਂ ਕਹਿੰਦਾ ਹਾਂ ਕਿ ਲੈਨਿਨ ਨੇ 'ਰੂਸੀ ਇਨਕਲਾਬ ਲਈ ਤਿਆਰ ਭੂਮੀ ਦਾ ਸ਼ੀਸ਼ਾ' ਕਹਿ ਕੇ ਤਾਲਸਤਾਏ ਦੀਆਂ ਲਿਖਤਾਂ ਦਾ ਮੁਲੰਕਣ ਕੀਤਾ ਹੈ ਅਤੇ ਇਨਕਲਾਬੀ ਪੈਂਤੜੇ ਲਈ ਵਰਤਿਆ ਹੈ। ਇਨਕਲਾਬ ਦੇ ਦੁਸ਼ਮਣਾਂ ਦੀਆਂ ਕਿਰਤਾਂ ਦਾ ਅਧਿਐਨ ਕਰ ਕੇ ਇਨਕਲਾਬ ਦੀ ਕਾਮਯਾਬੀ ਲਈ ਵਰਤਨਾ ਮੈਂ ਕਦੋਂ ਮਾੜਾ ਕਿਹਾ ਹੈ ? ਇਸ ਤਰ੍ਹਾਂ ਤੁਹਾਡੇ ਅਨੁਸਾਰ ਗੁਰਦਿਆਲ ਸਿੰਘ ਨੂੰ ਇਨਕਲਾਬੀ ਲਹਿਰ ਦੇ ਖਿਲਾਫ ਮੰਨ ਲਈਏ (ਜੋ ਕਿ ਮੈਂ ਖੁਦ ਸਿੱਧ ਕੀਤਾ ਹੈ) ਅਤੇ ਉਸ ਦੀਆਂ ਲਿਖਤਾਂ ਦਾ ਇਕ ਵਿਰੋਧੀ ਦੇ ਰੂਪ ਵਿਚ ਮੁਲ ਪਾਈਏ। ਤੁਹਾਡੀ ਇਸ 'ਲੁਕਵੀਂ' ਰਾਏ ਨਾਲ ਮੈਂ ਸਹਿਮਤ ਹਾਂ। ਪਰ ਮੈਂ ਸ਼ਬਦ 'ਸਤਿਕਾਰਿਆ ਜਾਣ' ਨੂੰ ਨਹੀਂ ਮੰਨ ਸਕਦਾ। ਗੁਰਦਿਆਲ ਸਿੰਘ ਦੀਆਂ ਲਿਖਤਾਂ 'ਆਦਰਸ਼' ਦੀ ਪਦਵੀ ਹਾਸਲ ਨਹੀਂ ਕਰ ਸਕਦੀਆਂ।

ਮੈਨੂੰ ਪੂਰਨ ਆਸ ਹੈ ਕਿ ਗੁਰਚਰਨ ਫਰੀਦਕੋਟ ਅਤੇ ਗੁਰਦਿਆਲ ਸਿੰਘ (ਨਿਜੀ ਬਹਿਸ ਛੇੜਦੀ ਚਿੱਠੀ) ਦਾ ਜਵਾਬ ਇਸ ਸਪਸ਼ਟੀਕਰਣ ਰਾਹੀਂ ਹੀ 'ਬੁਝਾਰਤ' ਵਜੋਂ ਸਮਝ ਜਾਣਗੇ, ਕਿਉਂਕਿ ਸਿੱਧੀ ਗੱਲ ਕਰਨਾ ਉਹਨਾਂ ਦੇ ਸਮਝ ਨਹੀਂ ਪੈਂਦਾ।

—ਤੇਜਵੰਤ ਮਾਨ

o ਵਾਰੇ ਵਾਰੇ ਜਾਈਏ ਯੂਨੀਵਰਸਿਟੀ ਦੇ ਇਹਨਾਂ ਖੋਜੀਆਂ ਦੇ : ਅਜਮੇਰ ਸਿੰਘ ਔਲਖ ਦੇ ਅੰਦਾਜ਼ੇ-ਬਿਆਂ ਤੋਂ ਉਹ ਪਾਠਕ ਜੋ ਮਾਰਕਸ ਅਤੇ ਏਂਗਲਜ਼ ਦੀਆਂ ਸਾਹਿਤ ਤੇ ਕਵਿਤਾ ਬਾਰੇ ਰਚਨਾਵਾਂ ਤੋਂ ਵਾਕਿਫ਼ ਨਹੀਂ, ਭੁਲੇਖਾ ਖਾ ਸਕਦੇ ਹਨ ਕਿ ਸ਼ਾਇਦ ਏਂਗਲਜ਼ ਤੇਜਵੰਤ ਮਾਨ ਜਿਹੇ ਆਲੋਚਕਾਂ ਤੋਂ ਗੁਰਦਿਆਲ ਸਿੰਘ (ਅਜੋਕਾ ਪੰਜਾਬੀ ਈਗਨ ਸੂ) ਦੀ ਜਾਨ ਛੁਡਾਉਣ ਲਈ ਆਪ ਅਵਤਾਰ ਧਾਰ ਕੇ ਆਣ ਬਰਾਜੇ ਹਨ। ਪਰ ਗੱਲ ਇਉਂ ਨਹੀਂ। ਏਂਗਲਜ਼ ਨੇ ਅਵਤਾਰ ਨਹੀਂ ਧਾਰਿਆ; ਪੰਜਾਬੀ ਯੂਨੀਵਰਸਿਟੀ ਵਿਚ ਇਕ ਜਾਦੂਗਰ ਖੋਜ ਵਿਦਿਆਰਥੀ ਪੈਦਾ ਹੋਇਆ ਹੈ (ਰੱਬ ਖ਼ੈਰ ਕਰੇ !) ਜੋ ਏਂਗਲਜ਼ ਨੂੰ ਏਂਗਲਜ਼ ਦੇ ਖਿਲਾਫ ਭੁਗਤਾਉਣ ਦਾ ਕਮਾਲ ਵਿਖਾ ਸਕਦਾ ਹੈ। (ਉਸ ਨੇ ਅੱਜ ਹੀ ਕਲਾਸ ਰੂਮ ਵਿਚ ਸਿਖਿਆ ਹੈ : Misinterpretation, too, is an interpretation !)

ਔਲਖ ਸਾਹਿਬ ਨੂੰ ਬੜੀ ਕਠਨਾਈ ਤੋਂ ਬਾਅਦ ਏਂਗਲਜ਼ ਦੇ ਜੋ ਸ਼ਬਦ 'ਯਾਦ ਆਏ' ਹਨ, ਉਹਨਾਂ ਦਾ ਸਹੀ ਅਰਥ ਸਮਝਣ ਲਈ ਉਹਨਾਂ ਨੂੰ ਸਹੀ ਪ੍ਰਸੰਗ ਵਿਚ ਰਖਣਾ ਲਾਜ਼ਮੀ ਹੈ। ਪੂਰਾ ਪੈਰਾ ਇੰਜ ਹੈ : "German literature, too, laboured under the influence of the political excitement into which all Europe had been thrown by the events of 18?0 (ਫਰਾਂਸ ਦਾ 1830 ਦਾ ਇਨਕਲਾਬ ਜਿਸਦੇ ਪ੍ਰਭਾਵ ਵਜੋਂ ਬੈਲਜੀਅਮ, ਪੋਲੈਂਡ, ਜਰਮਨੀ ਅਤੇ ਇਟਲੀ ਵਿਚ ਬਗਾਵਤਾਂ ਹੋਈਆਂ)। A crude constitutionalism or a still cruder republicanism were preached by almost all writers of the time. It became more and more the habit particularly of the inferior sorts of literati to make up for the want of cleverness in productions by political allusions which were sure to attract attention. Poetry, novel, reviews, the drama, every literary production teemed with what was called 'tendency',



that is with more or less timid exhibitions of an anti-Government spirit. In order to complete the confusion of ideas, reigning after 1830 in Germany, with these elements of political opposition there were mixed up ill-digested university recollections of German philosophy and misunderstood gleanings from French Socialism, particularly Saint-Simonism; and the clique of writers who expatiated upon this heterogeneous conglomerate of ideas presumptuously called themselves "Young Germany" or "the Modern School". Marx and Engels. On Literature and Art, Moscow, 1976, pp. 371-79.

ਉਪਰੋਕਤ ਤੋਂ ਸਪਸ਼ਟ ਹੈ ਕਿ ਏਂਗਲਜ਼ ਇਥੇ tendentious literature ਦੇ ਉਨ੍ਹਾਂ ਮੁਦੱਈਆਂ ਦਾ ਪਰਦਾ ਫਾਸ਼ ਕਰਦੇ ਹਨ ਜੋ ਫੈਸ਼ਨ-ਪ੍ਰਸਤੀ ਵਿਚ ਆ ਕੇ ਵਾਹਯਾਤ ਗੱਲਾਂ ਕਰਦੇ ਸਨ ਅਤੇ ਝੂਠੀ ਸਰਕਾਰ-ਵਿਰੋਧਤਾ ਅਤੇ ਵਿਦਵਤਾ ਦਾ ਦੰਭ ਪਾਲਦੇ ਹੋਏ ਗੰਧਲੇ ਵਾਤਾਵਰਣ ਨੂੰ ਹੋਰ ਗੰਧਲਾ ਕਰਦੇ ਸਨ। ਸਾਡੇ ਵੀ ਇਥੇ ਅਖੌਤੀ ਜੁਝਾਰਵਾਦੀ ਰੁਝਾਨ (tendency) ਸਮੇਂ ਕਿੰਨਿਆਂ ਹੀ ਫੈਸ਼ਨਪ੍ਰਸਤਾਂ ਨੇ ਧੂੜ ਵਿਚ ਟੱਟੂ ਭਜਾਏ, ਕਿੰਨੇ ਹੀ ਲਾਲ-ਬੁਝੱਕੜ ਪੈਦਾ ਹੋਏ।

ਅਖੌਤੀ 'ਯੰਗ-ਜਰਮਨੀ' ਦਾ ਹਸ਼ਰ ਕੀ ਹੋਇਆ, ਇਸ ਬਾਰੇ ਏਂਗਲਜ਼ ਲਿਖਦੇ ਹਨ : "Thanks to outward brilliance of the Young Germans' works, to their witty, piquant and lively style, the enigmatic mysticism in which the main slogans were clothed and thanks also to the revival of criticism and enlivening of the literary journals under their influence, the Young Germans soon attracted a mass of young writers, and it was not long before each of them...had his own following...Thus the inadequacy of principle was disclosed. They had all been mistaken about one another. Principles vanished; it was only a matter of personalities. (Ibid p. 382). ਦੇਖੋ, ਅੱਜ ਤਿੰਨ ਸੰਸਾਰਾਂ ਦੇ ਸਿਧਾਂਤ ਦੇ ਗੁਦੜ ਮਾਲ ਨਾਲ ਕੀ ਬਣਦੀ ਹੈ।

ਇਥੇ ਮੇਰਾ ਮਕਸਦ ਅਜੋਕੇ ਪੰਜਾਬੀ ਸਾਹਿਤਕ ਸੰਸਾਰ ਵਿਚੋਂ 'Young Germany' ਦੀ ਖੋਜ ਕਰਨਾ ਨਹੀਂ, ਇਤਿਹਾਸਕ ਸਮੀਕਰਣ ਹਮੇਸ਼ਾਂ ਖਤਰਨਾਕ ਹੁੰਦੇ ਹਨ।

ਏਂਗਲਜ਼ ਪੱਖਪਾਤੀ ਜਾਂ ਮੰਤਵੀ ਸਾਹਿਤ ਦੇ ਬਿਲਕੁਲ ਵਿਰੁਧ ਨਹੀਂ। ਇਸ ਗੱਲ ਦੀ ਪ੍ਰੋੜਤਾ ਵਿਚ Minna Kautsky ਨੂੰ ਉਨ੍ਹਾਂ ਦੇ 26.11.1885 ਦੇ ਖਤ ਵਿਚੋਂ ਕੁਝ ਅੰਸ਼ ਪੇਸ਼ ਹਨ : "You obviously felt a desire to take a public stand in your books, to testify to your convictions before the entire world. This has now been done; it is a stage you have passed through and need not repeat in this form. I am by no means opposed to partisan poetry as such. Both Aeschylus, the father of tragedy, and Aristophanes, the father of comedy, were highly partisan poets, Dante and Cervantes were so no less; and the best thing that can be said about Schiller's Kabale und Licke is that it represents the first German political problem drama. The modern

Russians and Norvegians who produce excellent novels all write with a purpose. I think however that purpose must become manifest from the situation and the action themselves, without being expressly pointed out and that the author does not have to serve reader on a platter the future historical resolution of the social conflicts which he describes. To this must be added that under our conditions novels are mostly addressed to reader from bourgeois circles i.e. circles which are directly not ours. (Ibid p. 88)

ਏਂਗਲਜ਼ ਦਾ ਪੂਰਾ ਖਤ ਪੜ੍ਹ ਕੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਲਖਕ ਨੂੰ ਵਿਰੋਧੀ ਜਮਾਤ ਦੇ ਪਾਠਕਾਂ ਨੂੰ ਆਪਣੀਆਂ ਰਾਜਸੀ convictions ਹਜ਼ਮ ਕਰਾਉਣ ਲਈ ਕਿਸ ਹੱਦ ਤਕ ਦਾਅਪੇਚ ਖੇਡਣੇ ਪੈਂਦੇ ਹਨ । ਅਜਿਹੇ ਪਾਠਕਾਂ ਦੇ ਮਨ ਵਿਚ ਸਥਾਪਤ ਨਿਜ਼ਾਮ ਦੇ ਸਥਾਈਪੁਣੇ ਅਤੇ ਪਕਿਆਈ ਬਾਰੇ ਸੰਦੇਹ ਪੈਦਾ ਕਰ ਕੇ ਉਹਨਾਂ ਦੇ ਕੁਝ ਸ਼ੰਕਿਆਂ ਦੀ ਨਵਿਰਤੀ ਕਰ ਕੇ ਲੇਖਕ ਆਪਣਾ ਮਨੋਰਥ ਹੱਲ ਕਰਦਾ ਹੈ । ਕਿਉਂਕਿ ਖੁਲ੍ਹਾ ਤਰਕ ਕਈ ਵਾਰ ਪਾਠਕਾਂ ਵਿਚ ਵਿਰੋਧ ਜਗਾ ਦਿੰਦਾ ਹੈ । ਅਜਿਹੇ ਨਾਵਲਾਂ ਨੂੰ ਹੀ ਏਂਗਲਜ਼ Socialist problem-novel ਆਖਦਾ ਹੈ । ਏਂਗਲਜ਼ ਦਾ ਜ਼ੋਰ ਇਸ ਗੱਲ ਉਪਰ ਹੈ ਕਿ ਪਾਠਕਾਂ ਦੀ ਵਿਚਾਰਧਾਰਕ ਸਿਖਲਾਈ ਉਹਨਾਂ ਦੀ ਰਾਜਸੀ ਚੇਤਨਾ ਦੇ ਪਧਰ ਨੂੰ ਦੇਖ ਕੇ ਕੀਤੀ ਜਾਵੇ । ਏਂਗਲਜ਼ ਦੀ ਗੱਲ ਨੂੰ ਇਕ ਦਾਅਪੇਚ ਦੇ ਸੁਆਲ ਵਜੋਂ ਲੈਣਾ ਚਾਹੀਦਾ ਹੈ; ਪੱਕੇ ਆਦਰਸ਼ਕ ਗੁਰਮੰਤਰ ਵਜੋਂ ਨਹੀਂ । ਵਖਰੀਆਂ ਰਾਜਸੀ ਸਥਿਤੀਆਂ ਵਿਚ ਵੱਖਰੇ ਦਾਆਂ ਦੀ ਲੋੜ ਪੈਂਦੀ ਹੈ । ਵੇਖਣਾ ਹੈ ਕਿ ਗੁਰਦਿਆਲ ਸਿੰਘ ਜੇਕਰ ਪ੍ਰਤੀਬੱਧ ਹੈ ਤਾਂ ਉਸ ਦੇ "ਸ਼ੋਸ਼ਲਿਸ਼ਟ ਪ੍ਰਾਬਲਮ ਨਾਵਲ" ਕਿਹੋ ਜਿਹੇ ਹਨ ? ਉਸ ਦੀਆਂ ਕੀ convictions ਹਨ ਤੇ ਕੀ ਉਹ ਨਾਵਲਾਂ ਦੇ ਕਾਰਜ ਤੇ ਸਥਿਤੀ ਵਿਚੋਂ ਪ੍ਰਗਟ ਹੁੰਦੀਆਂ ਹਨ ? ਉਹ ਕਿਹੜੀਆਂ ਮਜਬੂਰੀਆਂ ਕਾਰਨ ਕਿਹੋ ਜਿਹੇ ਦਾਅ ਪੇਚ ਵਰਤਦਾ ਹੈ ਤੇ ਉਹ ਆਪਣੇ ਪਾਠਕਾਂ ਨੂੰ ਕੀ ਦਿੰਦਾ ਹੈ ? ਤੇਜਵੰਤ ਮਾਨ ਗੁਰਦਿਆਲ ਸਿੰਘ ਨੂੰ ਨਾਹਰੇ ਮਾਰਨ ਲਈ ਨਹੀਂ ਕਹਿ ਰਿਹਾ; ਉਹ ਤਾਂ ਟਿਹ ਕਹਿ ਰਿਹਾ ਹੈ ਕਿ ਗੁਰਦਿਆਲ ਸਿੰਘ ਭਰਮ ਨਵਿਰਤੀ ਕਰਨ ਦੀ ਥਾਵੇਂ ਭਰਮਿਕ ਰੂੜੀਆਂ ਨੂੰ ਬਲ ਦਿੰਦਾ ਹੈ ਤੇ ਇੰਜ ਸਥਾਪਤ ਨਿਜ਼ਾਮ ਦੀ ਸੇਵਾ ਕਰਦਾ ਹੈ ।

ਜਿਹਨਾਂ ਅਖੌਤੀ 'ਸੱਚੇ-ਸਮਾਜਵਾਦੀਆਂ' ਨੂੰ ਏਂਗਲਜ਼ ਅਤਿ ਘਿਰਣਤ ਗੁੱਦੜਮਾਲ ਤੇ ਕੂੜਾ ਕਰਕਟ ਕਹਿੰਦਾ ਹੈ ਉਹਨਾਂ ਦਾ ਕਿਰਦਾਰ ਤੇਜਵੰਤ ਵਾਲਾ ਨਹੀਂ ਸਗੋਂ ਗੁਰਦਿਆਲ ਸਿੰਘ ਅਤੇ ਉਸ ਦ ਗੀਤ ਗਾਉਣ ਵਾਲਿਆਂ ਦਾ ਹੈ । ਏਂਗਲਜ਼ ਦੇ ਹੇਠ ਲਿਖੇ ਸ਼ਬਦ ਵੀ 'ਯਾਦ ਕਰੋ' :

"It ('True socialism'—J.S.M.) proclaimed the German nation to be the model nation, and the German petty philistine to be the typical man. To every villainous meanness of this model man it gave a hidden, higher, socialistic interpretation, the exact contrary of real character. It went to the extreme length of directly opposing the 'brutally destructive' tendency of communism and of proclaiming its supreme and impartial contempt of all class struggles. With very few exceptions all the so-called socialist and communist publications that now (1847) circulate in Germany



belong to the domain of this foul and enervating literature. (Ibid, p. 386) ਬਿਲਕੁਲ ਇਹੋ ਕੰਮ ਗੁਰਦਿਆਲ ਸਿੰਘ ਤੇ ਉਸ ਜਿਹੇ ਹੋਰ ਭਦਰਪੁਰਸ਼ ਕਰ ਰਹੇ ਹਨ ।

ਔਲਖ ਸਾਹਿਬ ਨੂੰ ਸੁਝਾਓ ਹੈ ਕਿ ਜਦ ਵੀ ਉਹਨਾਂ ਨੂੰ ਕੁਝ 'ਯਾਦ ਆਵੇ' ਤਾਂ ਉਹ ਪਾਠ ਨੂੰ ਅਗੋਂ ਪਿਛੋਂ ਵੇਖ ਚਾਖ ਲਿਆ ਕਰਨ । ਖੋਜ ਵਿਚ ਨਿਰੀਪੁਰੀ 'ਯਾਦਾਸ਼ਤ' ਤੇ ਨਿਰਭਰ ਰਹਿਣਾ ਖਤਰੇ ਤੋਂ ਖਾਲੀ ਨਹੀਂ ।

ਅੰਤ ਵਿਚ ਰੇਮੰਡ ਵਿਲਿਅਮਜ਼ ਜਿਸ ਨੂੰ ਔਲਖ ਸਾਹਿਬ ਨੇ ਫਖਰ ਨਾਲ 'ਕੋਟ' ਕੀਤਾ ਹੈ ਬਾਰੇ ਕਲੇਮੈਨਸ ਦੱਤ ਦੇ ਆਰਟੀਕਲ ਦੀਆਂ ਮੁਢਲੀਆਂ ਲਾਈਨਾਂ : "Mr. Raymond Williams is one of the "New thinkers" associated with such publications as Universities and Left Review, New Left Review etc. He is now being widely acclaimed in the capitalist press which finds his essays on culture profound, if not very intelligible, but at any rate imbued with a general 'reasonable' tendency that makes his brand of reformism more acceptable to capitalism than that of the Fabians or Stracheys. A Workers Education Association Lecturer, he is now being rewarded by a lecturership at Cambridge. It is in this context that it is desirable to see what he has to offer." Clemens Dutt, "Brand X Reformism", Labour Monthly, London, July 1961.

—ਜਸਪਾਲ ਸਿੰਘ ਮਾਨ

o ਇਕ ਖਤ ਤੇਰੇ ਨਾਂ ਵੀ : ਆਲੋਚਕ ਡਾ. ਹਰਿਭਜਨ ਸਿੰਘ ਜੀ, 'ਨੰਗੀ ਧੁੱਪ' ਸਬੰਧੀ ਤੁਹਾਡੀ ਚਿੱਠੀ ਹੁਣ ਤਕ ਦੀਆਂ ਤੁਹਾਡੀਆਂ ਸਾਰੀਆਂ ਚਿੱਠੀਆਂ 'ਚੋਂ ਕਮਜ਼ੋਰ ਜਾਪੀ । ਇਸ ਰਚਨਾ ਨੇ ਠੀਕ ਹੀ ਤੁਹਾਨੂੰ ਕਾਫੀ ਉਲਝਣਾਂ ਵਿਚ ਪਾਇਆ । ਪਹਿਲੀ ਸਮੱਸਿਆ ਜੋ ਬਣ ਸਕਦੀ ਸੀ ਉਹ ਇਹ ਸੀ ਕਿ ਕੀ ਇਸ ਰਚਨਾ ਨੂੰ ਨਾਵਲ ਮੰਨਿਆ ਜਾਵੇ ਜਾਂ ਸ੍ਵੈ-ਜੀਵਨੀ । ਪਰ ਤੁਹਾਨੂੰ ਰਚਨਾ ਬਾਰੇ ਚਰਚਾ ਕਰਨ ਸਮੇਂ ਉਸ ਦੇ ਲੇਖਕ ਦੇ ਨਿੱਜੀ ਜੀਵਨ ਬਾਰੇ ਵੀ ਚਰਚਾ ਕਰਨ ਦੀ ਆਦਤ ਹੈ, ਇਸ ਲਈ ਇਸ ਵਾਰ ਤਾਂ ਤੁਹਾਡੇ ਲਈ ਲੇਖਕ ਸੰਬੰਧੀ ਚਰਚਾ ਕਰਨ ਤੋਂ ਆਪਣੇ ਆਪ ਨੂੰ ਰੋਕਣਾ ਦੋਭਰ ਹੋ ਗਿਆ ਕਿਉਂਕਿ ਇਸ ਵਾਰ ਰਚਨਾ ਇਕ ਆਤਮ ਕਥਾਨਕ ਨਾਵਲ ਸੀ । ਇਸ ਰੁਚੀ ਅਧੀਨ ਹੀ ਤੁਸਾਂ ਸ੍ਵੈ-ਜੀਵਨੀ ਨੂੰ ਸਿਰਜਣ ਵਾਲੇ ਤੇ ਉਸ ਨੂੰ ਭੋਗਣ ਵਾਲੇ ਗਾਰਗੀ ਵਿਚਕਾਰ ਦ੍ਵੈਤ ਸਿਰਜ ਲਈ ਤੇ ਇਸ ਸਬੰਧੀ ਹੀ ਤੁਸੀਂ ਗਾਰਗੀ ਨੂੰ ਸੰਬੋਧਿਤ ਹੋ ਕੇ ਕਹਿੰਦੇ ਹੋ ਕਿ 'ਤੂੰ ਜਿੰਨਾ ਵੀ ਸੌਖਾ ਲਿਖੇਂ ਤੂੰ ਬੜੀ ਜਟਿਲ ਸ਼ੈਅ ਹੈਂ' ਤੇ ਕਿ 'ਮੈਂ ਫੈਸਲਾ ਕੀਤਾ ਹੈ ਕਿ ਸ੍ਵੈ ਜੀਵਨੀ ਵਾਲੇ ਗਾਰਗੀ ਸਬੰਧੀ ਕੁਝ ਨਹੀਂ ਕਹਾਂਗਾ । ਮੈਂ ਸ੍ਵੈ-ਜੀਵਨੀ ਬਣਾਉਣ ਵਾਲੇ (ਭਾਵ, ਲੇਖਕ) ਬਾਰੇ ਹੀ ਗੱਲ ਕਰਨੀ ਹੈ, ਤੇ ਸਾਵਧਾਨੀ ਵਰਤਣ ਸੰਬੰਧੀ ਤੁਸੀਂ ਕਹਿੰਦੇ ਹੋ ਕਿ 'ਮੈਨੂੰ ਸਾਵਧਾਨ ਹੋ ਕੇ ਚਲਣਾ ਪਵੇਗਾ ਤੇ ਇਕ ਦੂਜੇ ਵਿਚ ਖਲਤ-ਮਲਤ ਕਰਨ ਤੋਂ ਬਚਣ ਦਾ ਸੁਚੇਤ ਯਤਨ ਕਰਾਂਗਾ' ।

ਅਸਲ ਵਿਚ ਇਹ ਸਾਰੇ ਕਥਨ ਇਸ ਤੱਥ ਦਾ ਸਬੂਤ ਹਨ ਕਿ ਜੋ ਗਲਤੀ ਤੁਸੀਂ ਜਸਵੰਤ ਸਿੰਘ ਕੰਵਲ ਤੇ ਦਲੀਪ ਕੌਰ ਟਿਵਾਣਾ ਆਦਿ ਨੂੰ 'ਚਿੱਠੀਆਂ' ਲਿਖਣ ਸਮੇਂ ਕਰਦੇ ਹੋ, ਭਾਵ ਰਚਨਾ ਤੇ ਉਸ ਦੇ ਲੇਖਕ ਦੇ ਨਿੱਜੀ ਜੀਵਨ ਨੂੰ ਜੋੜ ਕੇ ਪੜ੍ਹਦੇ ਰਹੇ ਹੋ—ਵੈਸੇ ਇਹ ਤਾਂ ਸ਼ਾਇਦ ਤੁਹਨੂੰ ਪਤਾ ਹੀ ਹੋਵੇਗਾ ਕਿ ਆਲੋਚਨਾ ਵਿਚ ਇਹ ਵਿਧੀ ਬਹੁਤ ਦੇਰ ਤੋਂ ਰੱਦ ਹੋ ਚੁੱਕੀ ਹੈ—ਤੇ ਪ੍ਰੇਮ ਪ੍ਰਕਾਸ਼

'ਮੁਕਤੀ' ਸਬੰਧੀ ਲਿਖਣ ਸਮੇਂ ਤੁਹਾਨੂੰ ਇਸ ਤਰ੍ਹਾਂ ਕਰਨ ਦਾ ਮੌਕਾ ਵੀ ਨਾ ਮਿਲਿਆ, ਕਿਉਂਕਿ ਪ੍ਰੇਮ ਪ੍ਰਕਾਸ਼ ਦੂਜਿਆਂ ਲੇਖਕਾਂ ਵਰਗਾ ਪ੍ਰਸਿਧ ਵਿਅਕਤੀ ਨਹੀਂ ਹੈ, ਤੇ ਏਸੇ ਕਰਕੇ ਉਸ ਨੂੰ ਲਿਖੀ ਚਿੱਠੀ ਬਹੁਤ ਸਫਲ ਰਹੀ, ਤੇ ਉਹ ਗਲਤੀ ਤੁਸੀਂ ਹੁਣ ਦੁਹਰਾਉਣਾ ਨਹੀਂ ਸੀ ਚਾਹੁੰਦੇ। ਵੈਸੇ ਇਸ ਤੱਥ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਰਚਨਾ ਤੇ ਉਸ ਦੇ ਲੇਖਕ ਨਾਲ ਇਕੋ ਸਮੇਂ ਸੰਵਾਦ ਰਚਾ ਕੇ ਤੁਸੀਂ ਆਲੋਚਨਾ ਦੇ ਖੇਤਰ ਵਿਚ ਇਕ ਨਵੀਂ ਵਿਧੀ ਦਾ ਵਾਧਾ ਕੀਤਾ ਹੈ ਤੇ 'ਰੂਪਕੀ' ਤੋਂ 'ਚਿੱਠੀ' ਦਾ ਸਫਰ ਵੀ ਇਸ ਤੱਥ ਦਾ ਸੂਚਕ ਹੈ ਕਿ ਤੁਹਾਨੂੰ ਸੰਰਚਨਾਵਾਦੀ ਆਲੋਚਨਾ ਰਾਸ ਨਹੀਂ ਆਈ 'ਰੂਪਕੀ' ਵਿਚ ਕੇਵਲ ਸਮੀਖਿਆ ਸੀ, ਚਿੱਠੀ 'ਚ ਸਮੀਖਿਆ ਘਟ ਤੇ ਆਲੋਚਨਾ ਵਧ ਹੈ। ਇਕ ਵਿਧੀ ਵਿਚ ਲੇਖਕ ਨੂੰ ਬਿਲਕੁਲ ਨਜ਼ਰ-ਅੰਦਾਜ਼ ਕਰ ਦਿਤਾ ਗਿਆ ਸੀ ਤੇ ਦੂਜੀ ਵਿਚ ਉਸ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿਤਾ ਗਿਆ। ਪਰ ਪੂਰਨ ਸਿੰਘ ਨੂੰ ਚਿੱਠੀ ਲਿਖਣ ਸਮੇਂ ਹੀ ਤੁਹਾਨੂੰ ਇਹ ਅਹਿਸਾਸ ਹੋ ਗਿਆ ਜਾਪਦਾ ਸੀ ਕਿ ਕੇਵਲ ਰਚਨਾ ਨਾਲ ਹੀ ਸੰਵਾਦ ਰਚਾਉਣਾ ਉਚਿਤ ਹੈ ਤੇ ਸੰਵਾਦ ਪੱਕੇ ਤੌਰ 'ਤੇ ਹੀ ਤੁਹਾਡੀ ਦਿਮਾਗੀ ਸੰਰਚਨਾ ਦਾ ਅਗ ਬਣ ਚੁਕਾ ਹੈ। ਤੁਸੀਂ ਸੰਵਾਦੀ ਰੁਚੀ ਅਧੀਨ ਹੀ ਬਹੁਤ ਸਾਰੀ ਕਵਿਤਾ ਰਚੀ ਤੇ ਏਸੇ ਨੂੰ ਆਖਿਰ ਵਿਚ ਤੁਹਾਡੇ ਲਈ ਆਲੋਚਨਾ ਵਿਚ ਵੀ ਅਪਨਾਉਣਾ ਜ਼ਰੂਰੀ ਹੋ ਗਿਆ।

ਗਾਰਗੀ ਨੂੰ ਿ ਖੀ ਚਿੱਠੀ ਦੇ ਅਰੰਭ ਵਿਚ 'ਸੁਚੇਤ ਤੌਰ' ਤੇ 'ਸਾਵਧਾਨ' ਰਹਿਣ ਦੀ ਕੋਸ਼ਿਸ਼ ਦੁਆਰਾ ਤੁਸੀਂ ਅਸਲ ਵਿਚ ਆਪਨੀ ਉਸੇ ਪ੍ਰਵਿਰਤੀ 'ਤੇ ਕਾਬੂ ਪਾਉਣਾ ਚਾਹੁੰਦੇ ਸੀ ਜਿਸ ਦੇ ਕਿ ਤੁਸੀਂ ਪਹਿਲਾਂ ਸ਼ਿਕਾਰ ਹੁੰਦੇ ਰਹੇ ਹੋ ਤੇ ਕਿਉਂਕਿ ਰਚਨਾ ਇਸ ਵਾਰ ਇਕ ਆਤਮ-ਕਥਾਨਕ ਨਾਵਲ ਸੀ ਇਸ ਲਈ ਸਾਵਧਾਨੀ ਦੇ ਬਾਵਜੂਦ ਵੀ ਤੁਸੀਂ ਖਲਤ-ਮਲਤ ਦੀ ਪ੍ਰਕਿਰਿਆ ਵਿਚ ਪੈਣੋਂ ਆਪਨੇ ਆਪ ਨੂੰ ਨਹੀਂ ਬਚਾ ਸਕੇ। ਗਾਰਗੀ ਦੀ ਪੁਸਤਕ ਵਿਚ ਉਸ ਦੀ ਅਪਨਾਈ ਜੁਗਤ ਸਬੰਧੀ ਸੰਕੇਤ ਕਰਦਿਆਂ ਤੁਸੀਂ ਉਸ ਨੂੰ ਇਕ ਵਾਕ ਵਿਚ ਹੀ ਕਲਮਬੰਦ ਕਰ ਗਏ ਹੋ ਕਿ 'ਤੂੰ ਵਾਸਤਵਿਕ ਨੂੰ ਵੀ ਗਾਲਪਿਕ ਬਣਾ ਕੇ ਪੇਸ਼ ਕਰਦਾ ਹੈ 'ਤੇ ਏਸੇ ਕਥਨ ਨੂੰ ਥੋੜਾ ਜਿਹਾ ਬਦਲ ਕੇ ਇਸ ਤਰ੍ਹਾਂ ਕਹਿਣਾ ਕਿ ਗਾਰਗੀ ਅਸਲ ਵਿਚ ਵਾਸਤਵਿਕ ਨੂੰ ਵੀ ਗਾਲਪਿਕ ਦਸ ਕੇ ਪੇਸ਼ ਕਰਦਾ ਹੈ—ਸ਼ਾਇਦ ਵਧੇਰੇ ਠੀਕ ਸੀ ਕਿਉਂਕਿ ਗਾਰਗੀ ਆਪਨੀ ਰਚਨਾ ਵਿਚ ਗਾਲਪਿਕ ਬਣਾਉਣ, ਭਾਵ, ਗਾਲਪੀਕਰਨ ਦੀ ਪ੍ਰਕਿਰਿਆ ਵਿਚ ਨਹੀਂ ਪੈਂਦਾ। ਹੁਣ ਸਮੱਸਿਆ ਤੁਹਾਡੇ ਲਈ ਅਸਲ ਵਿਚ ਇਹ ਬਣ ਗਈ ਕਿ ਆਦਤ ਮੁਜਬ ਤੁਸੀਂ ਤਾਂ ਇਕ ਲੰਬੀ ਚਿੱਠੀ ਲਿਖਣੀ ਹੈ, ਉਸ ਬਾਰੇ ਕੀ ਕੀਤਾ ਜਾਵੇ? ਤੇ ਉਸ ਦਾ ਹੱਲ ਕੇਵਲ ਇਕ ਹੀ ਸੀ ਜਿਵੇਂ ਕਿ ਤੁਸੀਂ ਪਹਿਲਾਂ ਵੀ ਕਰਦੇ ਰਹੇ ਹੋ ਕਿ ਖਿਲਾਰਾ ਪਾਇਆ ਜਾਵੇ। ਇਥੇ ਇਹ ਕਹਿਣਾ ਵੀ ਉਚਿਤ ਹੀ ਜਾਪਦਾ ਹੈ ਕਿ ਬੇਲੋੜਾ ਵਿਸਤਾਰ ਵੀ ਤੁਹਾਡੀ ਬੌਧਿਕ ਸੰਰਚਨਾ ਦਾ ਅੰਗ ਬਣ ਚੁੱਕਾ ਹੈ ਤੇ ਤੁਸੀਂ ਗਾਰਗੀ ਨੂੰ ਲਿਖੀ ਚਿੱਠੀ ਵਿਚ ਵੀ ਆਦਤ ਅਨੁਸਾਰ ਇਹ ਢੰਗ/ਵਿਧੀ ਵਰਤਨ ਲਈ ਮਜਬੂਰ ਹੋ ਗਏ। ਵੈਸੇ ਵੀ ਤੁਸੀਂ ਆਪਨੀ ਇਕ ਚਿਠੀ ਵਿਚ ਚਿਠੀ ਬਾਰੇ ਗੱਲਾਂ ਕਰਦੇ ਕਿਹਾ ਸੀ ਕਿ ਇਹ ਵੀ ਇਕ ਪ੍ਰਕਾਰ ਦੋ ਪ੍ਰੇਮੀਆਂ ਵਿਚਕਾਰ ਗੱਲਾਂ ਵਾਂਗ ਹੀ ਹੈ ਜਿਨ੍ਹਾਂ ਵਿਚ ਬਹੁਤ ਕੁਝ ਫਾਲਤੂ ਤੇ ਬੇਮਤਲਬ ਹੁੰਦਾ ਹੈ। ਤੇ ਤੁਹਾਡੀ ਚਿੱਠੀ-ਨੁਮਾ ਲੇਖ ਦੀ ਇਸ ਤੁਲਨਾ ਸਦਕਾ ਹੀ ਤੁਹਾਡੀ ਇਸ ਤਰ੍ਹਾਂ ਦੀ ਰਚਨਾ ਵਿਚ ਬਹੁਤ ਕੁਝ ਵਾਧੂ ਤੇ ਬੇਲੋੜਾ ਆ ਜਾਣਾ ਸੁਭਾਵਿਕ ਹੀ ਸੀ ਤੇ ਸ਼ਾਇਦ ਇਨ੍ਹਾਂ ਰਚਨਾਵਾਂ ਵਿਚ ਠੀਕ ਹੀ ਤੁਸੀਂ ਲੇਖਕਾਂ ਨਾਲ ਉਨ੍ਹਾਂ ਦੀ ਰਚਨਾਵਾਂ ਬਾਰੇ ਪ੍ਰੇਮ (?) ਦੀਆਂ ਗੱਲਾਂ ਕਰਦੇ ਰਹੇ ਹੋ। ਤੇ ਇਸ ਸਭ ਦਾ ਹੁਣ ਦੇ ਸੰਦਰਭ ਵਿਚ ਹੀ ਸਿੱਟਾ ਨਿਕਲਿਆ ਹੈ ਕਿ ਤੁਸੀਂ ਆਪਨੀ ਚਿੱਠੀ ਵਿਚ ਪਹਿਲਾਂ ਦਿਤੀ ਧਾਰਨਾ



ਨੂੰ ਖੰਡਿਤ ਕਰ ਗਏ ਤੇ ਉਸ ਦੇ ਬਾਅਦ ਵਿਚ ਗਲਤ ਵਿਆਖਿਆ ਵੀ ਦੇ ਗਏ ਹੋ।

ਖਿਲਾਰੇ ਦੀ ਰੁਚੀ ਅਧੀਨ ਹੀ ਤੁਹਾਡੇ ਲਈ 'ਲੂੱਚੀ ਰੰਨ' ਬਾਰੇ ਚਰਚਾ ਕਰਨਾ ਬੜਾ ਉਪਯੋਗੀ ਸਿੱਧ ਹੋਇਆ; ਭਾਵੇਂ ਕਿ ਤੁਸੀਂ ਇਹ ਜਾਣਦੇ ਹੋ ਕਿ ਗਾਰਗੀ ਨੇ ਲਿਖਤੀ ਰੂਪ ਵਿਚ ਉਸ ਪੁਸਤਕ ਦਾ ਲੇਖਕ ਹੋਣੋਂ ਇਨਕਾਰ ਕੀਤਾ ਹੈ। ਹੋਰ ਤੇ ਹੋਰ ਤੁਸੀਂ ਤਾਂ ਉਸ ਦਾ ਵਿਸ਼ਲੇਸ਼ਣ ਕਰਨਾ ਸ਼ੁਰੂ ਕਰ ਦਿੰਦੇ ਹੋ ਤੇ ਉਸ ਬਾਰੇ ਆਪਨੀ ਧਾਰਨਾ ਦਿੰਦਿਆਂ ਇਸ ਤਰ੍ਹਾਂ ਕਹਿੰਦੇ ਹੋ ਕਿ 'ਉਸ ਰਚਨਾ ਦਾ ਲੇਖਕ ਤੇਰੀ ਰਚਨਾ ਦਾ ਮੁਹਾਂਦਰਾ ਪੱਛਾਣਦਾ ਹੈ ਤੇ ਕਿ 'ਉਹ ਤੇਰੀ ਰਚਨਾ ਦੇ ਅਵਚੇਤਨ ਨੂੰ ਚੇਤਨ ਪੱਧਰ 'ਤੇ ਲਿਆ ਕੇ ਪੇਸ਼ ਕਰਦਾ ਹੈ। ਇਸ ਧਾਰਨਾ,ਸਬੰਧੀ ਇਕ ਗੱਲ ਜੋ ਸਮਝ ਨਹੀਂ ਆਈ ਉਹ ਇਹ ਹੈ ਕਿ ਤੁਸੀਂ ਕਿਸ ਆਧਾਰ 'ਤੇ ਇਹ ਧਾਰਨਾ ਬਣਾ ਲਈ ਹੈ ਕਿ ਇਕ ਰਚਨਾ (ਜੋ ਕਿ ਨਾਵਲ ਹੈ ਤੇ ਉਸ ਦਾ ਮੁਖ-ਪਾਤਰ ਇਕ ਇਸਤ੍ਰੀ ਹੈ) ਦੇ ਚੇਤਨ ਪੱਧਰ ਨੂੰ ਦੂਜੀ ਰਚਨਾ (ਜੋ ਕਿ ਤੁਹਾਡੇ ਮੁਤਾਬਕ ਇਕ ਆਦਮੀ ਦੀ ਸ੍ਵੈ-ਜੀਵਨੀ ਹੈ) ਦੇ ਅਵਚੇਤਨ ਦਾ ਪ੍ਰਗਟਾਵਾ ਕਿਹਾ ਹੈ।

ਡਾ. ਸਾਹਿਬ, ਤੁਸੀਂ ਭਾਵੇਂ ਇਸ ਤੱਥ ਤੋਂ ਜਿੰਨਾ ਮਰਜ਼ੀ ਮੁਨਕਰ ਹੋਵੋ, ਪਰ ਤੁਸੀਂ ਆਪਨੇ ਨਾਲ ਕੀਤੇ ਵਾਅਦੇ ਦੇ ਬਾਵਜੂਦ ਵੀ 'ਖਲਤ-ਪਲਤ' ਦੀ ਪ੍ਰਕਿਰਿਆ ਵਿਚ ਪੈ ਹੀ ਗਏ ਹੋ। ਰਚਨਾ ਤੇ ਉਸ ਦੇ ਲੇਖਕ ਦੇ ਨਿੱਜੀ ਜੀਵਨ ਵਿਚ ਖਲਤ-ਮਲਤ ਦੀ ਗੱਲ ਤਾਂ ਇਕ ਪਾਸੇ ਰਹੀ ਤੁਸੀਂ ਤਾਂ ਇਕ ਰਚਨਾ ਨੂੰ ਦੂਜੀ ਰਚਨਾ ਵਿਚ ਖਲਤ-ਮਲਤ ਕਰ ਗਏ ਹੋ, ਜਦੋਂ ਕਿ ਤੁਸੀਂ ਇਸ ਤੱਥ ਤੋਂ ਵੀ ਵਾਕਿਫ ਹੋ ਕਿ ਲੇਖਕ ਦੋਨਾਂ ਰਚਨਾਵਾਂ ਦਾ ਲੇਖਕ ਹੋਣੋਂ ਇਨਕਾਰ ਕਰਦਾ ਹੈ। ਤੇ ਇਸ ਤਰ੍ਹਾਂ ਕਰਨ ਦੀ ਇਜਾਜ਼ਤ ਤਾਂ ਤੁਹਾਡੀ ਅਪਨਾਈ ਸੰਰਚਨਾਵਾਦੀ ਵਿਧੀ ਵੀ ਨਹੀਂ ਦਿੰਦੀ, ਤੇ ਤੁਸੀਂ 'ਚਿੱਠੀਆਂ ਵਿਚ ਕਿਤੇ ਇਹ ਵੀ ਕਿਹਾ ਹੈ ਤੁਸੀਂ ਇਸ ਤਰ੍ਹਾਂ ਦਾ, ਭਾਵ ਦੋ ਰਚਨਾਵਾਂ ਦੀ, ਤੁਲਨਾਤਮਕ ਅਧਿਐਨ ਕਰਨਾ ਉਚਿਤ ਨਹੀਂ ਸਮਝਦੇ। ਤੇ ਇਸ ਸਭ ਕੁਝ ਨੂੰ ਕੇਵਲ ਇਕ ਤਰ੍ਹਾਂ ਹੀ ਸਮਝਿਆ ਜਾ ਸਕਦਾ ਹੈ ਕਿ ਆਖਿਰ ਵਿਅਕਤੀ ਆਪਨੀਆਂ ਪ੍ਰਵਿਰਤੀਆਂ ਤੋਂ ਕਿਥੋਂ ਤਕ ਮੁਕਤ ਹੋ ਸਕਦਾ ਹੈ; ਸੁਚੇਤ ਜਾਂ ਅਚੇਤ ਉਹ ਦਖਲ ਦੇ ਹੀ ਦਿੰਦੀਆਂ ਹਨ। ਆਪਨੀ ਪ੍ਰਵਿਰਤੀ ਵੱਸ ਤੁਸੀਂ ਖਿਲਾਰਾ ਪਾਉਣਾ ਸੀ ਤੇ ਉਸ ਉਦੇਸ਼ ਲਈ ਜੋ ਵੀ ਢੰਗ, ਘਟਨਾ ਜਾਂ ਰਚਨਾ ਤੁਹਾਡੇ ਲਈ ਉਪਯੋਗੀ ਸਿੱਧ ਹੋ ਸਕਦੀ ਸੀ ਉਸ ਦਾ ਤੁਸੀਂ ਬੇ-ਝਿਜਕ ਇਸਤੇਮਾਲ ਕੀਤਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਸ਼ਾਇਦ ਇਹ ਸਭ ਕੁਝ ਤੁਸੀਂ ਅਚੇਤ ਹੀ ਕਰ ਗਏ ਤੇ ਇਹ ਤੱਥ ਇਕ ਹੋਰ ਤੱਥ ਵਲ ਵੀ ਸੰਕੇਤ ਕਰਦਾ ਹੈ ਤੇ ਉਹ ਇਹ ਹੈ ਕਿ ਤੁਸੀਂ ਵੀ ਸਾਡੇ ਵਿਚੋਂ ਹੀ ਹੋ। ਪਰ ਕਮਾਲ ਦੀ ਗੱਲ ਇਹ ਵੀ ਹੈ ਕਿ ਚਿੱਠੀ 'ਚ ਗਾਰਗੀ ਦੀ ਇਕ ਟੂਕ—'ਮੈਂ ਦੋਹਰਾ ਜੀਵਨ ਜੀਅ ਰਿਹਾ ਹਾਂ।' ਉਤੇ ਟਿਪਣੀ ਦਿੰਦਿਆਂ ਤੁਸੀਂ ਕਹਿੰਦੇ ਹੋ ਕਿ 'ਇਹ ਕਿਤਾਬ ਹਰ ਥਾਂ ਦੋਹਰਾ ਜੀਵਨ ਜੀਅ ਰਹੀ ਹੈ'। ਪਰ ਪਤਾ ਨਹੀਂ ਤੁਸੀਂ ਇਹ ਕਿਉਂ ਭੁੱਲ ਗਏ ਕਿ ਤੁਹਾਡੀ 'ਚਿਠੀ' ਵੀ ਤਾਂ ਦੋਹਰਾ ਜੀਵਨ ਜੀਅ ਰਹੀ ਹੈ।

ਪ੍ਰੇਮ ਪ੍ਰਕਾਸ਼ ਨੂੰ ਲਿਖੀ ਚਿੱਠੀ (ਆਰਸੀ,ਅਪ੍ਰੈਲ, 81) ਵਿਚ ਤੁਸੀਂ ਕਿਹਾ ਸੀ : 'ਅਸੀਂ ਸਾਹਿਤ ਨੂੰ 'ਜ਼ਿੰਦਗੀ ਦੀ ਨਕਲ' ਮੰਨਦੇ ਰਹੇ ਹਾਂ......ਮੈਂ ਕਹਿੰਦਾ ਹਾਂ ਕਿ ਸਾਹਿਤ ਜ਼ਿੰਦਗੀ ਦਾ 'ਅਜਨਬੀਕਰਨ ਕਰਦਾ ਹੈ 'ਤੇ ਅੰਤ ਵਿਚ ਇਹ ਸਿੱਟਾ ਕਢਦੇ ਹੋ ਕਿ 'ਸਾਹਿਤ ਗਲਪ ਹੈ, ਵਾਸਤਵਿਕਤਾ ਨਹੀਂ।' ਇਥੇ ਜਿਸ ਪ੍ਰਕਿਰਿਆ ਨੂੰ ਤੁਸੀਂ ਅਜਨਬੀਕਰਨ ਕਿਹਾ ਹੈ ਉਹ ਅਸਲ ਵਿਚ ਜੀਵਨ ਦੇ 'ਸੱਚ' ਨੂੰ 'ਗਲਪੀਕਰਨ' ਕਰਨ ਦੀ ਪ੍ਰਕਿਰਿਆ ਹੀ ਹੈ, ਤਾਂ ਜੋ ਇਸ ਪ੍ਰਕਿਰਿਆ 'ਚੋਂ ਲੰਘ ਕੇ ਸਾਹਿਤ ਦਾ ਸੱਚ ਜੀਵਨ ਦੇ ਸੱਚ ਨਾਲੋਂ ਥੋੜਾ ਵੱਖਰਾ ਤੇ ਓਪਰਾ ਜਾਪੇ ਤੇ ਇਹ ਸੰਕੇਤ (ਟਰਮ) ਤੁਸੀਂ 'ਰੂਸੀ

ਰੂਪਵਾਦ ਤੋਂ ਤਰਜਮਾ ਕੇ ਅਪਣਾਇਆ ਹੈ । ਇਸ ਲਈ ਇਸ ਨੂੰ ਮੌਲਿਕ ਸੰਕੇਤ ਦੇ ਰੂਪ ਵਿਚ ਪੇਸ਼ ਕਰਨਾ ਉਚਿਤ ਨਹੀਂ ਜਾਪਦਾ । ਵੈਸੇ ਗਾਰਗੀ ਦੀ ਰਚਨਾ ਨੂੰ ਸਮਝਣ ਲਈ ਇਹ ਸੰਕੇਤ ਕਾਫੀ ਉਪ-ਯੋਗੀ ਸਿੱਧ ਹੋ ਸਕਦਾ ਹੈ ਤੇ ਤੁਸੀਂ ਇਕ ਵਾਰ ਤਾਂ ਇਸ ਦੀ ਵਰਤੋਂ ਕੀਤੀ ਵੀ, ਜਦੋਂ ਇਹ ਕਿਹਾ ਕਿ ਗਾਰਗੀ ਆਪਣੀ ਰਚਨਾ ਵਿਚ ਵੀ ਵਾਸਤਵਿਕ ਪੱਧਰ 'ਤੇ ਹੀ ਵਿਚਰਦਾ ਹੈ । ਇਸ ਦਾ ਭਾਵ ਇਹ ਹੀ ਨਿਕਲਦਾ ਹੈ ਕਿ ਗਾਰਗੀ ਇਸ ਗਲਪ ਰਚਨਾ ਵਿਚ ਵੀ ਗਲਪੀਕਰਨ ਦੀ ਪ੍ਰੀਕਿਰਿਆ ਵਿਚ ਨਹੀਂ ਪੈਂਦਾ ਜਾਂ ਪੈਣਾ ਜ਼ਰੂਰੀ ਨਹੀਂ ਸਮਝਦਾ । ਪਰ ਉਸ ਦੇ ਇਸ ਤਰ੍ਹਾਂ ਕਰਨ ਤੋਂ ਇਹ ਆਸ ਵੀ ਸੁਭਾਵਿਕ ਹੀ ਉਪਜਦੀ ਸੀ ਕਿ ਗਾਰਗੀ ਆਪਣੀ ਰਚਨਾ ਵਿਚ ਇਸ ਘਾਟ ਨੂੰ ਕਿਸੇ ਹੋਰ ਤਰ੍ਹਾਂ ਪੂਰਿਆਂ ਕਰਨ ਦੀ ਕੋਸ਼ਿਸ਼ ਕਰੇਗਾ । ਇਸ ਪ੍ਰਤੀ ਤੁਸੀਂ ਵੀ ਚੇਤੰਨ ਹੋ ਤੇ ਏਸੇ ਲਈ ਕਹਿੰਦੇ ਹੋ ਕਿ ਗਾਰਗੀ ਆਪਣੀ ਰਚਨਾ ਵਿਚ 'ਸੱਚਿਆਉਣ ਦੇ ਅਮਲ' ਵਿਚ ਪੈਂਦਾ ਹੈ । ਪਰ ਇਸ ਤੱਥ ਪ੍ਰਤੀ ਚੇਤੰਨ ਹੋਣਾ ਜਾਂ ਸਪਸ਼ਟੀਕਰਨ ਦੇਣਾ ਤੁਸੀਂ ਜ਼ਰੂਰੀ ਨਹੀਂ ਸਮਝਿਆ ਕਿ ਇਸ ਤਰ੍ਹਾਂ ਦੇ 'ਅਮਲ' ਵਿਚ ਪੈਣਾ ਸ੍ਵੈ-ਜੀਵਨੀ ਲਈ ਹੀ ਉਚਿਤ ਹੈ ਜਾਂ ਕਿ ਨਾਵਲ ਵਿਚ ਵੀ ।

ਇਸ ਅਣਗਹਿਲੀ ਦਾ ਇਹ ਸਿੱਟਾ ਨਿਕਲਿਆ ਹੈ ਕਿ ਗਾਰਗੀ ਦੀ ਰਚਨਾ ਦੇ ਸੱਚ ਨੂੰ ਪਕੜਨ ਵਿਚ ਤੁਸੀਂ ਉੱਕ ਗਏ ਹੋ ਤੇ ਉਸ ਦਾ ਇਕ ਕਾਰਨ ਇਹ ਵੀ ਹੈ ਕਿ ਰਚਨਾ ਸਬੰਧੀ 'ਚਿੱਠੀ' ਵਿਚ ਚਰਚਾ ਅਰੰਭ ਕਰਨ ਵੇਲੇ ਤੁਸੀਂ ਰਚਨਾ ਦੇ ਉਪ-ਸਿਰਲੇਖ ਦੇ ਵਿਸ਼ੇਸ਼ਣ (ਜਾਂ ਕੇਵਲ ਉਪ-ਸਿਰਲੇਖ) ਵਲ ਲੋੜ ਤੋਂ ਵਧ ਧਿਆਨ ਦੇ ਗਏ ਤੇ ਜਿਸ ਸ਼ਬਦ ਨਾਲ ਉਹ ਵਿਸ਼ੇਸ਼ਣ ਜੁੜਿਆ ਹੈ ਉਸ 'ਤੇ ਨਜ਼ਰਸਾਨੀ ਕਰ ਗਏ ਤੇ ਇਸ ਤੱਥ ਵਲੋਂ ਅਵੇਸਲੇ ਹੋ ਗਏ ਕਿ ਉਹ ਸ਼ਬਦ ਹੀ ਰਚਨਾ ਦਾ ਰੂਪਾਕਾਰ (ਜ਼ਾਨਰ) ਨਿਸ਼ਚਿਤ ਕਰਦਾ ਹੈ । ਹੁਣ ਜੇ ਅਸੀਂ ਰਚਨਾ 'ਨੰਗੀ ਧੁੱਪ' ਤੇ ਇਕ ਪਰਤਵੀਂ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਉਸ ਵਿਚਲੇ ਵਾਸਤਵਿਕ, ਘਟਨਾਵਾਂ, ਸੰਸਥਾਵਾਂ—ਜਿਵੇਂ ਕਿ ਰਾਜਿੰਦਰ ਸਿੰਘ ਬੇਦੀ ਤੇ ਉਸ ਵਲੋਂ ਦਿਤੀ ਗਈ ਪਾਰਟੀ ਆਦਿ, ਵੇਦ ਮਹਿਤਾ ਤੇ ਉਸ ਨਾਲ ਸਬੰਧਿਤ ਘਟਨਾ, ਚਿਤ੍ਰਕਾਰ ਸਤੀਸ਼ ਗੁਜਰਾਲ ਤੇ ਜੈਸ੍ਰੀ ਵਾਲੀ ਘਟਨਾ, ਸੰਜੇ ਗਾਂਧੀ ਤੇ ਐਮਰਜੈਂਸੀ ਦੌਰਾਨ ਕਾਂਗ੍ਰਸ ਪਾਰਟੀ ਦੀਆਂ ਗਤੀ-ਵਿਧੀਆਂ, ਪੰਜਾਬ ਯੂਨੀਵਰਸਿਟੀ ਤੇ ਉਸ ਦੇ ਕੁਝ ਅਧਿਆਪਕ ਆਦਿ, ਜਿਨ੍ਹਾਂ 'ਚੋਂ ਕੁਝ ਦਾ ਤਾਂ ਉਸ ਦੀ ਸ੍ਵੈ-ਜੀਵਨੀ ਨਾਲ ਵੀ ਕੋਈ ਸਿੱਧਾ ਸਬੰਧ ਨਜ਼ਰ ਨਹੀਂ ਆਉਂਦਾ—ਨੂੰ ਆਪਣੇ ਬ੍ਰਿਤਾਂਤ ਵਿਚ ਸ਼ਾਮਿਲ ਕਰ ਕੇ ਗਾਰਗੀ ਨੇ ਗਲਪ ਦੇ ਨਿਯਮਾਂ ਦੀ ਉਲੰਘਣਾ ਕੀਤੀ ਹੈ । ਪਰ ਉਸ ਦੀ ਇਸ ਉਲੰਘਣਾ ਸਦਕਾ ਤੇ ਉਸ ਦੇ ਦਿਤੇ ਉਪ-ਸਿਰਲੇਖ ਵਿਚਲੇ ਵਿਸ਼ੇਸ਼ਣ ਜਾਂ ਕੇਵਲ ਉਪ-ਸਿਰਲੇਖ) ਸਦਕਾ ਨਾਵਲ ਸ੍ਵੈ-ਜੀਵਨੀ ਨਹੀਂ ਬਣ ਜਾਂਦਾ । ਤੇ ਹੋ ਸਕਦਾ ਹੈ ਕਿ ਤੁਸੀਂ ਰਚਨਾ ਨੂੰ ਉਪਰੋਕਤ ਕਾਰਨਾਂ ਸਦਕਾ ਹੀ ਸ੍ਵੈ-ਜੀਵਨੀ ਮੰਨ ਲਿਆ ਹੋਵੇ, ਪਰ ਜਿਵੇਂ ਕਿ ਸਪਸ਼ਟ ਹੀ ਹੈ ਗਾਰਗੀ ਗਲਪ ਦੇ ਨਿਯਮਾਂ ਨੂੰ ਉਲੰਘਣ ਦੇ ਬਾਵਜੂਦ ਵੀ 'ਨੰਗੀ ਧੁੱਪ' ਨੂੰ ਨਾਵਲ ਦਾ ਰੂਪ ਹੀ ਦੇਣ ਦੀ ਕੋਸ਼ਿਸ਼ ਕਰਦਾ ਹੈ ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਸ ਤਰ੍ਹਾਂ ਕਰ ਕੇ ਗਾਰਗੀ ਨੇ ਹਾਸਿਲ ਕੀ ਕੀਤਾ ਹੈ—ਇਸ ਸਵਾਲ ਦਾ ਉੱਤਰ ਦੇਣ ਤੋਂ ਪਹਿਲਾਂ ਗਾਰਗੀ ਦੀਆਂ ਰਚਨਾਵਾਂ ਦੇ ਇਕ ਬਹੁਤ ਵਿਸ਼ੇਸ਼ ਤੇ ਮਹੱਤਵਪੂਰਨ ਤੱਤ ਵਲ ਸੰਕੇਤ ਰਚਨਾ ਉੱਚਿਤ ਜਾਪਦਾ ਹੈ । ਗਾਰਗੀ ਇਸ ਪੁਸਤਕ ਵਿਚ ਵੀ ਇਕਬਾਲ ਕਰਦਾ ਹੈ ਕਿ ਉਹ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਖੇਤਰ 'ਚੋਂ ਨਿਕਲ ਕੇ ਵਡੇਰੇ ਸਾਹਿਤਿਕ ਖੇਤਰ ਵਿਚ ਦਾਖਲ ਹੋਣਾ ਚਾਹੁੰਦਾ ਸੀ ਤੇ ਉਸ ਰੁਚੀ ਅਧੀਨ ਉਸ ਨੇ 'ਦੀ ਨੇਕਿਡ ਟ੍ਰਾਈਐਂਗਲ' ਪੁਸਤਕ ਲਿਖੀ ਤੇ ਇਹ ਵੀ ਸਪਸ਼ਟ ਹੀ ਹੈ ਕਿ ਉਹ ਇਸ ਰਚਨਾ ਦੁਆਰਾ ਵਡੇਰੇ ਸਾਹਿਤਿਕ ਖੇਤਰ



ਵਿਚ ਇਕ 'ਸਨਸਨੀ ਜਾਂ 'ਧਮਾਕਾ' ਪੈਦਾ ਕਰਨਾ ਚਾਹੁੰਦਾ ਸੀ । 'ਸਨਸਨੀ' ਪੈਦਾ ਕਰਨਾ ਉਸਦੀਆਂ ਬਹੁਤ ਸਾਰੀਆਂ ਰਚਨਾਵਾਂ—ਜਿਵੇਂ ਕਿ 'ਲੋਹਾ ਕੁੱਟ', 'ਧੂਣੀ ਦੀ ਅੱਗ', 'ਸੌਂਕਣ' (ਤੇ ਹੁਣ 'ਨੰਗੀ ਧੁੱਪ')—ਦਾ ਪ੍ਰਮੁੱਖ ਉਦੇਸ਼ ਮੰਨਿਆ ਜਾ ਸਕਦਾ ਹੈ । ਉਸ ਦੀਆਂ ਇਨ੍ਹਾਂ ਰਚਨਾਵਾਂ ਦਾ ਮੁੱਖ ਤੱਤ ਵੀ 'ਸੈਂਸੇਸ਼ਨ' ਹੀ ਹੈ ਤੇ ਏਸੇ ਤੱਤ ਨੂੰ ਉਭਾਰਨ ਲਈ ਉਹ ਵਿਸ਼ੇਸ਼ ਪਾਤਰ, ਘਟਨਾਵਾਂ ਤੇ ਸ਼ਬਦਾਵਲੀ ਵਰਤਦਾ ਹੈ । ਇਸ ਹਥਿਆਰ ਦਾ ਪ੍ਰਯੋਗ ਲੇਖਕ ਉਦੋਂ ਕਰਦਾ ਹੈ ਜਦੋਂ ਕਿ ਲੇਖਕ ਨੂੰ ਰਚਨਾ-ਪ੍ਰਕਿਰਿਆ ਦੀ ਪੂਰੀ ਸਮਝ ਤੇ ਉਸ 'ਤੇ ਕਾਬੂ ਨਾ ਹੋਵੇ (ਪਰ ਇਹ ਸਥਿਤੀ ਸਾਡੇ ਪ੍ਰੌੜ੍ਹ ਲੇਖਕ ਗਾਰਗੀ ਦੀ ਨਹੀਂ) ਜਾਂ ਉਹ ਰਚਨਾ ਲਈ ਫੱਟ 'ਬੱਲੇ ਬੱਲੇ' ਲੈਣ ਦੀ ਖਾਤਰ ਕਰ ਸਕਦਾ ਹੈ ਤੇ ਜਾਂ ਜਦੋਂ ਕਿ ਉਸ ਨੂੰ ਆਪਣੀ ਰਚਨਾ ਦੇ ਸਾਹਿਤਿਕ ਗੁਣਾਂ ਬਾਰੇ ਸ਼ੱਕ ਹੋਵੇ ਤੇ ਜਾਂ ਅਸੰਤੁਸ਼ਟ ਲੇਖਕ ਵੀ ਕਈ ਵਾਰ ਇਸ ਤਰ੍ਹਾਂ ਕਰ ਸਕਦਾ ਹੈ ।

ਉਪਰੋਕਤ ਜੁਗਤਾਂ ਤੇ ਕਥਨਾਂ ਦੀ ਚਰਚਾ ਤੋਂ ਬਾਅਦ ਗਾਰਗੀ ਦੀ ਪੁਸਤਕ 'ਨੰਗੀ ਧੁੱਪ' ਵਿਚ ਜੋ ਲੇਖਕ ਨੇ ਹਾਸਲ ਕੀਤਾ ਹੈ, ਹੁਣ ਉਸ ਬਾਰੇ ਗੱਲ ਕੀਤੀ ਜਾ ਸਕਦੀ ਹੈ। ਗਾਰਗੀ ਨੇ ਇਸ ਪੁਸਤਕ ਵਿਚ ਜੀਵਨ ਦੇ ਸੱਚ ਨੂੰ ਪੂਰੀ ਤਰ੍ਹਾਂ ਗਲਪੀਕਰਨ ਦੀ ਪ੍ਰਕਿਰਿਆ ਵਿਚੋਂ ਨਾ ਲੰਘਾ ਕੇ ਤੇ ਉਸ ਦੀ ਘਾਟ ਨੂੰ ਵਾਸਤਵਿਕ ਵਿਅਕਤੀਆਂ/ਘਟਨਾਵਾਂ ਨੂੰ ਬ੍ਰਿਤਾਂਤ ਵਿਚ ਸ਼ਾਮਲ ਕਰ ਕੇ ਪੂਰਿਆਂ ਕਰਨ ਦੀ ਕੋਸ਼ਿਸ਼ ਕੀਤੀ ਹੈ ਤੇ ਉਸ ਨੇ ਇਸ ਤਰ੍ਹਾਂ ਕਰ ਕੇ ਜੋ ਹਾਸਲ ਕੀਤਾ ਹੈ ਉਸ ਨੂੰ ਇਨ੍ਹਾਂ ਸ਼ਬਦਾਂ ਦੁਆਰਾ ਕਿਹਾ ਜਾ ਸਕਦਾ ਹੈ : 'ਤੱਥ (ਭਾਵ, ਵਾਸ੍ਤਵਿਕਤਾ) ਗਲਪ ਨਾਲੋਂ ਵੀ ਵਧੇਰੇ ਗਾਲਪਿਕ (ਭਾਵ, ਅਜੀਬ ਜਾਂ ਦਿਲਚਸਪ) ਹੁੰਦੇ ਹਨ !' ਗਾਰਗੀ ਇਹ ਕਹਿੰਦਾ ਵੀ ਜਾਪਦਾ ਹੈ ਕਿ ਗਲਪ ਰਚਨਾ ਵਿਚ ਵੀ ਜੀਵਨ ਦੇ ਸੱਚ ਨੂੰ ਗਲਪੀਕਰਨ ਕਰਨ ਬਗੈਰ ਕੰਮ ਸਰ ਸਕਦਾ ਹੈ ।

ਉਪਰੋਕਤ ਚਰਚਾ 'ਤੋਂ ਇਕ ਨੁਕਤਾ ਇਹ ਵੀ ਉੱਭਰਦਾ ਹੈ ਕਿ ਸ੍ਵੈ-ਜੀਵਨੀ ਵਿਚ ਤਾਂ ਉਪਰੋਕਤ ਵਿਧੀ ਵਰਤਣੀ ਸ਼ਾਇਦ ਉਚਿਤ ਹੋਵੇ, ਪਰ ਕੀ ਗਲਪ ਰਚਨਾ ਲਈ ਵੀ ਇਹ ਵਿਧੀ ਉਚਿਤ ਹੈ ? ਪਰ ਉਪਰੋਕਤ ਚਰਚਾ ਦੇ ਆਧਾਰ 'ਤੇ 'ਨੰਗੀ ਧੁੱਪ' ਨੂੰ ਸਾਨੂੰ ਨਾਵਲ ਹੀ ਮੰਨਣਾ ਪਵੇਗਾ ਭਾਵੇਂ ਕਿ ਉਸ ਵਿਚ ਲੇਖਕ ਨੇ ਗਲਪ ਦੇ ਨਿਯਮਾਂ ਦੀ ਉਲੰਘਣਾ ਵੀ ਕੀਤੀ ਹੈ ਤੇ ਬੇਸ਼ਕ ਇਹ ਲੇਖਕ ਦੇ ਜੀਵਨ 'ਤੇ ਵੀ ਆਧਾਰਿਤ ਹੈ । ਪੁਸਤਕ ਦੇ ਇਸ ਰੂਪਾਕਾਰ ਵਲ ਲੇਖਕ ਨੇ ਆਪ ਵੀ ਅੰਗਰੇਜ਼ੀ ਪੁਸਤਕ ਦੇ ਉਪ-ਸਿਰਲੇਖ ਵਿਚ ਸੰਕੇਤ ਦਿਤਾ ਹੈ ।

ਡਾ. ਹਰਿਭਜਨ ਜੀ, ਤੁਸੀਂ ਆਪਣੀ ਗਾਰਗੀ ਨੂੰ ਲਿਖੀ 'ਚਿਠੀ' ਵਿਚ ਮੂਲ ਗਲਤੀ ਇਹ ਕਰ ਗਏ ਹੋ ਕਿ ਤੁਸੀਂ ਗਾਰਗੀ ਦੀ ਪੁਸਤਕ 'ਨੰਗੀ ਧੁੱਪ' ਨੂੰ ਉਸ ਦੁਆਰਾ ਦਿਤੇ ਉਪ-ਸਿਰਲੇਖ ਅਨੁਸਾਰ ਸ੍ਵੈ-ਜੀਵਨੀ ਮੰਨ ਕੇ ਤੁਰ ਪਏ, ਹਾਲਾਂਕਿ ਤੁਸੀਂ ਆਪ ਇਸ ਚਿੱਠੀ ਵਿਚ ਹੀ ਮੰਨਿਆ ਹੈ ਕਿ ਤੁਸੀਂ ਇਸ ਰਚਨਾ ਨੂੰ ਪੜ੍ਹਨ ਤੋਂ ਪਹਿਲਾਂ 'ਦੀ ਨੇਕਿਡ ਟ੍ਰਾਈਐਂਗਲ'—ਜਿਸ ਦਾ ਕਿ ਪੰਜਾਬੀ ਰੂਪ ਹੀ 'ਨੰਗੀ ਧੁੱਪ' ਹੈ—ਵੀ ਪੜ੍ਹ ਚੁੱਕੇ ਸੀ । ਦੂਜੇ ਸ਼ਬਦਾਂ ਵਿਚ ਇਸ ਗੱਲ ਨੂੰ ਇਸ ਤਰ੍ਹਾਂ ਵੀ ਪੇਸ਼ ਕੀਤਾ ਜਾ ਸਕਦਾ ਹੈ ਕਿ ਹੋ ਸਕਦਾ ਹੈ ਕਿ ਗਾਰਗੀ ਨੂੰ 'ਆਟੋਬਾਇਓਗ੍ਰਾਫੀਕਲ ਨਾਵਲ' ਦਾ ਪੰਜਾਬੀ ਰੂਪ ਨਾ ਸੁੱਝਿਆ ਹੋਵੇ ਤੇ ਉਸ ਨੇ ਜਲਦੀ ਵਿਚ 'ਨੰਗੀ ਧੁੱਪ' ਦਾ ਉਪ-ਸਿਰਲੇਖ ਸ੍ਵੈ-ਜੀਵਨੀ ਲਿਖ ਦਿਤਾ ਹੋਵੇ । ਪਰ ਤੁਹਾਨੂੰ ਤਾਂ ਇਸ ਦਾ ਅੰਗ੍ਰੇਜ਼ੀ ਰੂਪ, ਅੰਗ੍ਰੇਜ਼ੀ ਰੂਪ ਦਾ ਸਦਕਾ, ਯਾਦ ਹੋਣਾ ਚਾਹੀਦਾ ਸੀ—ਤੇ ਜੇ ਯਾਦ ਨਹੀਂ ਸੀ ਰਿਹਾ ਤਾਂ ਇਸ ਪੁਸਤਕ ਸਬੰਧੀ ਇਕ ਮਹੱਤਵਪੂਰਨ ਨੁਕਤਾ ਦੇਣਾ ਲੱਗਿਆਂ ਦੋਬਾਰਾ ਦੇਖ ਲੈਣਾ ਚਾਹੀਦਾ ਸੀ—ਕਿ ਉਸ ਵਿਚ ਗਾਰਗੀ ਨੇ ਪੁਸਤਕ ਨੂੰ ਉਪ-ਸਿਰਲੇਖ

ਵਿਚ ਨਾਵਲ ਕਿਹਾ ਸੀ ਜੋ ਕਿ ਉਸ ਦੇ ਜੀਵਨ 'ਤੇ ਆਧਾਰਿਤ ਹੈ ਇਤਨਾ ਤਾਂ ਸਪਸ਼ਟ ਹੀ ਹੈ ਕਿ ਪੁਸਤਕ ਦੇ ਅਨੁਵਾਦ ਦੁਆਰਾ ਉਸ ਦਾ ਰੂਪਾਕਾਰ ਨਹੀਂ ਬਦਲ ਜਾਂਦਾ। ਤੇ ਕਮਾਲ ਦੀ ਗੱਲ ਇਹ ਵੀ ਹੈ ਕਿ ਚਿੱਠੀ ਵਿਚ 'ਸੁਚੇਤ ਤੌਰ 'ਤੇ ਸਾਵਧਾਨ' ਹੋਣ ਦੇ ਬਾਵਜੂਦ ਵੀ ਤੁਸੀਂ ਇਹ ਗਲਤੀ ਕਰ ਗਏ। ਸ਼ਾਇਦ ਤੁਸੀਂ ਇਸ ਤੱਥ ਪ੍ਰਤੀ ਪੂਰੀ ਤਰ੍ਹਾਂ ਚੇਤੰਨ ਨਹੀਂ ਸੀ ਕਿ ਬਹੁਤੀ ਸਾਵਧਾਨੀ ਵੀ ਉਨੀ ਹੀ ਮਾੜੀ ਹੁੰਦੀ ਹੈ ਜਿੰਨੀ ਕਿ ਘੱਟ ਸਾਵਧਾਨੀ। ਇਕ ਤਰ੍ਹਾਂ ਇਹ ਖ਼ਤ ਗਾਰਗੀ ਲਈ ਵੀ ਹੈ ਕਿਉਂਕਿ ਇਸ ਵਿਚ ਗਾਰਗੀ ਨੂੰ ਤੁਹਾਡੀ ਲਿਖੀ ਚਿੱਠੀ ਨੂੰ ਥੋੜਾ ਬਹੁਤ ਸੋਧਨ ਦੀ ਕੋਸ਼ਿਸ਼ ਵੀ ਕੀਤੀ ਗਈ ਹੈ। ਤੁਹਾਡਾ ਪਾਠਕ, —ਗੁਰਮੀਤ ਬਸਰਾਂ

---

ਨੋਟ: ਸਾਨੂੰ ਅਫਸੋਸ ਹੈ ਕਿ ਥਾਂ ਦੀ ਥੁੜ ਕਾਰਨ "ਲੇਖਕ/ਪਾਠਕ ਕਹਿੰਦੇ ਹਨ" ਵਿਚ ਤਾਰਾ ਸਿੰਘ ਅਨਜਾਣ (ਸਣੇ ਕਿਸ਼ਨ ਸਿੰਘ ਹੁਰਾਂ ਦੇ ਸਪਸ਼ਟੀਕਰਨ ਦੇ), ਡਾ: ਓ. ਪੀ. ਗੁਪਤਾ, ਗੁਰਇਕਬਾਲ ਚੰਡੀਗੜ੍ਹ, ਸੁਰਜੀਤ ਗਿੱਲ ਅਤੇ ਹਰੀ ਸਿੰਘ ਤਰਕ ਆਦਿ ਦੀਆਂ ਚਿੱਠੀਆਂ ਨਹੀਂ ਛਪ ਸਕੀਆਂ। ਅਗਲੀ ਵਾਰ ਅਵਸ਼ ਛਪਣਗੀਆਂ। —ਸੰਪਾਦਕ

---

## ਰਿਆਇਤ ਦਾ ਐਲਾਨ

ਸੇਧ ਦਾ ਦੋ ਸਾਲ ਦਾ ਇਕੱਠਾ ਚੰਦਾ (40 ਰੁਪੈ) ਭੇਜਣ ਵਾਲੇ ਪਹਿਲੇ 50 ਪਾਠਕਾਂ ਨੂੰ ਕਿਸ਼ਨ ਸਿੰਘ ਦੀ ਪੁਸਤਕ ਗੁਰਬਾਣੀ ਦਾ ਸੱਚ (ਮੁੱਲ : 15 ਰੁਪੈ) ਤੋਹਫ਼ੇ ਵਜੋਂ ਮੁਫ਼ਤ ਭੇਜੀ ਜਾਵੇਗੀ। ਡਾਕ ਖ਼ਰਚ ਸਾਡਾ ਹੋਵੇਗਾ। —ਅਦਾਰਾ ਸੇਧ

---

## ਸਿੱਖ ਇਨਕਲਾਬ ਦਾ ਮੋਢੀ—ਗੁਰੂ ਨਾਨਕ

ਕਿਸ਼ਨ ਸਿੰਘ

"ਗੁਰਬਾਣੀ ਅਸਲੀ ਤੇ ਨਕਲੀ ਵਿਦਿਆ ਦਾ ਨਿਖੇੜ ਕਰਦੀ ਹੈ। ਇਸ ਨਿਖੇੜ ਦਾ ਪੈਮਾਨਾ ਵੀ ਉਹ ਹੀ ਹੈ ਜੋ ਗੁਰਮੁਖ ਤੇ ਮਨਮੁਖ ਦਾ, ਹਲਾਲ ਤੇ ਹਰਾਮ ਦਾ ਹੈ। ਗੁਰਬਾਣੀ ਵਿਦਿਆ ਤੋਂ ਮਤਲਬ ਅਖਰ ਪੜ੍ਹਨਾ ਜਾਂ ਪੋਥੀਆਂ ਵਾਚਣਾ ਨਹੀਂ ਲੈਂਦੀ। ਉਸ ਦੇ ਮੁਤਾਬਿਕ ਵਿਦਿਆ ਮਨੁੱਖ ਦੇ ਦਿਲ ਦਿਮਾਗ, ਪੂਰਨ ਸ਼ਖ਼ਸੀਅਤ ਦੀ ਵਿਦਿਆ ਹੈ। ਇਸ ਵਾਸਤੇ ਹੀ ਕਿਹਾ ਹੈ ਕਿ ਨਾਮ ਦੀ ਜੜ੍ਹ ਪਹਿਲਾਂ ਹਿਰਦੇ ਦੇ ਅੰਦਰ ਲਗਦੀ ਹੈ ਅਤੇ ਫੇਰ ਉਸ ਦੀ ਛਾਂ ਬਾਹਰ ਹੁੰਦੀ ਹੈ। ਵਿਦਿਆ ਦੀ ਅਸਲੀਅਤ, ਉਸ ਦੀ ਤਾਸੀਰ ਗੁਰਬਾਣੀ ਦੇ ਮੁਤਾਬਿਕ ਇਸ ਗਲ ਤੋਂ ਜ਼ਾਹਿਰ ਹੁੰਦੀ ਹੈ ਕਿ ਮਨੁਖ ਦਾ ਹਿਰਦਾ ਮਾਇਆ, ਹਉਮੈ, ਲਾਲਚ, ਹੰਕਾਰ ਆਦਿ ਮਗਰ ਜਾਂਦਾ ਹੈ ਜਾਂ ਹਲਾਲ ਤੇ ਰੱਬ ਦੇ ਰਾਹ ਮਗਰ। ਗੁਰਬਾਣੀ ਦੇ ਮੁਤਾਬਿਕ ਵਿਦਿਆ ਦਾ ਦਾਇਰਾ ਦਿਮਾਗ ਨੂੰ ਗਲ ਸਮਝਾਉਣ ਤਕ ਹੀ ਮਹਿਦੂਦ ਨਹੀਂ ਬਲਕਿ ਇਹ ਜਜ਼ਬੇ ਦੀ ਵਿਦਿਆ ਵੀ ਹੈ।"

ਗੁਰੂ ਨਾਨਕ ਦੀ ਬਾਣੀ ਕਿਵੇਂ ਸਦਾ ਰਹਿਣ ਵਾਲਾ ਲੋਕ-ਹਿਤੀ ਸੱਚ ਪ੍ਰਗਟ ਕਰਦੀ ਹੈ ਅਤੇ ਕਿਵੇਂ ਬੰਦੇ ਦੀ ਮੁਕੰਮਲ ਢਾਹੀ ਅਤੇ ਮੁੜ-ਉਸਾਰੀ ਦੀ ਲੰਮੀ ਮਨੋਵੇਗਕ ਰੀਹਰਸਲ ਕਰਵਾਉਂਦੀ ਹੈ—ਇਹਨਾਂ ਅਤੇ ਅਜਿਹੇ ਅਨੇਕਾਂ ਹੋਰ ਪ੍ਰਸ਼ਨਾਂ ਨੂੰ ਸਮਝਣ ਲਈ ਇਹ ਪੁਸਤਕ ਅੱਜ ਹੀ ਮੰਗਵਾ ਕੇ ਪੜ੍ਹੋ। ਸਫ਼ੇ 240, ਪਕੀ ਜਿਲਦ, ਮੁੱਲ : 15 ਰੁਪੈ




# ਮੇਰੀ ਜਿੰਦਗੀ ਦੇ ਸਭ ਤੋਂ ਪਿਆਰੇ ਸੁਪਨੇ..



## ਇਹਨਾਂ ਸੁਪਨਿਆਂ ਦਾ ਆਧਾਰ ਹੈ ਪੀ. ਐਸ. ਬੀ.

ਇਨ੍ਹਾਂ ਵਿਚੋਂ ਇਕ ਸੁਪਨਾ ਹੈ ਮੇਰੇ ਬੱਚੇ ਦਾ ਸੁਨਹਿਰਾ ਭਵਿੱਖ। ਪਰ ਸਿਰਫ ਸੁਪਨੇ ਹੀ ਸਭ ਕੁਝ ਨਹੀਂ ਹਨ। ਆਉਣ ਵਾਲੇ ਸਮੇਂ ਲਈ ਬਚੱਤ ਵੀ ਜਰੂਰੀ ਹੈ। ਇਸੇ ਕਰਕੇ ਅਸੀਂ ਪੀ. ਐਸ. ਬੀ. ਦੀ ਨਉ ਨਿਧੀ ਸਕੀਮ ਵਿਚ 37, 243-06 ਰੁਪਏ ਜਮ੍ਹਾਂ ਕਰਾਏ ਹਨ। ਅਤੇ 120 ਮਹੀਨਿਆਂ ਦੇ ਸਮੇਂ ਬਾਅਦ ਸਾਨੂੰ ਇਕ ਲੱਖ ਰੁਪਏ ਵਾਪਸ ਮਿਲਣਗੇ। ਸਾਡੀ ਪੀ. ਐਸ. ਬੀ. ਵਿਚ ਜਮ੍ਹਾਂ ਬੱਚਤ ਸਾਡੇ ਬੱਚੇ ਦੇ ਨਾਲ ਨਾਲ ਵਧਦੀ ਰਹੇਗੀ।

ASP/PSB/202-80A

ਪੀ ਐਸ ਬੀ—ਸੰਪੂਰਨ ਬੈਂਕ ਸੇਵਾ ਦਾ ਪ੍ਰਤੀਕ

ਪੰਜਾਬ ਐਂਡ ਸਿੰਧ ਬੈਂਕ

(ਭਾਰਤ ਸਰਕਾਰ ਦਾ ਇਕ ਅਦਾਰਾ)

SEDH August, 1981
Registered with the Registrar of Newspapers Regd. No. D (SE) 001
for India—Registration No. 23895/72

ਇਸ ਅੰਕ ਵਿਚ :—


- ਆਏ ਇਨਕਲਾਬ ਕੁਰਾਹੇ ਕਿਉਂ ?—25 ਵਿਚਾਰਧਾਰਕ ਜਦੋਂ-ਜਹਿਦ ਵਿਚ ਸਾਹਿਤਕਾਰ ਦਾ ਰੋਲ (ਸਫ਼ਾ 1) — ਕਿਸ਼ਨ ਸਿੰਘ
- ਯੂਨੀਵਰਸਿਟੀਆਂ ਵਿਚ ਪੰਜਾਬੀ ਐਮ. ਏ. ਦੀ ਪੜ੍ਹਾਈ ਦਾ ਮੰਤਵ ਤੇ ਆਦਰਸ਼ (ਸਫ਼ਾ 8) — ਡਾ: ਦਲੀਪ ਕੌਰ ਟਿਵਾਣਾ
- ਪੰਜਾਬੀ ਮਾਧਿਅਮ ਪ੍ਰੀਵਰਤਨ ਅਤੇ ਭਾਸ਼ਾਈ ਸਮੱਸਿਆਵਾਂ (ਸਫ਼ਾ 16) — ਜੁਗਿੰਦਰ ਸਿੰਘ ਪੁਆਰ
- ਪੱਛਮੀ ਆਲੋਚਨਾ ਪ੍ਰਣਾਲੀਆਂ ਅਤੇ ਪੰਜਾਬੀ ਆਲੋਚਨਾ—7 (ਸਫ਼ਾ 29) — ਡਾ: ਰਵਿੰਦਰ ਸਿੰਘ ਰਵੀ
- ਪੁਸਤਕ ਰੀਵੀਉ "ਗੁਆਚੇ ਘਰ ਦੀ ਤਲਾਸ਼" ਜਗਤਾਰ ਢਾਅ (ਸਫ਼ਾ 48) — ਹਿੰਮਤ ਸਿੰਘ ਸੋਢੀ
- ਲੇਖਕ/ਪਾਠਕ ਕਹਿੰਦੇ ਹਨ (ਸਫ਼ਾ 51) — ਤੇਜਵੰਤ ਮਾਨ, ਜਸਪਾਲ ਸਿੰਘ ਮਾਨ, ਗੁਰਮੀਤ ਬਸਰਾਂ


Edited, Printed & Published by Gurvel Singh Pannu, A/42, Defence Colony, New Delhi-110024, Ph. No. 626300 Printed at 'DIMPLE PRINTERS', Guru Nanak Gali, Gandhi Nagar, Delhi-110031